# ਡਿਸਟੈਂਸ ਐਜੂਕੇਸ਼ਨ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਏ. ਭਾਗ ਦੂਜਾ

ਪੰਜਾਬੀ ਲਾਜ਼ਮੀ

ਸਮੈਸਟਰ ਚੌਥਾ

ਮੀਡੀਅਮ : ਪੰਜਾਬੀ

ਯੂਨਿਟ : 1

ਪਾਠ ਨੰ.


1.1 : ਕਾਵਿ ਲਹਿਰਾਂ ਪੁਸਤਕ ਵਿਚ ਸੰਕਲਿਤ ਕਵਿਤਾਵਾਂ ਦਾ ਵਿਸ਼ਾ-ਵਸਤੂ

1.2 : ਕਾਵਿ ਲਹਿਰਾਂ ਪੁਸਤਕ ਵਿਚ ਸੰਕਲਿਤ ਕਵਿਤਾਵਾਂ ਦਾ ਸਾਰ

1.3 : ਕਾਵਿ ਲਹਿਰਾਂ ਪੁਸਤਕ ਵਿਚ ਸੰਕਲਿਤ ਕਵਿਤਾਵਾਂ : ਪ੍ਰਸੰਗ ਸਹਿਤ ਵਿਆਖਿਆ

1.4 : ਕਾਵਿ ਲਹਿਰਾਂ ਪੁਸਤਕ ਤੇ ਅਧਾਰਿਤ ਸੰਖੇਪ ਪ੍ਰਸ਼ਨ-ਉੱਤਰ



**Department website : www.pbidde.org**

ਪਾਠ ਨੰ. 1.1 ਲੇਖਕ: ਪ੍ਰੋ. ਬ੍ਰਹਮਜਗਦੀਸ਼ ਸਿੰਘ

## 1. 'ਕਾਵਿ ਲਹਿਰਾਂ' ਪੁਸਤਕ ਵਿਚ ਸੰਕਲਿਤ ਕਵਿਤਾਵਾਂ ਦਾ ਵਿਸ਼ਾ-ਵਸਤੂ

### ਉਦੇਸ਼

ਇਸ ਪਾਠ ਦਾ ਉਦੇਸ਼ 'ਕਾਵਿ ਲਹਿਰਾਂ' ਵਿਚ ਪ੍ਰਕਾਸ਼ਿਤ ਕਵਿਤਾਵਾਂ ਦੇ ਵਿਸ਼ੇ-ਵਸਤੂ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ। 'ਕਾਵਿ ਲਹਿਰਾਂ' ਵਿਚ ਵੀਹਵੀਂ ਸਦੀ ਦੇ ਮੁਢਲੇ ਆਧੁਨਿਕ ਪੰਜਾਬੀ ਕਵੀ ਭਾਈ ਵੀਰ ਸਿੰਘ ਤੋਂ ਲੈ ਕੇ ਸੁਖਵਿੰਦਰ ਅੰਮ੍ਰਿਤ ਤਕ 17 ਕਵੀਆਂ ਦੀ ਇੱਕ-ਇੱਕ ਲੰਬੀ ਬਿਰਤਾਂਤਕ ਕਵਿਤਾ ਸੰਗ੍ਰਹਿਤ ਹੈ। ਹਰ ਕਵੀ ਨੇ ਆਪਣੇ-ਆਪਣੇ ਅਨੁਭਵ ਦੇ ਅਨੁਸਾਰ ਸਮਕਾਲੀ ਦੁਨੀਆਂ ਦੀਆਂ ਸਮੱਸਿਆਵਾਂ ਅਤੇ ਨਿੱਜੀ ਜੀਵਨ ਦੇ ਸਰੋਕਾਰਾਂ ਨੂੰ ਇਕ-ਦੂਜੇ ਵਿਚ ਅਭੇਦ ਕਰ ਕੇ ਪ੍ਰਕਾਸ਼ਮਾਨ ਕੀਤਾ ਹੈ। ਇਸ ਪ੍ਰਕਾਰ ਵੀਹਵੀਂ ਸਦੀ ਦੇ ਪੰਜਾਬ ਦੀਆਂ ਅਨੇਕ ਤਸਵੀਰਾਂ ਇਸ ਪੁਸਤਕ ਵਿਚ ਰੂਪਮਾਨ ਹੋਈਆਂ ਹਨ, ਜਿਨ੍ਹਾਂ ਦੁਆਰਾ ਪੰਜਾਬ ਦੇ ਨਿਰੰਤਰ ਬਦਲਦੇ ਸਭਿਆਚਾਰ ਦਾ ਇਤਿਹਾਸ ਦੇਖਿਆ-ਸਮਝਿਆ ਜਾ ਸਕਦਾ ਹੈ। ਹਰ ਕਵਿਤਾ ਵਿਚ ਜੀਵਨ ਦਾ ਕੋਈ-ਨਾ-ਕੋਈ ਸਰੋਕਾਰ ਬਿਆਨ ਕੀਤਾ ਜਾਂਦਾ ਹੈ। ਕਵੀ ਨੂੰ ਆਪਣੇ ਸਭਿਆਚਾਰ ਦੇ ਕੁਝ ਪਹਿਲੂ ਆਪਣੇ ਵਲ ਆਕ੍ਰਸ਼ਿਤ ਕਰਦੇ ਹਨ ਅਤੇ ਉਸ ਨੂੰ ਪ੍ਰੇਰਿਤ ਵੀ ਕਰਦੇ ਹਨ ਕਿ ਉਹ ਉਨ੍ਹਾਂ ਬਾਰੇ ਕੋਈ ਟਿੱਪਣੀ ਕਰੇ। ਇਨ੍ਹਾਂ ਪ੍ਰਮੁਖ ਕਵੀਆਂ ਨੇ ਆਪਣੇ ਅਨੁਭਵ ਦੀ ਪ੍ਰਕਿਰਤੀ ਅਨੁਸਾਰ ਪੰਜਾਬ ਦੇ ਇਤਿਹਾਸ ਅਤੇ ਸਭਿਆਚਾਰ ਬਾਰੇ ਬੜੀਆਂ ਅਰਥਪੂਰਨ ਟਿੱਪਣੀਆਂ ਕੀਤੀਆਂ ਹਨ। ਇਨ੍ਹਾਂ ਟਿਪਣੀਆਂ ਦੇ ਵਰਗੀਕਰਣ ਦੁਆਰਾ ਅਸੀਂ ਕਿਸੇ ਕਵਿਤਾ ਦੇ ਵਿਸ਼ੇ-ਵਸਤੂ ਦੀ ਨਿਸ਼ਾਨਦੇਹੀ ਕਰ ਸਕਦੇ ਹਾਂ। ਵਿਚਾਰਧੀਨ ਪਾਠ ਵਿਚ ਅਸੀਂ ਹਰ ਕਵਿਤਾ ਦਾ ਵਿਸ਼ਾ ਵਸਤੂ ਬਿਆਨ ਕਰ ਰਹੇ ਹਾਂ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਪਹਿਲਾਂ ਉਹ ਇਸ ਪਾਠ-ਪੁਸਤਕ ਵਿਚ ਸੰਗ੍ਰਹਿਤ ਹਰ ਕਵਿਤਾ ਦਾ ਪਾਠ ਕਰਨ ਅਤੇ ਬਾਅਦ ਵਿਚ ਵਿਸ਼ੈ-ਵਸਤੂ ਉਪਰ ਨਜ਼ਰਸਾਨੀ ਕਰ ਲੈਣ। ਇਕ ਵਾਰ ਪਾਠ ਪੜ੍ਹ ਲੈਣ ਉਪਰੰਤ ਵਿਦਿਆਰਥੀਆਂ ਨੂੰ ਆਪ ਵੀ ਵਿਸ਼ੈ-ਵਸਤੂ ਲਿਖਣ ਦਾ ਅਭਿਆਸ ਜ਼ਰੂਰ ਕਰਨਾ ਚਾਹੀਦਾ ਹੈ, ਤਾਂ ਹੀ ਉਨ੍ਹਾਂ ਦੀ ਲਿਖਤ ਵਿਚ ਮੌਲਿਕਤਾ ਆ ਸਕੇਗੀ।

### ਰੂਪ ਰੇਖਾ

ਕਿਸੇ ਵੀ ਕਵਿਤਾ ਵਿਚ ਵਿਸ਼ੈ-ਵਸਤੂ ਇਕ ਹੀ ਥਾਂ ਨਹੀਂ ਪਿਆ ਹੁੰਦਾ ਬਲਕਿ ਸਮੁੱਚੀ ਕਵਿਤਾ ਵਿਚ ਫੈਲਿਆ ਹੁੰਦਾ ਹੈ। ਵਿਸ਼ੇ-ਵਸਤੂ ਦੀ ਤਲਾਸ਼ ਵਿਚ ਪਾਠਕ ਨੂੰ ਪੂਰੀ ਕਵਿਤਾ ਦੀਆਂ ਇਕਾਈਆਂ ਅਤੇ ਕੜੀਆਂ ਨੂੰ ਆਪਣੀ ਤਰਤੀਬ ਅਨੁਸਾਰ ਵਿਊਂਤਬੱਧ ਕਰਨਾ ਪੈਂਦਾ ਹੈ। ਕਵੀ ਆਪਣੇ ਹਿਸਾਬ ਨਾਲ ਵਿਸ਼ੈ- ਵਸਤੂ ਦੀਆਂ ਵਿਭਿੰਨ ਕੜੀਆਂ ਨੂੰ ਪੇਸ਼ ਕਰਦਾ ਹੈ ਪਰੰਤੂ ਵਿਆਖਿਆਕਾਰ ਨੇ ਇਸ ਤਰਤੀਬ ਨੂੰ ਇਕ ਤਾਰਕਿਕ ਪ੍ਰਬੰਧ ਵਿਚ ਬੰਨ੍ਹਣਾ ਹੁੰਦਾ ਹੈ। ਕਵਿਤਾ ਵਿਚ ਬਹੁਤ ਸਾਰੀ ਸਾਮਗਰੀ ਭਾਵਾਂ ਦੇ ਨਿਰੂਪਣ ਲਈ ਵਰਤੀ ਜਾਂਦੀ ਹੈ ਤਾਂ ਜੋ ਪਾਠਕਾਂ ਨੂੰ ਪੜ੍ਹਨ ਸਮੇਂ ਆਨੰਦ ਆਵੇ, ਉਨ੍ਹਾਂ ਦੇ ਸੁਹਜ-ਸਵਾਦ ਦੀ ਤ੍ਰਿਪਤੀ ਹੋ ਸਕੇ। ਅਜਿਹੇ ਅੰਸ਼ ਕਾਵਿ ਸਾਮਗਰੀ ਦਾ ਅਜਨਬੀਕਰਣ ਵੀ ਕਰ ਦਿੰਦੇ ਹਨ। ਇਨ੍ਹਾਂ ਨੂੰ ਪਹਿਚਾਣਨ ਅਤੇ ਵਿਸ਼ੈ-ਵਸਤੂ ਦੇ ਸਹਾਇਕ ਅੰਗਾਂ ਵਲੋਂ ਗ੍ਰਹਿਣ ਕਰਨ ਲਈ ਕਾਫ਼ੀ ਅਭਿਆਸ ਦੀ ਜ਼ਰੂਰਤ ਪੈਂਦੀ ਹੈ। ਸਾਨੂੰ ਵਿਸ਼ਵਾਸ ਹੈ ਕਿ ਵਿਦਿਆਰਥੀ ਅਭਿਆਸ ਤੋਂ ਜੀਅ ਨਹੀਂ ਚੁਰਾਉਣਗੇ ਅਤੇ ਆਪ ਵਿਸ਼ੇ-ਵਸਤੂ ਲਿਖਣ ਦਾ ਪ੍ਰਯਤਨ ਕਰਦੇ ਰਹਿਣਗੇ।

### 1. ਅਟਕ: ਭਾਈ ਵੀਰ ਸਿੰਘ

ਭਾਈ ਵੀਰ ਸਿੰਘ ਅਧਿਆਤਮਵਾਦੀ-ਰਹੱਸਵਾਦੀ ਪਰੰਪਰਾ ਦਾ ਇਕ ਸ਼ਿਰੋਮਣੀ ਅਧਿਆਤਮਕ ਕਵੀ ਹੈ। ਉਸ ਦੀਆਂ ਕਵਿਤਾਵਾਂ ਵਿਚ ਗੁਰਮਤਿ ਦਰਸ਼ਨ ਵਲੋਂ ਪ੍ਰਾਪਤ ਗਿਆਨ ਨੂੰ ਆਧੁਨਿਕ ਸੰਦਰਭ ਵਿਚ ਪ੍ਰਕਾਸ਼ਮਾਨ ਕੀਤਾ ਜਾਂਦਾ ਹੈ। ਉਹ ਕਾਲ ਦੀ ਪ੍ਰਵਾਹਮਾਨਤਾ ਨੂੰ ਸਵੀਕਾਰ ਕਰਦਾ ਹੈ। ਬਹੁਤੇ ਕਵੀਆਂ ਵਾਂਗ ਉਹ ਇਸ ਗੱਲ ਉਪਰ ਚਿੰਤਾਤੁਰ ਨਹੀਂ ਹੁੰਦਾ ਕਿ ਸਮਾਂ ਗੁਜ਼ਰ ਰਿਹਾ ਹੈ ਅਤੇ ਇਸ ਦੇ ਗੁਜ਼ਰਨ ਨਾਲ ਮਾਨਵਤਾ

ਨੂੰ ਕੋਈ ਘਾਟਾ ਪੈ ਰਿਹਾ ਹੈ ਬਲਕਿ ਉਹ ਮਨੁੱਖਾਂ ਨੂੰ ਕਾਲ ਦੇ ਹਮ ਕਦਮ ਬਣਨ ਦੀ ਪ੍ਰੇਰਨਾ ਦਿੰਦਾ ਹੈ। ਇਹ ਤੱਥ ਉਸ ਦੇ ਆਸ਼ਾਵਾਦੀ ਹੋਣ ਦਾ ਇਕ ਪ੍ਰਮਾਣ ਪੇਸ਼ ਕਰਦਾ ਹੈ।

'ਅਟਕ' ਕਵਿਤਾ ਪ੍ਰਸ਼ਨ-ਉੱਤਰ ਸ਼ੈਲੀ ਵਿਚ ਲਿਖੀ ਹੋਈ ਹੈ। ਅਧਿਆਤਮਵਾਦੀ ਕਵੀ ਜੀਵਨ ਦੇ ਕੁਝ ਗੂੜ੍ਹ ਰਹੱਸਾਂ ਨੂੰ ਖੋਲ੍ਹਣ ਲਈ ਇਸੇ ਸ਼ੈਲੀ ਦਾ ਪ੍ਰਯੋਗ ਕਰਦੇ ਸਨ। ਇਸ ਕਵਿਤਾ ਵਿਚ ਪ੍ਰਸ਼ਨ ਕਰਤਾ ਅਟਕ ਦਰਿਆ ਨੂੰ ਪੁੱਛਦਾ ਹੈ ਕਿ ਸਦੀਆਂ ਤੋਂ ਪੱਛਮ ਵਲੋਂ ਆਉਣ ਵਾਲੇ ਜਰਵਾਣੇ ਤੈਨੂੰ ਪਾਰ ਕਰ ਕੇ ਭਾਰਤ ਵਰਸ਼ ਉਪਰ ਆਕ੍ਰਮਣ ਕਰਦੇ ਰਹੇ ਪਰ ਤੂੰ ਉਨ੍ਹਾਂ ਵੀ ਨਾ ਅਟਕਾਇਆ। ਫਿਰ ਤੇਰਾ ਨਾਮ 'ਅਟਕ' ਕੈਸਾ? ਤੂੰ ਆਪਣੇ ਨਾਮ ਦੀ ਲਾਜ ਵੀ ਨਹੀਂ ਰੱਖ। ਇਸ ਪ੍ਰਸ਼ਨ ਦਾ ਉੱਤਰ ਦਿੰਦਾ ਹੋਇਆ ਅਟਕ ਕਹਿੰਦਾ ਹੈ ਕਿ ਅਟਕਣਾ ਜੀਵਨ ਦਾ ਦਸਤੂਰ ਨਹੀਂ ਹੈ। ਅਟਕ ਦਾ ਅਰਥ ਮੌਤ ਹੁੰਦਾ ਹੈ। ਜਿਹੜੀ ਚੀਜ਼ ਅਟਕ ਜਾਂਦੀ ਹੈ। ਉਹ ਸਮਝੋ ਮਰ ਜਾਂਦੀ ਹੈ। ਇਸ ਲਈ ਮੈਂ ਨਾ ਤਾਂ ਆਪ ਕਦੇ ਅਟਕਦਾ ਹਾਂ ਅਤੇ ਨਾ ਕਿਸੇ ਹੋਰ ਨੂੰ ਅਟਕਾਉਣ ਦਾ ਯਤਨ ਕਰਦਾ ਹਾਂ। ਮੈਂ ਪ੍ਰਕਿਰਤੀ ਦੇ ਅਟੱਲ ਨਿਯਮ ਵਿਚ ਵਿਘਨ ਨਹੀਂ ਪਾਉਂਦਾ। ਪ੍ਰਕਿਰਤੀ ਵਿਚ ਹਰ ਜੀਵ-ਜੰਤੂ, ਵਣ-ਤ੍ਰਿਣ ਅਤੇ ਨਰ-ਨਾਰੀ ਤੁਰੇ ਰਹਿੰਦੇ ਹਨ। ਇਸ ਦੁਨੀਆਂ ਦਾ ਮਾਡਲ ਤਬਦੀਲੀ ਅਤੇ ਵਿਕਾਸ ਹੈ। ਇਸ ਲਈ ਕੋਈ ਵੀ ਚੀਜ਼ ਰੁਕ ਨਹੀਂ ਸਕਦੀ।

ਅਟਕ ਸਮਝਾਉਂਦਾ ਹੈ ਕਿ ਮੈਂ ਇਕ ਬੁੱਧਹੀਣ ਦਰਿਆ ਹਾਂ ਪਰ ਫਿਰ ਵੀ ਆਪਣੇ ਫਰਜ਼ ਨੂੰ ਪਹਿਚਾਣਦਾ ਹਾਂ। ਮੈਂ ਬੁੱਧੀਮਾਨ ਬੰਦਿਆ ਨੂੰ ਨਹੀਂ ਅਟਕਾ ਸਕਦਾ। ਪਰ ਤੁਸੀਂ ਤਾਂ ਇਨਸਾਨ ਸੀ। ਤੁਸੀਂ ਜ਼ਾਲਮ ਅਤੇ ਧੱਕੇਸ਼ਾਹ ਹਮਲਾਵਰਾਂ ਨੂੰ ਅਟਕ ਪਾ ਸਕਦੇ ਸੀ। ਅਟਕ ਪਾਉਣ ਲਈ ਮੇਲ, ਬਲ ਅਤੇ ਸਾਹਸ, ਇੰਨਾ ਤਿੰਨਾਂ ਗੁਣਾਂ ਦੀ ਜ਼ਰੂਰਤ ਹੁੰਦੀ ਹੈ, ਜੋ ਤੁਹਾਡੇ ਵਿਚ ਤਾਂ ਸਨ ਪਰ ਮੇਰੇ ਵਿਚ ਨਹੀਂ ਹਨ। ਫਿਰ ਮੈਂ ਇਹ ਕੰਮ ਕਿਵੇਂ ਕਰ ਸਕਦਾ ਸਾਂ? ਤੁਹਾਨੂੰ ਮੇਰੇ ਤੋਂ ਇਹ ਆਸ਼ਾ ਹੀ ਨਹੀਂ ਸੀ ਰੱਖਣੀ ਚਾਹੀਦੀ। ਇਹ ਕੰਮ ਤੁਹਾਡਾ ਸੀ। ਜੇ ਤੁਹਾਡੇ ਵਿਚ ਵਿਕਾਸ ਕਰਨ ਦੀ ਹਿੰਮਤ ਹੁੰਦੀ, ਤੁਸੀਂ ਅੱਗੇ ਵਧਣ ਦਾ ਯਤਨ ਜਾਰੀ ਰਖਦੇ ਤਾਂ ਹਮਲਾਵਰਾਂ ਨੇ ਆਪੇ ਅਟਕ ਜਾਣਾ ਸੀ, ਅਟਕੇ ਰਹਿਣਾ ਸੀ ਪਰ ਤੁਸੀਂ ਤਾਂ ਸੁੰਗੜ ਕੇ ਰਹਿ ਗਏ। ਇਸ ਕਾਰਨ ਹੋਰ ਕੌਮਾਂ ਅੱਗੇ ਵਧ ਆਈਆਂ ਅਤੇ ਉਨ੍ਹਾਂ ਨੇ ਤੁਹਾਡੇ ਦੇਸ਼ ਉਪਰ ਕਬਜ਼ਾ ਕਰ ਲਿਆ। ਤੁਹਾਨੂੰ ਗੁਲਾਮ ਬਣਾ ਲਿਆ। ਜਿਹੜੀਆਂ ਕੌਮਾਂ ਵਿਚ ਨਿਰੰਤਰ ਵਿਕਾਸ ਕਰਦੇ ਰਹਿਣ ਦੀ ਭਾਵਨਾ ਜੀਵਿਤ ਨਹੀਂ ਰਹਿੰਦੀ, ਉਨ੍ਹਾਂ ਨਾਲ ਇਵੇਂ ਹੁੰਦਾ ਆਇਆ ਹੈ ਅਤੇ ਇਵੇਂ ਹੁੰਦਾ ਰਹੇਗਾ। ਸੋ ਇਨਸਾਨ ਨੂੰ ਕਦੇ ਵੀ ਅਟਕਣਾ ਨਹੀਂ ਚਾਹੀਦਾ ਬਲਕਿ ਅਗੇ ਵਧਣ ਦਾ ਸੰਕਲਪ ਜੀਵਿਤ ਰਖਣਾ ਚਾਹੀਦਾ ਹੈ। ਫਿਰ ਉਸ ਦੇ ਵਿਕਾਸ ਅਤੇ ਪ੍ਰਗਤੀ ਨੂੰ ਕੋਈ ਲੁਟੇਰਾ ਜਾਂ ਹਮਲਾਵਰ ਕਦੇ ਅਟਕਾ ਨਹੀਂ ਸਕਦਾ। ਸਮੇਂ ਦਾ ਹਾਣੀ ਅਤੇ ਵਿਕਾਸ ਕਰਦੇ ਰਹਿਣਾ ਹੀ ਪ੍ਰਕਿਰਤੀ ਦਾ ਅਟੱਲ ਨਿਯਮ ਹੈ ਅਤੇ ਇਹ ਹਰ ਦੇਸ਼ ਤੇ ਕੌਮ ਉਪਰ ਲਾਗੂ ਹੁੰਦਾ ਹੈ।

## 2. ਮੁੱਲ ਪਾ ਤੂੰ ਆਪਣਾ: ਪ੍ਰੋ. ਪੂਰਨ ਸਿੰਘ

ਪ੍ਰੋ. ਪੂਰਨ ਸਿੰਘ ਪੰਜਾਬ ਦਾ ਇਕ ਅਲਬੇਲਾ ਸ਼ਾਇਰ ਸੀ। ਉਸ ਨੂੰ ਚੜ੍ਹਦੀ ਜਵਾਨੀ ਵਿਚ ਹੀ ਦੇਸ਼-ਵਿਦੇਸ਼ ਘੁੰਮਣ ਦਾ ਮੌਕਾ ਮਿਲ ਗਿਆ ਸੀ। ਇਸ ਲਈ ਉਸ ਦਾ ਅਨੁਭਵ ਬਹੁਤ ਵਿਸ਼ਾਲ ਹੋ ਗਿਆ ਸੀ। ਉਸ ਦੀ ਪੜ੍ਹਾਈ ਜਾਪਾਨ ਵਿਚ ਮੁਕੰਮਲ ਹੋਈ, ਜੋ ਇਕ ਆਜ਼ਾਦ ਦੇਸ਼ ਸੀ। ਉਥੇ ਜਾ ਕੇ ਉਸ ਨੂੰ ਇਹ ਅਨੁਭਵ ਹੋਇਆ ਕਿ ਸੁਤੰਤਰਤਾ, ਮਨੁੱਖੀ ਜੀਵ ਦੀ ਇਕ ਵੱਡੀ ਪ੍ਰਾਪਤੀ ਹੁੰਦੀ ਹੈ। ਉਸ ਨੇ ਇਹ ਵੀ ਮਹਿਸੂਸ ਕਰ ਲਿਆ ਸੀ ਕਿ ਭਾਰਤੀ ਲੋਕ ਆਪਣੀ ਗ਼ੁਲਾਮੀ ਨਾਲ ਸੰਤੁਸ਼ਟ ਹਨ। ਗ਼ੁਲਾਮੀ ਨੂੰ ਉਨ੍ਹਾਂ ਨੇ ਆਪਣੀ ਕਿਸਮਤ, ਆਪਣੀ ਹੋਣੀ ਮੰਨ ਲਿਆ ਹੈ। ਉਹ ਸੋਚਦੇ ਹਨ ਕਿ ਉਹ ਅੰਗਰੇਜ਼ਾਂ ਨਾਲੋਂ ਘਟੀਆ ਹਨ, ਇਸੇ ਲਈ ਉਹ ਗ਼ੁਲਾਮ ਹਨ। ਉਹ ਆਪਣੀ ਸੰਭਾਵਨਾਵਾਂ ਨੂੰ ਪਹਿਚਾਣਦੇ ਹੀ ਨਹੀਂ ਹਨ। ਇਸ ਭਾਵਨਾ ਨੂੰ ਦੂਰ ਕਰਨ ਲਈ ਪ੍ਰੋ. ਪੂਰਨ ਸਿੰਘ ਨੇ ਪੂਰੀ ਸਿਦਕਦਿਲੀ ਨਾਲ ਇਹ ਨਾਅਰਾ ਬੁਲੰਦ ਕੀਤਾ: ਸੁਹਣਿਆ! ਮੁੱਲ ਪਾ ਤੂੰ ਆਪਣਾ।

ਜਾਪਾਨ ਵਿਚ ਜਾਣ ਪਿਛੋਂ ਕੁਝ ਸਮਾਂ ਉਹ ਇਕ ਬੋਧੀ ਭਿਕਸ਼ੂ ਬਣ ਗਿਆ, ਫਿਰ ਉਹ ਸੁਆਮੀ ਰਾਮ ਤੀਰਥ ਦੇ ਪ੍ਰਭਾਵ ਅਧੀਨ ਵੇਦਾਂਤੀ ਸਾਧੂ ਬਣ ਗਿਆ ਅਤੇ ਭਾਰਤ ਵਿਚ ਆ ਕੇ ਵੇਦਾਂਤ ਦਾ ਪ੍ਰਚਾਰ ਕਰਦਾ ਰਿਹਾ। ਇਕ ਸਿਖ ਐਜੂਕੇਸ਼ਨਲ ਕਾਨਫਰੰਸ ਵਿਚ ਉਸਦਾ ਮੇਲ ਭਾਈ ਵੀਰ ਸਿੰਘ ਨਾਲ ਹੋਇਆ ਤਾਂ ਉਹ

ਦੋਬਾਰਾ ਗੁਰਸਿੱਖ ਬਣ ਗਿਆ। ਵੱਖ-ਵੱਖ ਕਰਮਾਂ ਦੇ ਚੋਲੇ ਉਸ ਦੀ ਸੁਤੰਤਰਤਾ ਅਤੇ ਸ੍ਵੈਚੋਣ ਦੇ ਪ੍ਰਤੀਕ ਬਣੇ, ਬੰਧਨ ਨਹੀਂ। ਉਸ ਨੇ ਆਪਣੇ ਅੰਦਰਲੇ ਗੌਰਵਮਈ ਇਨਸਾਨ ਨੂੰ ਪਹਿਚਾਣ ਲਿਆ ਸੀ। ਉਹ ਇਹ ਵੀ ਜਾਣਦਾ ਸੀ ਕਿ ਪ੍ਰਕਿਰਤੀ ਅਤੇ ਪਰਮਾਤਮਾ ਨੇ ਹਰ ਮਨੁੱਖ ਨੂੰ ਅਨੇਕ ਸੰਭਾਵਨਾਵਾਂ ਨਾਲ ਮਾਲਾਮਾਲ ਕਰ ਰੱਖਿਆ ਹੈ ਪਰ ਇਸ ਅਮੀਰੀ ਦਾ ਉਸ ਨੂੰ ਇਲਮ ਨਹੀਂ ਹੈ। ਇਸੇ ਲਈ ਉਹ ਨਿਰਾਸ਼ਾ ਅਤੇ ਹੀਣਤਾ ਦੀ ਦਲਦਲ ਵਿਚ ਫਸੇ ਹਿੰਦੁਸਤਾਨੀ ਯੁਵਕਾਂ ਨੂੰ ਹਿਲੂਣ ਕੇ ਜਗਾਉਂਦਾ ਹੈ ਅਤੇ ਆਪਣੇ ਜੀਵਨ ਦਾ ਮੁੱਲ ਪਾਉਣ, ਇਸ ਉਪਰ ਮਾਣ ਕਰਨ ਦਾ ਹਿਦਾਇਤ ਕਰਦਾ ਹੈ।

ਉਹ ਨੌਜਵਾਨਾਂ ਨੂੰ ਬਦਲਣਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਬੁੱਢੇ ਅਤੇ ਅਧਖੜ ਲੋਕਾਂ ਵਿਚ ਤਬਦੀਲੀ ਦੀਆਂ ਸੰਭਾਵਨਾਵਾਂ ਨਹੀਂ ਰਹਿੰਦੀਆਂ। ਉਨ੍ਹਾਂ ਦੀਆਂ ਹੱਡੀਆਂ ਨੂੰ ਘੁਣ ਲੱਗ ਜਾਂਦਾ ਹੈ। ਉਨ੍ਹਾਂ ਵਿਚ ਤਬਦੀਲੀ ਦੀ ਗੁੰਜ਼ਾਇਸ਼ ਹੀ ਨਹੀਂ ਰਹਿੰਦੀ। ਪਰ ਨੌਜਵਾਨ ਸੱਜਰੇ ਅਤੇ ਨਰੋਏ ਹੁੰਦੇ ਹਨ। ਉਨ੍ਹਾਂ ਦੀ ਜੀਵਨ-ਸ਼ੈਲੀ ਨੂੰ ਪ੍ਰੇਰਨਾ ਨਾਲ ਬਦਲਿਆ ਜਾ ਸਕਦਾ ਹੈ। ਇਸ ਲਈ ਕਵੀ ਉਨ੍ਹਾਂ ਨੂੰ ਹੀਣਤਾ, ਨਿਰਾਸ਼ਾ ਅਤੇ ਉਦਾਸੀ ਦੇ ਮਾਹੌਲ ਵਿਚੋਂ ਬਾਹਰ ਨਿਕਲ ਕੇ ਨਵੀਂ ਜੀਵਨ-ਸ਼ੈਲੀ ਅਪਣਾਉਣ ਦਾ ਸੰਦੇਸ਼ ਦਿੰਦਾ ਹੈ। ਸੁਤੰਤਰਤਾ ਅਤੇ ਸ੍ਵੈਮਾਨ ਦਾ ਸਬਕ ਪੜ੍ਹਾਉਂਦਾ ਹੈ।

ਕਵੀ ਨੂੰ ਇਸ ਗੱਲ ਦਾ ਗਿਲਾ ਸੀ ਕਿ ਬਹੁਤੇ ਨੌਜਵਾਨਾਂ ਦਾ ਜੀਵਨ ਵਿਚ ਕੋਈ ਆਦਰਸ਼ ਨਹੀਂ ਹੁੰਦਾ। ਉਹ ਰੋਜ਼-ਮਰ੍ਹਾਂ ਦੇ ਛੋਟੇ ਮੋਟੇ ਕੰਮਾਂ ਅਤੇ ਦਿਲ ਪਰਚਾਵਿਆਂ ਵਿਚ ਹੀ ਮਸਤ ਰਹਿੰਦੇ ਹਨ ਅਤੇ ਇਸੇ ਤਰ੍ਹਾਂ ਵੱਡੇ ਬਜ਼ੁਰਗ ਹੋ ਕੇ ਮਰ ਜਾਂਦੇ ਹਨ। ਕਵੀ ਦਾ ਵਿਚਾਰ ਸੀ ਕਿ ਹਰ ਬੰਦੇ ਦਾ ਕੋਈ ਲਕਸ਼ (ਉਦੇਸ਼) ਜ਼ਰੂਰ ਹੋਣਾ ਚਾਹੀਦਾ ਹੈ। ਉਸ ਨੂੰ ਕਿਸੇ ਦੀ ਨਕਲ ਨਹੀਂ ਕਰਨੀ ਚਾਹੀਦੀ ਕਿਉਂਕਿ ਰੱਬ ਨੇ ਹਰ ਬੰਦੇ ਨੂੰ ਵਿਲੱਖਣ ਅਤੇ ਨਿਆਰਾ ਬਣਾਇਆ ਹੈ। ਉਸ ਨੂੰ ਆਪਣੇ ਨਿਆਰੇਪਣ ਉਪਰ ਮਾਣ ਕਰਨਾ ਚਾਹੀਦਾ ਹੈ। ਕਿਸੇ ਅੱਗੇ ਹੱਥ ਨਹੀਂ ਪਸਾਰਨੇ ਚਾਹੀਦੇ। ਵੱਡੇ ਆਦਮੀ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਉਹ ਕਦੇ ਕਿਸੇ ਤੋਂ ਕੁਝ ਮੰਗਦਾ ਨਹੀਂ ਬਲਕਿ ਦਿੰਦਾ ਹੈ। ਜਿਹੜੇ ਬੰਦੇ ਛੋਟੀਆਂ-ਛੋਟੀਆਂ ਗਰਜ਼ਾਂ ਦੀ ਪੂਰਤੀ ਲਈ ਦੂਜੇ ਲੋਕਾਂ ਸਾਹਵੇਂ ਝੁਕਣਾ ਸਿੱਖ ਜਾਂਦੇ ਹਨ, ਉਹ ਕਦੇ ਵੱਡੇ ਨਹੀਂ ਬਣ ਸਕਦੇ। ਛੇਤੀ ਹੀ ਉਹ ਗ਼ੁਲਾਮ ਹੋ ਜਾਂਦੇ ਹਨ। ਇਸ ਲਈ ਸੁਤੰਤਰਤਾ ਅਤੇ ਸ੍ਵੈਮਾਨ ਨਾਲ ਰਹਿਣਾ ਹੀ ਹਰ ਇਨਸਾਨ ਦਾ ਆਦਰਸ਼ ਹੋਣਾ ਚਾਹੀਦਾ ਹੈ। ਪਰ ਇਸ ਗੱਲ ਦਾ ਇਲਮ ਉਸ ਨੂੰ ਤਾਂ ਹੀ ਹੋਵੇਗਾ, ਜੇ ਉਹ ਆਪਣੇ ਜੀਵਨ ਦਾ ਮੁੱਲ ਪਾਉਣਾ ਸਿੱਖ ਲਵੇਗਾ।

## 3. ਫੇਰ ਪਾਰੋ ਨੇ ਕਿਹਾ: ਬਾਵਾ ਬਲਵੰਤ

ਬਾਵਾ ਬਲਵੰਤ ਪੰਜਾਬੀ ਦਾ ਪ੍ਰਸਿੱਧ ਕ੍ਰਾਂਤੀਕਾਰੀ ਅਤੇ ਪ੍ਰਗਤੀਸ਼ੀਲ ਕਵੀ ਹੈ। ਉਸ ਨੇ ਇਹ ਅਨੁਭਵ ਕਰ ਲਿਆ ਸੀ ਕਿ ਇਨਕਲਾਬ ਲਿਆਉਣ ਤੋਂ ਬਿਨਾਂ ਕਿਰਤੀਆਂ ਅਤੇ ਕਿਸਾਨਾਂ ਦੀ ਹੋਣੀ ਨੂੰ ਬਦਲਿਆ ਨਹੀਂ ਜਾ ਸਕਦਾ। ਜਿਨ੍ਹਾਂ ਦਿਨਾਂ ਵਿਚ ਉਹ ਜਵਾਨ ਹੋ ਰਿਹਾ ਸੀ, ਅੰਮ੍ਰਿਤਸਰ ਪੰਜਾਬ ਦੀਆਂ ਰਾਜਸੀ ਸਰਗਰਮੀਆਂ ਦਾ ਇਕ ਵਡਾ ਕੇਂਦਰ ਬਣ ਚੁੱਕਾ ਸੀ। ਉਸ ਨੇ ਆਪ ਵੀ ਇਨ੍ਹਾਂ ਸਰਗਰਮੀਆਂ ਵਿਚ ਭਾਗ ਲਿਆ ਸੀ, ਜਲ੍ਹਿਆਂਵਾਲੇ ਬਾਗ਼ ਵਿਚ ਅੰਗਰੇਜ਼ਾਂ ਵਲੋਂ ਪੰਜਾਬੀਆਂ ਦੇ ਕੀਤੇ ਨਰ-ਸੰਘਾਰ ਦੇ ਕਾਰਨ ਉਹ ਅੰਗਰੇਜ਼ ਸਾਮਰਾਜ ਦਾ ਕੱਟੜ ਵਿਰੋਧੀ ਬਣ ਗਿਆ ਸੀ। 'ਫੇਰ ਪਾਰੋ ਨੇ ਕਿਹਾ' ਵਿਚ ਉਹ ਸਾਮਰਾਜੀਆਂ ਦੀਆਂ ਸਾਜਿਸ਼ਾਂ ਦੇ ਵਿਰੁੱਧ ਆਪਣੇ ਪਾਠਕਾਂ ਨੂੰ ਸੁਚੇਤ ਕਰਦਾ ਹੈ।

ਇਹ ਕਵਿਤਾ ਇਕ ਪੌਰਾਣਿਕ ਪ੍ਰਸੰਗ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਪਾਰਬਤੀ ਦੇਵੀ ਆਪਣੇ ਪਤੀ ਸ਼ਿਵ ਜੀ ਨੂੰ ਜਾਗ੍ਰਿਤ ਕਰਦੀ ਹੈ ਅਤੇ ਕਹਿੰਦੀ ਹੈ ਕਿ ਉਹ ਆਪਣਾ ਤੀਜਾ ਨੇਤਰ ਖੋਲ੍ਹ ਕੇ ਜ਼ਾਲਮਾਂ ਨੂੰ ਭਸਮ ਕਰ ਦੇਵੇ। ਇਸ ਕਵਿਤਾ ਵਿਚ ਪਾਰੋ (ਪਾਰਬਤੀ) ਇਕ ਕਿਸਾਨ-ਪਤਨੀ ਹੈ। ਨਵੇਂ ਯੁਗ ਵਿਚ ਉਸ ਨੇ ਨਵਾਂ ਅਵਤਾਰ ਲੈ ਲਿਆ। ਇਸ ਯੁਗ ਵਿਚ ਰਾਕਸ਼ ਲੋਕ ਜ਼ੁਲਮ ਨਹੀਂ ਕਰ ਰਹੇ ਬਲਕਿ ਸਾਮਰਾਜੀ ਦੇਸ਼, ਭਾਰਤ ਵਰਗੇ ਗ਼ਰੀਬ ਦੇਸ਼ਾਂ ਉਪਰ ਜ਼ੁਲਮ ਕਰ ਰਹੇ ਹਨ। ਪਾਰੋ, ਸ਼ਿਵ ਨੂੰ ਸੁਚੇਤ ਕਰਦੀ ਹੈ ਕਿ ਸਾਮਰਾਜੀਆਂ ਨੇ ਉਸ ਦੇਸ਼ ਉਪਰ ਹਮਲਾ ਕਰ ਕੇ ਇਸ ਨੂੰ ਗ਼ੁਲਾਮ ਬਣਾ ਲੈਣਾ ਹੈ। ਉਸ ਸੂਰਤ ਵਿਚ ਕਿਸਾਨਾਂ ਦੇ ਖੇਤਾਂ ਉਪਰ ਵੀ ਸਾਮਰਾਜੀਆਂ ਦਾ ਕਬਜ਼ਾ ਹੋ ਜਾਣਾ ਹੈ। ਉਹੀ ਫੈਸਲਾ ਕਰਨਗੇ ਕਿ ਕਿਸਾਨ ਆਪਣੇ ਖੇਤਾਂ ਵਿਚ ਕਿਹੜੀਆਂ ਫਸਲਾਂ ਬੀਜਣ, ਕਿਹੜੀਆਂ ਨਾ ਬੀਜਣ। ਇਹ ਕਿਸਾਨ ਅਤੇ ਮਜ਼ਦੂਰ ਭੁੱਖੇ ਮਰ ਜਾਣਗੇ। ਅੰਗਰੇਜ਼ ਸ਼ਾਸ਼ਕ

ਪੰਜਾਬ, ਉੱਤਰ-ਪ੍ਰਦੇਸ਼, ਬਿਹਾਰ ਅਤੇ ਬੰਗਾਲ ਵਿਚ ਇਹੀ ਕੁਝ ਕਰ ਰਹੇ ਸਨ। ਪਾਰੋ ਉਸ ਨੂੰ ਸਾਵਧਾਨ ਕਰਦੀ ਹੈ ਕਿ ਜੇ ਉਹ ਭਗਤੀ ਹੀ ਕਰਦਾ ਰਹੇਗਾ ਤਾਂ ਅੰਗਰੇਜ਼ ਲੋਕਾਂ ਨੂੰ ਰੋਕਣ ਵਾਲਾ ਕੋਈ ਨਹੀਂ ਰਹੇਗਾ। ਫਿਰ ਉਹ ਆਪਣੀ ਮਨਮਾਨੀ ਕਰਨਗੇ।

ਕਵੀ ਇਹ ਵੀ ਕਹਿੰਦਾ ਹੈ ਕਿ ਹਰ ਆਦਮੀ ਹੀ ਸ਼ਿਵ ਜੀ ਵਰਗਾ ਬਲਵਾਨ ਅਤੇ ਸਗਲ-ਸਮਰੱਥ ਬਣ ਸਕਦਾ ਹੈ, ਜੇ ਉਹ ਆਪਣੀ ਤੀਜੀ ਅੱਖ ਖੋਲ੍ਹਣੀ ਸਿਖ ਲਵੇ। ਇਨਸਾਨ ਦੀਆਂ ਦੋਵੇਂ ਅੱਖਾਂ ਵਰਤਮਾਨ ਦੀਆਂ ਛੋਟੀਆਂ-ਮੋਟੀਆਂ ਲੋੜਾਂ ਉਪਰ ਹੀ ਟਿਕੀਆਂ ਰਹਿੰਦੀਆਂ ਹਨ। ਤੀਜੀ ਅੱਖ ਭਵਿੱਖ ਦਰਸ਼ੀ ਹੁੰਦੀ ਹੈ। ਜਿਹੜਾ ਬੰਦਾ ਆਪਣੇ ਵਰਤਮਾਨ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਜਾਗਰੂਕ ਹੋ ਕੇ ਆਪਣ ਭਵਿੱਖ ਦਾ ਅਨੁਮਾਨ ਲਾਉਣਾ ਸਿੱਖ ਲੈਂਦਾ ਹੈ ਅਤੇ ਭਵਿੱਖਮੁਖੀ ਯੋਜਨਾਵਾ ਬਣਾ ਸਕਦਾ ਹੈ, ਉਹ ਸਮਝੋ ਸ਼ਿਵ ਜੀ ਦਾ ਹੀ ਰੂਪ ਬਣ ਜਾਂਦਾ ਹੈ। ਉਹ ਕਦੇ ਵੀ ਗ਼ੁਲਾਮ ਜਾਂ ਮੋਹਤਾਜ ਨਹੀਂ ਹੋ ਸਕਦਾ। ਕਵੀ ਅਨੁਸਾਰ:

ਅੱਖ ਜਦ ਹੈਵਾਨ ਦੀ ਖੁਲ੍ਹ ਜਾਏ ਇਹ
ਉਹ ਵੀ ਬਣ ਜਾਂਦਾ ਹੈ ਕਾਮਲ ਆਦਮੀ,
ਆਦਮੀ ਬਣਦਾ ਏ ਇਸ ਤੋਂ ਦੇਵਤਾ।

ਪਾਰੋ ਦਾ ਸੰਦੇਸ਼ ਸੁਣ ਕੇ ਸ਼ਿਵ ਜੀ ਦੀ ਤੀਸਰੀ ਅੱਖ ਖੁਲ੍ਹ ਜਾਂਦੀ ਹੈ। ਉਹ ਕਹਿੰਦਾ ਹੈ ਕਿ ਮੈਂ ਹੁਣ ਜਾਗ ਪਿਆ ਹਾਂ। ਮੇਰੇ ਵਰਗੇ ਹੋਰ ਵੀ ਅਨੇਕ ਲੋਕ ਸਾਵਧਾਨ ਹੋ ਗਏ ਹਨ। ਇਸ ਲਈ ਹੁਣ ਉਸ ਦੇ ਦੇਸ਼ ਅਤੇ ਖੇਤਾਂ ਉਪਰ ਕੋਈ ਵੀ ਕਬਜ਼ਾ ਨਹੀਂ ਕਰ ਸਕੇਗਾ। ਕਵੀ ਅਨੁਸਾਰ ਔਰਤ ਜਗਤ-ਜਨਨੀ ਹੋਣ ਦੇ ਨਾਲ-ਨਾਲ ਜਗਤ ਦਾ ਕਲਿਆਣ ਕਰਨ ਵਾਲੀ ਇਕ ਮਹਾਂਸ਼ਕਤੀ ਹੈ। ਜੇ ਉਹ ਚਾਹੇ ਤਾਂ ਨਰਕ ਨੂੰ ਵੀ ਸਵਰਗ ਵਿਚ ਤਬਦੀਲ ਕਰ ਸਕਦੀ ਹੈ। ਉਸ ਦੀਆਂ ਗੱਲਾਂ ਉਪਰ ਅਮਲ ਕਰਨਾ ਇਨਸਾਨੀਅਤ ਦੇ ਭਵਿੱਖ ਨੂੰ ਸੁਨਹਿਰੀ ਬਣਾਉਣਾ ਹੈ।

## 4. ਅੰਬੀ ਦੇ ਬੂਟੇ ਥੱਲੇ: ਪ੍ਰੋ. ਮੋਹਨ ਸਿੰਘ

ਇਸ ਕਵਿਤਾ ਦਾ ਵਿਸ਼ਾ-ਵਸਤੂ ਇਕ ਫ਼ੌਜੀ ਸਿਪਾਹੀ ਦੀ ਸੱਜ-ਵਿਆਹੀ ਪਤਨੀ ਦੀਆਂ ਯਾਦਾਂ ਅਤੇ ਖੁਸ਼ੀਆਂ ਦੇ ਆਲੇ-ਦੁਆਲੇ ਘੁੰਮਦਾ ਹੈ। ਵੀਹਵੀਂ ਸਦੀ ਦੇ ਪਹਿਲੇ ਅੱਧ ਵਿਚ ਭਾਰਤ ਅੰਗਰੇਜ਼ਾਂ ਦੇ ਅਧੀਨ ਸੀ ਅਤੇ ਇਸ ਦੌਰਾਨ ਦੋ ਵਿਸ਼ਵ-ਯੁੱਧ ਛਿੜੇ ਸਨ। ਇਨ੍ਹਾਂ ਯੁੱਧਾਂ ਵਿਚ ਪੰਜਾਬ ਦੇ ਬਹੁਤ ਸਾਰੇ ਨੌਜਵਾਨ ਭਰਤੀ ਹੋ ਕੇ ਅੰਗਰੇਜ਼ਾਂ ਵਲੋਂ ਜਰਮਨੀ ਅਤੇ ਹੋਰ ਤਾਨਾਸ਼ਾਹ ਦੇਸ਼ਾਂ ਦੇ ਵਿਰੁੱਧ ਡਟ ਕੇ ਲੜੇ ਸਨ। ਪੰਜਾਬ ਵਿਚ ਕਿਸਾਨਾਂ ਅਤੇ ਕਿਰਤੀਆਂ ਦੀ ਆਰਥਿਕ ਦਸ਼ਾ ਚੰਗੀ ਨਹੀਂ ਸੀ। ਇਸ ਕਾਰਨ ਉਹ ਭਰਤੀ ਹੋ ਕੇ ਹਰ ਮਹੀਨੇ ਮਿਲਣ ਵਾਲੀ ਤਨਖਾਹ ਨਾਲ ਖੁਸ਼ ਹੋ ਜਾਂਦੇ ਸਨ। ਇਨ੍ਹਾਂ ਫੌਜੀਆਂ ਨੂੰ ਸਾਲ ਵਿਚ ਮਸਾਂ ਇਕ ਵਾਰ ਛੁੱਟੀ ਮਿਲਦੀ ਸੀ। ਜੰਗ ਦੇ ਦਿਨਾਂ ਵਿਚ ਤਾਂ ਕਈ-ਕਈ ਵਰ੍ਹੇ ਛੁੱਟੀ ਨਹੀਂ ਸੀ ਮਿਲਦੀ। ਇਸ ਲਈ ਫੌਜੀਆਂ ਦੀਆਂ ਪਤਨੀਆਂ ਆਪਣੇ ਪਤੀਆਂ ਦੀ ਯਾਦ ਵਿਚ ਵੈਰਾਗੀਆਂ ਰਹਿੰਦੀਆਂ ਸਨ। ਜਦੋਂ ਵੀ ਉਨ੍ਹਾਂ ਨੂੰ ਛੁੱਟੀ ਮਿਲਣੀ ਤਾਂ ਉਹ ਰੱਜ-ਰੱਜ ਕੇ ਆਪਣੇ ਚਾਅ ਪੂਰੇ ਕਰਦੀਆਂ ਸਨ। ਛੁੱਟੀ ਖ਼ਤਮ ਹੋਣ ਤੋਂ ਬਾਅਦ ਜਦੋਂ ਉਹ ਆਪਣੀ ਯੂਨਿਟ ਵਿਚ ਵਾਪਸ ਚਲੇ ਜਾਂਦੇ ਤਾਂ ਪਤਨੀਆਂ ਪੇਕੇ ਘਰ ਚਲੀਆਂ ਜਾਂਦੀਆਂ ਸਨ ਅਤੇ ਉਥੇ ਰਹਿ ਕੇ ਵਿਛੋੜੇ ਦੇ ਦਿਨਾਂ ਨੂੰ ਮਸਾਂ ਪੂਰੇ ਕਰਦੀਆਂ ਸਨ।

'ਅੰਬੀ ਦੇ ਬੂਟੇ ਥੱਲੇ' ਵਿਚ ਵੀ ਇਕ ਇਹੋ ਜਿਹਾ ਬਿਰਤਾਂਤ ਹੀ ਪੇਸ਼ ਹੋਇਆ ਹੈ। ਫੌਜੀ ਦੀ ਪਤਨੀ ਆਪਣੇ ਘਰ ਇਕੱਲੀ ਬੈਠੀ ਆਪਣੇ ਪਤੀ ਨੂੰ ਯਾਦ ਕਰ ਰਹੀ ਹੈ। ਕਈ ਯਾਦਾਂ ਨੇ ਉਸ ਨੂੰ ਘੇਰਾ ਪਾ ਰੱਖਿਆ ਹੈ। ਉਸ ਨੂੰ ਯਾਦ ਆਉਂਦਾ ਹੈ ਕਿ ਜਦੋਂ ਪਤੀ ਘਰ ਹੁੰਦਾ ਸੀ ਤਾਂ ਉਹ ਕਿਵੇਂ ਹਾਰ-ਸ਼ਿੰਗਾਰ ਲਾਉਂਦੀ ਸੀ। ਪਤੀ ਉਸ ਦੇ ਸਾਹਮਣੇ ਬੈਠ ਕੇ ਉਸ ਨੂੰ ਵੇਖਦਾ ਰਹਿੰਦਾ ਅਤੇ ਇਧਰ-ਉਧਰ ਦੀਆਂ ਗੱਲਾਂ ਸੁਣਾਉਂਦਾ ਰਹਿੰਦਾ। ਇਕ ਦਿਨ ਉਸ ਨੂੰ ਊਂਘ ਆ ਗਈ। ਉਸ ਦੀ ਅੱਖ ਲੱਗ ਗਈ। ਪਤਨੀ ਨੂੰ ਸ਼ਰਾਰਤ ਸੁੱਝੀ। ਉਸ ਨੇ ਚਰਖੇ ਨਾਲੋਂ ਕਾਲਖ ਲਾਹ ਕੇ ਉਸ ਦੇ ਮੱਥੇ ਉਪਰ ਇਕ ਕਾਲਾ ਟਿੱਕਾ ਲਾ ਦਿੱਤਾ। ਫਿਰ ਉਹ ਉੱਚੀ-ਉੱਚੀ ਹੱਸਣ ਲੱਗ ਪਈ। ਹਾਸੇ ਦੀ ਆਵਾਜ਼ ਸੁਣ ਕੇ ਪਤੀ ਨੂੰ ਜਾਗ ਆ ਗਈ। ਸ਼ੀਸ਼ੇ ਵਿਚ ਆਪਣਾ ਚਿਹਰਾ ਵੇਖ ਕੇ ਉਸ ਨੂੰ ਪਤਨੀ ਦੀ ਸ਼ਰਾਰਤ ਦਾ ਪਤਾ ਲਗ ਗਿਆ। ਉਹ ਝੂਠੀ-ਮੂਠੀ ਦਾ ਗੁੱਸਾ ਕਰ ਕੇ ਪਤਨੀ ਨੂੰ ਫੜਨ ਲਈ ਅੱਗੇ

ਵਧਿਆ। ਪਤਨੀ ਦੌੜ ਪਈ ਤਾਂ ਉਹ ਵੀ ਪਿੱਛੇ-ਪਿੱਛੇ ਦੌੜ ਪਿਆ। ਦੋਵੇਂ ਅੰਬੀ ਦੇ ਇਰਦ-ਗਿਰਦ ਦੌੜਦੇ ਰਹੇ ਅਤੇ ਆਖਰ ਥੱਕ ਕੇ ਬੈਠ ਗਏ।

ਹੁਣ ਉਸੇ ਅੰਬੀ ਦੇ ਬੂਟੇ ਹੇਠ ਬੈਠ ਕੇ ਚਰਖਾ ਕੱਤਣਾ ਉਸ ਨੂੰ ਚੰਗਾ ਨਹੀਂ ਲਗਦਾ। ਇਕੱਠੇ ਬਿਤਾਏ ਦਿਨਾਂ ਦੀਆਂ ਯਾਦਾਂ ਬੇਚੈਨ ਕਰ ਦਿੰਦੀਆਂ ਹਨ। ਉਹ ਸੋਚਦੀ ਹੈ ਕਿ ਜੇ ਉਹ ਅੰਬੀ ਦੇ ਬੂਟੇ ਨੂੰ ਕਟਵਾ ਦੇਵੇ ਤਾਂ ਚੰਗਾਂ ਰਹੇਗਾ। ਫਿਰ ਸ਼ਾਇਦ ਪਤੀ ਦੀਆਂ ਯਾਦਾਂ ਉਸ ਨੂੰ ਘੱਟ ਤੰਗ ਕਰਨ ਪਰ ਥੋੜੇ ਸਮੇਂ ਬਾਅਦ ਉਹ ਆਪਣਾ ਵਿਚਾਰ ਬਦਲ ਦਿੰਦੀ ਹੈ ਕਿਉਂਕਿ ਜੇ ਉਹ ਇਹ ਇਸ ਰੁੱਖ ਨੂੰ ਕਟਵਾ ਦੇਵੇਗੀ ਤਾਂ ਕਿਸ ਉਪਰ ਚੜ੍ਹ ਕੇ ਆਪਣੇ ਪਤੀ ਦਾ ਰਾਹ ਦੇਖੇਗੀ? ਇਉਂ ਅੰਬੀ ਦਾ ਬੂਟਾ ਪਤੀ-ਪਤਨੀ ਦੇ ਪ੍ਰੇਮ ਦਾ ਇਕ ਅਜਿਹਾ ਗਵਾਹ ਹੈ, ਜੋ ਪਤੀ ਦੇ ਵਿਛੋੜੇ ਵਿਚ ਤੜਪ ਰਹੀ ਪਤਨੀ ਦੇ ਜੀਵਨ ਦਾ ਇਕ ਮਾਤਰ ਆਧਾਰ ਹੈ। ਹਰ ਮਨੁੱਖ ਦੇ ਜੀਵਨ ਵਿਚ ਕੁਝ ਅਜਿਹੀਆਂ ਯਾਦਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਉਹ ਆਪਣਾ ਸੱਖਣਾਪਣ ਭਰਦਾ ਰਹਿੰਦਾ ਹੈ। ਇਨ੍ਹਾਂ ਤੋਂ ਵੱਖ ਹੋਣਾ ਨਾ ਤਾਂ ਸੰਭਵ ਹੁੰਦਾ ਹੈ ਅਤੇ ਨਾ ਵਾਜਬ। ਪ੍ਰੋ. ਮੋਹਨ ਸਿੰਘ ਦੀ ਇਹ ਰਚਨਾ ਪੰਜਾਬੀ ਰੋਮਾਂਸਵਾਦੀ ਕਾਵਿ ਦੀ ਇਕ ਵਿਲੱਖਣ ਪ੍ਰਾਪਤੀ ਹੈ।

## 5. ਸੁਨੇਹੜੇ: ਅੰਮ੍ਰਿਤਾ ਪ੍ਰੀਤਮ

ਇਸ ਕਵਿਤਾ ਵਿਚ ਅੰਮ੍ਰਿਤਾ ਪ੍ਰੀਤਮ ਨੇ ਸਮਾਜਿਕ-ਸਭਿਆਚਾਰਕ ਪਰਿਵਰਤਨ ਦਾ ਸੁਨੇਹਾ ਦਿੱਤਾ ਹੈ। ਇਹ ਕਵਿਤਾ ਖ਼ਤ-ਪੱਤਰ ਦੀ ਸ਼ੈਲੀ ਵਿਚ ਲਿਖੀ ਗਈ ਹੈ। ਆਰੰਭ ਵਿਚ ਕਵਿੱਤਰੀ ਆਪਣੇ ਪ੍ਰੇਮੀ ਵਲੋਂ ਆਏ ਇਕ ਖ਼ਤ ਦਾ ਜ਼ਿਕਰ ਕਰਦੀ ਹੈ ਅਤੇ ਇਸ ਤੋਂ ਬਾਅਦ ਉਹ ਉਸ ਖ਼ਤ ਦਾ ਜਵਾਬ ਦਿੰਦੀ ਹੈ। ਉਹ ਲਿਖਦੀ ਹੈ ਕਿ ਪ੍ਰੇਮੀ ਦੇ ਵਿਛੋੜੇ ਵਿਚ ਉਹ ਬਹੁਤ ਉਦਾਸ ਅਨੁਭਵ ਕਰਦੀ ਹੈ। ਸਾਡੇ ਸਮਾਜ ਦੀ ਬਣਤਰ ਕੁਝ ਅਜਿਹੀ ਹੈ ਕਿ ਇਥੇ ਪ੍ਰੇਮ ਕਰਨ ਦੀ ਸੁਤੰਤਰਤਾ ਨਹੀਂ ਹੈ। ਪ੍ਰੇਮ ਨੂੰ ਇਕ ਅਪਰਾਧ ਮੰਨਿਆ ਜਾਂਦਾ ਹੈ। ਪ੍ਰੇਮ ਦੁਆਰਾ ਕੋਈ ਪ੍ਰਵਾਨ ਨਹੀਂ ਕੀਤਾ ਜਾਂਦਾ। ਸਾਡੇ ਇਥੇ ਮਰਦ ਪ੍ਰਧਾਨ ਸਮਾਜ ਹੋਣ ਕਰ ਕੇ ਇਸਤ੍ਰੀ ਜਾਤੀ ਉਪਰ ਅਨੇਕ ਬੰਧਨ ਹਨ। ਉਸ ਨੂੰ ਕਿਸੇ ਗੈਰ-ਮਰਦ ਨਾਲ ਗੱਲਬਾਤ ਕਰਨ ਦੀ ਆਗਿਆ ਵੀ ਨਹੀਂ ਹੈ। ਮੁਟਿਆਰ ਕੁੜੀਆਂ ਨੂੰ ਘਰ ਤੋਂ ਬਾਹਰ ਪੈਰ ਨਹੀਂ ਪੁੱਟਣ ਦਿੱਤਾ ਜਾਂਦਾ। ਇਸ ਸੂਰਤ ਵਿਚ ਪ੍ਰੇਮ ਕਰਨਾ ਅਤੇ ਇਸ ਨੂੰ ਪ੍ਰਵਾਨ ਚੜ੍ਹਾਉਣਾ ਲਗਪਗ ਅਸੰਭਵ ਹੋ ਗਿਆ ਹੈ। ਕਵਿੱਤਰੀ ਇਹੋ ਜਿਹੇ ਮਾਹੌਲ ਵਿਚ ਘੁਟਣ ਮਹਿਸੂਸ ਕਰਦੀ ਹੈ ਅਤੇ ਉਹ ਆਪਣੇ ਪ੍ਰੇਮੀ ਨੂੰ ਛੇਤੀ ਤੋਂ ਛੇਤੀ ਮਿਲਣ ਦਾ ਸੁਨੇਹਾ ਭੇਜਦੀ ਹੈ।

ਕਵਿੱਤਰੀ ਪੰਜਾਬੀ ਸਮਾਜ ਦੇ ਪ੍ਰੇਮ ਵਿਰੋਧੀ ਵਤੀਰੇ ਦੇ ਵਿਰੁੱਧ ਆਪਣੀ ਆਵਾਜ਼ ਡਟ ਕੇ ਬੁਲੰਦ ਕਰਦੀ ਹੈ। ਉਹ ਜਾਣਦੀ ਹੈ ਕਿ ਉਸ ਤੋਂ ਪਹਿਲਾਂ ਹੀਰ, ਸੱਸੀ ਅਤੇ ਸੋਹਣੀ ਵਰਗੀਆਂ ਪ੍ਰੀਤ-ਨਾਇਕਾਵਾਂ ਨੂੰ ਵੀ ਸਮਾਜ ਦੇ ਦਮਨ ਦਾ ਸਾਹਮਣਾ ਕਰਨਾ ਪਿਆ ਸੀ। ਹੀਰ ਨੂੰ ਜ਼ਹਿਰ ਦਾ ਪਿਆਲਾ ਪੀਣਾ ਪਿਆ ਸੀ, ਸੱਸੀ ਥਲਾਂ ਵਿਚ ਤੜਪ-ਤੜਪ ਕੇ ਮਰ ਗਈ ਅਤੇ ਸੋਹਣੀ ਝਨਾਂ ਦਰਿਆ ਵਿਚ ਡੁੱਬ ਮੋਈ ਸੀ। ਉਸ ਨੂੰ ਇਸ ਗੱਲ ਉਪਰ ਡਾਢਾ ਰੋਸ ਹੈ ਕਿ ਵੀਹਵੀਂ ਸਦੀ ਵਿਚ ਵੀ ਨਾਰੀ ਨੂੰ ਮਧਯੁਗ ਵਾਂਗ ਦਬਾ ਕੇ ਰੱਖਿਆ ਜਾਂਦਾ ਹੈ। ਉਹ ਆਪਣੇ ਪ੍ਰੇਮੀ ਨੂੰ ਸਮਾਜ ਦੇ ਅਜਿਹੇ ਵਤੀਰੇ ਦੇ ਵਿਰੁੱਧ ਸੰਘਰਸ਼ ਕਰਨ ਦਾ ਸੁਨੇਹਾ ਦਿੰਦੀ ਹੈ। ਉਹ ਕਹਿੰਦੀ ਹੈ ਕਿ ਉਸ ਦਾ ਪ੍ਰੇਮੀ ਆਪਣੀ ਕਲਮ ਨਾਲ ਇਕ ਅਜਿਹਾ ਸਮਾਜ ਸਿਰਜਣ ਲਈ ਸੰਘਰਸ਼ ਕਰੇ, ਜਿਥੇ ਪ੍ਰੇਮ ਉਪਰ ਕੋਈ ਬੰਧਨ ਨਾ ਹੋਵੇ ਅਤੇ ਹਰ ਕੋਈ ਸੁਤੰਤਰ ਪ੍ਰੇਮ ਕਰਨ ਦੇ ਆਪਣੇ ਅਧਿਕਾਰ ਦੀ ਵਰਤੋਂ ਕਰ ਸਕੇ। ਇਕ ਨਵੇਂ ਯੁਗ ਦੀ ਸਥਾਪਨਾ ਹੋ ਜਾਵੇ, ਸਭ ਨੂੰ ਆਪਣੀ ਮਰਜ਼ੀ ਨਾਲ ਜੀਣ-ਥੀਣ ਦੇ ਹੱਕ ਹੋਣ। ਕਿਰਤੀਆਂ-ਕਿਸਾਨਾਂ ਨੂੰ ਆਪਣੀ ਮਿਹਨਤ ਦਾ ਪੂਰਾ-ਪੂਰਾ ਮੁੱਲ ਮਿਲੇ ਅਤੇ ਦੇਸ਼ ਵਿਚ ਇਕ ਸੱਚੇ ਸਮਾਜਵਾਦ ਦੀ ਸਥਾਪਨਾ ਹੋ ਜਾਵੇ।

## 6. ਮਸੀਹਾ: ਸ਼ਿਵ ਕੁਮਾਰ ਬਟਾਲਵੀ

ਆਪਣੀ ਇਸ ਕਵਿਤਾ ਵਿਚ ਪੰਜਾਬੀ ਦਾ ਪ੍ਰਸਿੱਧ ਗੀਤਕਾਰ ਸ਼ਿਵ ਕੁਮਾਰ ਬਟਾਲਵੀ ਆਪਣੇ ਦੋਸਤਾਂ ਨੂੰ ਦੋਸਤੀ ਦੇ ਜਸ਼ਨ ਦਾ ਸੁਨੇਹਾ ਦੇ ਰਿਹਾ ਹੈ। ਆਧੁਨਿਕ ਯੁਗ ਦੇ ਆਤਮ-ਕੇਂਦ੍ਰਿਤ ਅਤੇ ਸਵਾਰਥੀ ਮਾਹੌਲ ਵਿਚ ਦੋਸਤੀ, ਵਫ਼ਾ ਅਤੇ ਸਦਭਾਵਨਾ ਵਰਗੇ ਜੀਵਨ-ਮੁੱਲ ਪ੍ਰਿਸ਼ਠਭੂਮੀ ਵਿਚ ਜਾ ਰਹੇ ਹਨ। ਗ਼ਰਜ਼ਾ ਨੂੰ ਪਰਣਾਏ ਲੋਕ ਆਪਣੇ ਛੋਟੇ-ਮੋਟੇ ਲਾਭ ਲੈਣ ਲਈ ਦੋਸਤੀ ਦੀ ਪਿੱਠ ਵਿਚ ਛੁਰਾ ਖੋਭਣ ਤੋਂ ਵੀ ਸੰਕੋਚ ਨਹੀਂ ਕਰਦੇ। ਇਸ

ਸੂਰਤ ਵਿਚ ਕਵੀ ਦਾ ਸਦਭਾਵਨਾ ਭਰਿਆ ਸਚਾ-ਸੁੱਚਾ ਸੰਦੇਸ਼ ਬੜਾ ਪ੍ਰਸੰਗਿਕ ਪ੍ਰਤੀਤ ਹੁੰਦਾ ਹੈ। ਕਵੀ ਇਹ ਵੀ ਕਹਿੰਦਾ ਹੈ ਕਿ ਵਰਤਮਾਨ ਦੌਰ ਮਹਿਬੂਬ ਦੀਆਂ ਜ਼ੁਲਫਾਂ ਦੀ ਖੂਬਸੂਰਤੀ ਬਾਰੇ ਗੱਲਾਂ ਕਰਨ ਦਾ ਨਹੀਂ ਹੈ ਬਲਕਿ ਕਿਰਤੀਆਂ-ਕਿਸਾਨਾਂ ਉਪਰ ਹੋਣ ਵਾਲੇ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਹੈ ਅਤੇ ਉਹ ਆਪਣੇ ਇਸ ਕਰਤੱਵ ਨੂੰ ਪੂਰੀ ਤਰ੍ਹਾਂ ਨਾਲ ਨਿਭਾ ਰਿਹਾ ਹੈ। ਉਹ ਆਪਣੇ ਮਿੱਤਰਾਂ ਨੂੰ ਵੀ ਇਸ ਕਰਤੱਵ ਦੀ ਯਾਦ ਕਰਵਾਉਂਦਾ ਹੈ ਅਤੇ ਇਸ ਉਪਰ ਡਟ ਕੇ ਪਹਿਰਾ ਦੇਣ ਦੀ ਹਿਦਾਇਤ ਕਰਦਾ ਹੈ।

ਕਵੀ ਪੂੰਜੀਵਾਦੀ ਯੁਗ ਦੇ ਮਿਜ਼ਾਜ਼ ਨੂੰ ਚੰਗੀ ਤਰ੍ਹਾਂ ਨਾਲ ਪਹਿਚਾਣਦਾ ਹੈ। ਇਸ ਦੌਰ ਵਿਚ ਪਰਸਪਰ ਮੁਕਾਬਲੇਬਾਜ਼ੀ, ਸ਼ਰੀਕੇ ਅਤੇ ਈਰਖਾ ਦੇ ਭਾਵ ਪ੍ਰਬਲ ਹੋ ਗਏ ਹਨ। ਹਰ ਕੋਈ ਅਗੇ ਵਧਣ ਲਈ ਦੂਜੇ ਨੂੰ ਪਛਾੜਨ ਵਾਸਤੇ ਸੰਘਰਸ਼ ਕਰ ਰਿਹਾ ਹੈ। ਕਵੀ ਚਾਹੁੰਦਾ ਹੈ ਕਿ ਪਰਸਪਰ ਸਦਭਾਵਨਾ ਵਧੇ, ਵਿਸ਼ੈਲਾ ਵਾਤਾਵਰਣ ਖ਼ਤਮ ਹੋਵੇ ਅਤੇ ਆਪਸੀ ਸਾਂਝ ਹੋਰ ਮਜ਼ਬੂਤ ਹੋਵੇ। ਉਹ ਦੋਸਤੀ ਦੇ ਨਾਮ ਦੀ ਸਹੁੰ ਖਾ ਕੇ ਕਹਿੰਦਾ ਹੈ ਕਿ ਅਜਿਹੇ ਮਾਹੌਲ ਦੀ ਸਿਰਜਣਾ ਵਾਸਤੇ ਉਸਨੂੰ ਜੇ ਸੂਲੀ ਉਪਰ ਵੀ ਚੜ੍ਹਨਾ ਪਿਆ ਤਾਂ ਉਹ ਪਿੱਛੇ ਨਹੀਂ ਹਟੇਗਾ। ਕਵੀ ਦੀ ਪ੍ਰਤਿਗਿਅ ਹੈ:

ਦੋਸਤਾਂ ਦੀ ਕਸਮ ਹੈ, ਮੈਂ ਦੋਸਤਾਂ ਲਈ ਮਰਾਂਗਾ।
ਮੈਂ ਦੋਸਤੀ ਦੇ ਮੌਸਮਾਂ ਨੂੰ, ਹੋਰ ਗੂੜ੍ਹਾਂ ਕਰਾਂਗਾ।
ਮੈਂ ਮਸੀਹਾ ਦੋਸਤੀ ਦਾ, ਰੋਜ਼ ਸੂਲੀ ਚੜ੍ਹਾਂਗਾ।

## 7. ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ: ਹਰਿਭਜਨ ਸਿੰਘ

ਇਸ ਕਵਿਤਾ ਵਿਚ ਡਾ. ਹਰਿਭਜਨ ਸਿੰਘ ਨੇ 'ਖਾਲਸੇ ਦੀ ਸਿਰਜਣਾ' ਨਾਲ ਸੰਬੰਧਿਤ ਇਤਿਹਾਸਕ ਘਟਨਾ ਦਾ ਪੁਨਰ-ਲੇਖਣ ਕੀਤਾ ਹੈ। ਕਵੀ ਲਿਖਦਾ ਹੈ ਕਿ ਜਦੋਂ ਗੁਰੂ ਸਾਹਿਬ ਨੇ 1699 ਈ. ਵਿਸਾਖੀ ਸਮੇਂ ਇਕੱਠੀਆਂ ਹੋਈਆਂ ਸਿਖ ਸੰਗਤਾਂ ਦੇ ਸਨਮੁਖ ਖੜੇ ਹੋ ਕੇ ਆਪਣੀ ਨੰਗੀ ਤਲਵਾਰ ਲਹਿਰਾਂ ਕੇ ਇਕ ਸੀਸ ਦੀ ਮੰਗ ਕੀਤੀ ਸੀ ਤਾਂ ਉਹ ਆਪ ਵੀ ਸਿਖ ਸੰਗਤਾਂ ਦ ਇਕੱਠ ਵਿਚ ਸ਼ਾਮਲ ਸੀ ਪਰ ਉਹ ਪੂਰੀ ਤਰ੍ਹਾਂ ਨਾਲ ਡਰ ਗਿਆ ਸੀ ਅਤੇ ਉਸ ਦੀ ਕਾਇਰਤਾ ਨੰਗੀ ਹੋ ਗਈ ਸੀ। ਉਸੇ ਸਮੇਂ ਇਕ ਸਿੱਖ ਭਾਈ ਦਇਆ ਸਿੰਘ ਖੜਾ ਹੋ ਗਿਆ ਸੀ ਅਤੇ ਆਪਣਾ ਸੀਸ ਗੁਰੂ ਦੇ ਅਰਪਣ ਕਰ ਦਿੱਤਾ ਸੀ। ਉਸ ਤੋਂ ਬਾਅਦ ਚਾਰ ਵਾਰ ਹੋਰ ਗੁਰੂ ਜੀ ਨੇ ਇਹੀ ਮੰਗ ਦੁਹਰਾਈ ਸੀ ਅਤੇ ਚਾਰ ਹੋਰ ਸਿੱਖ ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ ਅਤੇ ਭਾਈ ਮੋਹਕਮ ਸਿੰਘ ਨੇ ਗੁਰੂ ਜੀ ਦੇ ਸਨਮੁਖ ਆਪਣੇ-ਆਪਣੇ ਸੀਸ ਨੂੰ ਅਰਪਣ ਕਰ ਦਿੱਤਾ ਸੀ। ਪੰਜਵੀਂ ਵਾਰ ਜਦੋਂ ਗੁਰੂ ਸਾਹਿਬ ਤੰਬੂ ਵਿਚੋਂ ਪਰਤੇ ਸਨ ਤਾਂ ਉਨ੍ਹਾਂ ਪਿੱਛੇ-ਪਿੱਛੇ ਪੰਜੇ ਪਿਆਰੇ ਵੀ ਆ ਰਹੇ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਆਪਣੇ ਬਿਲਕੁਲ ਨਜ਼ਦੀਕ ਬਿਠਾ ਲਿਆ ਸੀ ਅਤੇ ਉਨ੍ਹਾਂ ਦੇ ਹੱਥੋਂ ਅੰਮ੍ਰਿਤ ਪਾਨ ਕਰਵਾ ਕੇ ਸਾਰੀਆਂ ਸੰਗਤਾਂ ਨੂੰ ਸਿੰਘ ਸਜਾ ਦਿੱਤਾ ਸੀ।

ਉਸ ਵਕਤ ਹੋਰ ਲੋਕਾਂ ਦੇ ਨਾਲ-ਨਾਲ ਕਵੀ ਵੀ ਇਹੀ ਸੋਚ ਰਿਹਾ ਸੀ ਕਿ ਕਾਸ਼! ਉਸ ਨੇ ਵੀ ਆਪਣਾ ਸੀਸ ਅਰਪਣ ਕਰ ਦਿੱਤਾ ਹੁੰਦਾ। ਮਧ ਸ਼੍ਰੇਣੀ ਦੇ ਲੋਕ ਬਿਲਕੁਲ ਇਵੇਂ ਸੋਚਦੇ ਹਨ। ਇਹ ਖ਼ਤਰੇ ਦੇ ਸਨਮੁਖ ਕਦੇ ਨਹੀਂ ਜਾਂਦੇ ਪਰ ਇਨਾਮ-ਸਨਮਾਨ ਹਾਸਲ ਕਰਨ ਲਈ ਸਭ ਤੋਂ ਪਹਿਲਾਂ ਤਿਆਰ ਰਹਿੰਦੇ ਹਨ। ਫਿਰ ਕਵੀ ਸੋਚਦਾ ਹੈ ਕਿ ਸਿਰ ਤਾਂ ਮਨੁੱਖੀ ਸਿਦਕ ਅਤੇ ਸਿਰੜ ਦਾ ਪ੍ਰਤੀਕ ਹੁੰਦਾ ਹੈ ਅਤੇ ਮੇਰੇ ਪਾਸ ਤਾਂ ਇਹ ਗੁਣ ਕਦੇ ਵੀ ਨਹੀਂ ਸਨ। ਮੇਰੇ ਪਾਸ ਸਿਰ ਹੈ ਹੀ ਨਹੀਂ, ਸਿਰਫ਼ ਸਿਰ ਦਾ ਇਕ ਪਾਖੰਡ ਹੀ ਹੈ। ਅਜੋਕੇ ਦੌਰ ਵਿਚ ਬਹੁਤੇ ਲੋਕ ਆਪਣੇ-ਆਪਣੇ ਧੜਾਂ ਉਪਰ ਸੀਸ ਦਾ ਪਾਖੰਡ ਹੀ ਟਿਕਾਈ ਫਿਰਦੇ ਹਨ। ਜੇ ਉਨ੍ਹਾਂ ਪਾਸ ਸਿਰ ਹੁੰਦੇ ਤਾਂ ਉਹ ਇਨ੍ਹਾਂ ਨੂੰ ਕੁਰਬਾਨ ਨਾ ਕਰ ਦਿੰਦੇ? ਆਪਣੇ ਆਸ-ਪਾਸ ਏਨਾ ਜ਼ੁਲਮ ਅਤੇ ਬੇਇਨਸਾਫੀ ਕਿਉਂ ਹੋਣ ਦਿੰਦੇ? ਕਵੀ ਸੋਚਦਾ ਹੈ ਕਿ ਉਹ ਸਿਦਕਦਿਲੀ, ਸਿਰੜ ਅਤੇ ਸਾਹਸ ਨਾਲ ਆਪਣੇ ਧੜ ਉਪਰ ਇਕ ਪ੍ਰਮਾਣਿਕ (ਖਰਾ) ਸਿਰ ਉਗਾ ਲਵੇਗਾ ਅਤੇ ਜਿਵੇਂ ਹੀ ਉਹਦੇ ਸਿਰ ਉੱਗ ਆਇਆ, ਉਸ ਨੂੰ ਗੁਰੂ-ਚਰਨਾਂ ਵਿਚ ਅਰਪ ਕੇ ਆਪਣੀ ਭੁੱਲ ਬਖਸ਼ਾ ਲਵੇਗਾ। ਪਾਖੰਡ ਅਤੇ ਪਸ਼ਚਾਤਾਪ ਲੈ ਕੇ ਜਿਊਣਾ ਕੋਈ ਸੌਖਾ ਕੰਮ ਨਹੀਂ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਤੀਸਰੀ ਜਨਮ ਸ਼ਤਾਬਦੀ (1966) ਸਮੇਂ ਲਿਖੀ ਗਈ ਇਹ ਰਚਨਾ ਆਧੁਨਿਕ ਪੰਜਾਬੀ ਕਾਵਿ ਦੀ ਇਕ ਉੱਚਤਮ ਪ੍ਰਾਪਤੀ ਹੈ।

## 8. ਲੋਕਾਂ ਨਾਲ ਗੱਲ

ਆਧੁਨਿਕ ਪੰਜਾਬੀ ਕਾਵਿ ਧਾਰਾ ਦੇ ਇਕ ਵਿਲੱਖਣ ਕਵੀ ਸ਼੍ਰੀ ਤਾਰਾ ਸਿੰਘ ਦੀ ਇਹ ਇਕ ਵਿਅੰਗਾਤਮਕ ਕਵਿਤਾ ਹੈ। ਇਸ ਵਿਚ ਕਵੀ ਸਮਕਾਲੀ ਵਿਵਸਥਾ ਬਾਰੇ ਲੋਕਾਂ ਨਾਲ ਸਿੱਧੀ ਅਤੇ ਸਪਸ਼ਟ ਗੱਲ ਕਰਦਾ ਹੈ। ਉਹ ਆਪਣੇ ਸਨਮੁੱਖ ਬੈਠੇ ਲੋਕਾਂ ਨੂੰ ਸੰਬੋਧਨ ਕਰ ਕੇ ਪੁੱਛਦਾ ਹੈ ਕਿ ਜੇ ਉਨ੍ਹਾਂ ਵਿਚ ਕੋਈ ਲੀਡਰ ਜਾਂ ਅਫਸਰ ਬੈਠਾ ਹੈ ਤਾਂ ਉਹ ਉੱਠ ਕੇ ਤੁਰਦਾ ਹੋਵੇ ਕਿਉਂਕਿ ਉਹ ਸਭ ਭ੍ਰਿਸ਼ਟ ਅਤੇ ਰਿਸ਼ਵਤਖੋਰ ਹਨ। ਲੋਕਾਂ ਵਿਚੋਂ ਹੋ ਕੇ ਵੀ ਲੋਕਾਂ ਦੇ ਦੁਸ਼ਮਣ ਹਨ। ਇਸ ਲਈ ਮੈਂ ਉਨ੍ਹਾਂ ਲੋਕ-ਦੁਸ਼ਮਣਾਂ ਨਾਲ ਕੋਈ ਗੱਲ ਨਹੀਂ ਕਰਨੀ। ਮੈਂ ਲੋਕਾਂ ਨੂੰ ਇਨ੍ਹਾਂ ਲੀਡਰਾਂ ਅਤੇ ਅਫ਼ਸਰਾਂ ਦੀ ਖੋਟੀ ਨੀਤ ਅਤੇ ਭ੍ਰਿਸ਼ਟ ਵਤੀਰੇ ਬਾਰੇ ਗੱਲਾਂ ਦੱਸਣੀਆਂ ਹਨ। ਇਹ ਸਾਰੀਆਂ ਪਾਰਟੀਆਂ ਇਕੋ ਜਿਹੀਆਂ ਹਨ। ਪਾਰਟੀ ਕੋਈ ਵੀ ਹੋਵੇ, ਲੀਡਰਾਂ ਨੇ ਤਾਂ ਬਸ ਪੰਜ ਸਾਲਾਂ ਬਾਅਦ ਇਕੋ ਵੇਲੇ ਚੋਣਾਂ ਤੋਂ ਪਹਿਲਾ ਹੀ ਲੋਕਾਂ ਦੇ ਮੱਥੇ ਲੱਗਣਾ ਹੁੰਦਾ ਹੈ। ਉਸ ਸਮੇਂ ਇਹ ਲੋਕ ਝੂਠੇ ਵਾਅਦੇ ਕਰ ਕੇ ਲੋਕਾਂ ਤੋਂ ਵੋਟਾਂ ਹਥਿਆ ਲੈਂਦੇ ਹਨ ਅਤੇ ਫਿਰ ਵਿਧਾਇਕ ਜਾਂ ਵਜ਼ੀਰ ਬਣ ਕੇ ਖੂਬ ਲੁੱਟ-ਮਾਰ ਕਰਦੇ ਹਨ। ਇਨ੍ਹਾਂ ਵਿਚੋਂ ਕਿਸੇ ਉਪਰ ਵੀ ਵਿਸ਼ਵਾਸ ਨਾ ਕਰੋ। ਲੀਡਰ ਲੋਕਾਂ ਲਈ ਕੁਰਸੀ ਹੀ ਸਭ ਕੁਝ ਹੈ। ਹੋਰ ਕੁਝ ਵੀ ਇਨ੍ਹਾਂ ਦੇ ਯਾਦ ਨਹੀਂ ਰਹਿੰਦਾ। ਭਾਵੇਂ ਵੱਖ-ਵੱਖ ਲੀਡਰਾਂ ਦੇ ਝੰਡੇ ਤਾਂ ਵੱਖ-ਵੱਖ ਹੁੰਦੇ ਹਨ ਪਰ ਨੀਤ ਸਭ ਦੀ ਇਕੋ ਜਿਹੀ ਹੀ ਹੁੰਦੀ ਹੈ। ਸਭ ਨੇ ਆਪਣੇ ਹੀ ਘਰ ਭਰਨੇ ਹੁੰਦੇ ਹਨ। ਕਵੀ ਅੱਗੇ ਜਾ ਕੇ ਕਹਿੰਦਾ ਹੈ ਕਿ ਮੈਨੂੰ ਉਨ੍ਹਾਂ ਲੋਕਾਂ ਦੀ ਸੋਚ ਉਪਰ ਬੜਾ ਗੁੱਸਾ ਆਉਂਦਾ ਹੈ ਜਿਹੜੇ ਪਿਛਲੇ ਕਈ ਦਹਾਕਿਆਂ ਤੋਂ ਬਾਰ-ਬਾਰ ਇਨ੍ਹਾਂ ਨੂੰ ਅਜ਼ਮਾਈ ਜਾ ਰਹੇ ਹਨ। ਕੀ ਉਹ ਵੇਖਦੇ ਨਹੀਂ ਕਿ ਕਿਸੇ ਨੂੰ ਨੌਕਰੀ ਨਹੀਂ ਮਿਲਦੀ, ਖਾਣ ਲਈ ਦੋ ਵਕਤ ਦੀ ਰੋਟੀ ਨਸੀਬ ਨਹੀਂ ਹੁੰਦੀ, ਸਿਰ ਉਪਰ ਛੱਤ ਨਹੀਂ, ਸਿਹਤ-ਸੇਵਾਵਾਂ ਅਤੇ ਸਿੱਖਿਆ-ਪ੍ਰਣਾਲੀ ਬਦ ਤੋਂ ਬਦਤਰ ਹੋ ਚੁੱਕੀਆਂ ਹਨ ਪਰ ਫਿਰ ਵੀ ਸਾਡੇ ਮੂਰਖ ਭਰਾ ਇਨ੍ਹਾਂ ਨੂੰ ਵੋਟਾਂ ਪਾਉਣ ਲਈ ਹੁਮ-ਹੁਮਾ ਕੇ ਘਰਾਂ ਵਿਚੋਂ ਬਾਹਰ ਨਿਕਲ ਆਉਂਦੇ ਹਨ। ਪਿੰਡਾਂ ਜਾਂ ਸ਼ਹਿਰਾਂ ਵਿਚ ਧੀਆਂ-ਭੈਣਾਂ ਦੀ ਇੱਜ਼ਤ ਮਹਿਫੂਜ਼ ਨਹੀਂ ਹੈ। ਲੀਡਰਾਂ ਦੇ ਪਾਲੇ ਹੋਏ ਗੁੰਡੇ ਸੜਕਾਂ ਉਪਰ ਦਨਦਨਾਉਂਦੇ ਫਿਰਦੇ ਹਨ। ਜੇ ਕੋਈ ਕੁਸਕੇ ਤਾਂ ਉਸਦੀ ਪਗੜੀ ਲਾਹ ਦਿੰਦੇ ਹਨ। ਪਰ ਸਾਡੇ ਲੋਕ ਬੇਸ਼ਰਮਾਂ ਵਾਂਗ ਬਾਰ-ਬਾਰ ਪੁਰਾਣੇ ਲੀਡਰਾਂ ਨੂੰ ਹੀ ਜਿਤਾਈ ਜਾ ਰਹੇ ਹਨ। ਕਵੀ ਕਹਿੰਦਾ ਹੈ ਕਿ ਲੋਕ ਆਪ ਹੀ ਬਚਣਾ ਨਹੀਂ ਚਾਹੁੰਦੇ। ਉਨ੍ਹਾਂ ਨੂੰ ਕੁੱਟ ਖਾ ਕੇ, ਪੱਤ ਲੁਹਾ ਕੇ ਅਤੇ ਭੁੱਖੇ ਰਹਿ ਕੇ ਸਵਾਦ ਆਉਣ ਲੱਗ ਪਿਆ ਹੈ। ਉਹ ਗ਼ੁਲਾਮੀ ਵਿਚ ਜਿਉਣਾ ਗਿੱਝ ਗਏ ਹਨ। ਹੁਣ ਸੁਤੰਤਰਤਾ, ਸਮਾਨਤਾ ਅਤੇ ਸ੍ਵੈਮਾਨ ਆਦਿ ਕਦਰਾਂ-ਕੀਮਤਾਂ ਤੋਂ ਇਨ੍ਹਾਂ ਨੂੰ ਡਰ ਲੱਗਣ ਲੱਗ ਪਿਆ ਹੈ। ਇਹੋ ਜਿਹੀ ਗ਼ੁਲਾਮ ਸੋਚ ਵਾਲੇ ਲੋਕਾਂ ਨਾਲ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ ਹੈ। ਹੁਣ ਮੈਂ ਆ ਰਹੀ ਪੀੜ੍ਹੀ ਨਾਲ ਹੀ ਗੱਲ ਕਰਾਂਗਾ। ਹੋ ਸਕਦਾ ਹੈ ਕਿ ਉਹ ਮੇਰੀ ਗੱਲ ਧਿਆਨ ਨਾਲ ਸੁਣ ਲਵੇ ਅਤੇ ਇਨ੍ਹਾਂ ਲੀਡਰਾਂ ਤੋਂ ਕਿਨਾਰਾ ਕਰ ਲਵੇ ਤਾਂ ਹੀ ਸਾਡੇ ਦੇਸ਼ ਦਾ ਕੁਝ ਕਲਿਆਣ ਹੋ ਸਕਦਾ ਹੈ।

## 9. ਮੈਂ ਹੁਣ ਵਿਦਾ ਹੁੰਦਾ ਹਾਂ: ਪਾਸ਼

ਇਸ ਕਵਿਤਾ ਵਿਚ ਪਾਸ਼ ਆਪਣੀ ਮਹਿਬੂਬ ਕੁੜੀ ਤੋਂ ਵਿਦਾ ਹੋਣ ਦੀ ਇਜਾਜ਼ਤ ਮੰਗਦਾ ਹੈ। ਕਵੀ ਉਸ ਨੂੰ ਵਿਸ਼ਵਾਸ ਵਿਚ ਲੈ ਕੇ ਦੱਸਦਾ ਹੈ ਕਿ ਉਸ ਨੇ ਅਜਿਹੀ ਕਵਿਤਾ ਲਿਖਣ ਦੀ ਕੋਸ਼ਿਸ਼ ਕੀਤੀ ਸੀ ਜੋ ਉਸ ਦੇ ਰੂਪ ਅਤੇ ਗੁਣਾਂ ਦੇ ਵਰਣਨ ਨਾਲ ਭਰੀ ਹੋਵੇ ਤਾਂ ਜੋ ਮਹਿਬੂਬ ਉਸ ਕੁੜੀ ਨੂੰ ਸਾਰੀ ਉਮਰ ਬੜੇ ਮਾਨ ਨਾਲ ਪੜ੍ਹਦੀ ਰਹਿੰਦੀ! ਆਮ ਤੌਰ ਤੇ ਕਵੀ ਲੋਕ ਇਹੋ ਜਿਹੀਆਂ ਕਵਿਤਾਂ ਹੀ ਲਿਖਦੇ ਹਨ ਪਰ ਕਵੀ ਦਾ ਨਜ਼ਰੀਆ ਹੁਣ ਬਦਲ ਗਿਆ ਹੈ। ਉਹ ਕਹਿੰਦਾ ਹੈ ਕਿ ਜਦੋਂ ਕਿਰਤੀਆਂ-ਕਿਸਾਨਾਂ ਨੂੰ ਖਾਣ ਲਈ ਦੋ ਵਕਤ ਦੀ ਰੋਟੀ ਨਹੀਂ ਮਿਲਦੀ, ਉਨ੍ਹਾਂ ਦੀਆਂ ਬਹੂ-ਬੇਟੀਆਂ ਪੂਰੀ ਉਮਰ ਖੇਤਾਂ ਵਿਚ ਕੰਮ ਕਰਦੀਆਂ ਹੋਈ ਰੁਲ-ਖੁਲ ਜਾਂਦੀਆਂ ਹਨ, ਪੈਰ-ਪੈਰ ਉਤੇ ਉਨ੍ਹਾਂ ਦੇ ਰੂਪ ਅਤੇ ਜਵਾਨੀ ਦਾ ਅਪਮਾਨ ਹੁੰਦਾ ਹੈ। ਅਜਿਹੇ ਦੌਰ ਵਿਚ ਉਸ ਲਈ ਹੁਸਨ-ਇਸ਼ਕ ਦੀਆਂ ਕਵਿਤਾਵਾਂ ਲਿਖੀ ਜਾਣਾ ਵਾਜਿਬ ਨਹੀਂ ਹੋਵੇਗਾ। ਹੁਣ ਉਹ ਆਪਣੀ ਮਹਿਬੂਬ ਨੂੰ ਮਿਲਣਾ-ਗਿਲਣਾ ਵੀ ਛੱਡ ਦੇਵੇਗਾ ਅਤੇ ਜੀਵਨ ਦੇ ਹੋਰ ਮੁਹਾਜਾਂ ਉਪਰ ਜਾ ਕੇ ਉਨ੍ਹਾਂ ਸ਼ਕਤੀਆਂ ਦੇ ਵਿਰੁੱਧ ਯੁੱਧ ਕਰੇਗਾ, ਜਿਹੜੀਆਂ ਕਿਰਤੀਆਂ ਤੇ ਕਿਸਾਨਾਂ ਦੇ ਅਧਿਕਾਰਾਂ ਉਪਰ ਕਬਜ਼ਾ ਕਰੀ ਬੈਠੀਆਂ ਹਨ। ਉਹ ਮੁਹੱਬਤ ਅਤੇ ਯੁੱਧ ਨੂੰ ਇਕ ਹੀ ਕਤਾਰ ਵਿਚ ਖੜਾ ਨਹੀਂ ਰੱਖ ਸਕਦਾ। ਇਸ ਲਈ ਹੁਣ ਉਹ ਵਿਦਾ ਹੋ ਰਿਹਾ ਹੈ।

ਜਾਣ ਤੋਂ ਪਹਿਲਾਂ ਕਵੀ ਉਸ ਉਸ ਨੂੰ ਇਹ ਵੀ ਦੱਸਦਾ ਹੈ ਕਿ ਉਹ ਉਸ ਨਾਲ ਬਿਤਾਏ ਪ੍ਰੇਮ ਭਰੇ ਵਕਤ ਨੂੰ ਯਾਦ ਰਖੇਗਾ। ਉਸ ਦਾ ਧੰਨਵਾਦ ਕਿ ਉਸ ਨੇ ਬਿਖੜੇ ਪਲਾਂ ਵਿਚ ਉਸ ਦਾ ਸਾਥ ਦਿੱਤਾ ਹੈ। ਵਿਦਾਇਗੀ ਦੇ ਪਲਾਂ ਵਿਚ ਉਹ ਹੋਰ ਵੀ ਭਾਵੁਕ ਹੋ ਕੇ ਉਨ੍ਹਾਂ ਸਾਰੀਆਂ ਚੀਜ਼ਾਂ ਦਾ ਵੀ ਧੰਨਵਾਦ ਕਰਦਾ ਹੈ, ਜਿਹੜੀਆਂ ਉਨ੍ਹਾਂ ਦੇ ਪ੍ਰੇਮ ਦੀਆਂ ਗਵਾਹ ਬਣੀਆਂ ਅਤੇ ਪ੍ਰੇਮ ਭਰੇ ਪਲਾਂ ਨੂੰ ਹੋਰ ਹੁਸੀਨ ਅਤੇ ਯਾਦਗਾਰੀ ਬਣਾਉਂਦੀਆਂ ਰਹੀਆਂ। ਉਹ ਖਾਲਾਂ ਦੀਆਂ ਵਾਟਾਂ ਉਪਰ ਉੱਗੇ ਰੇਸ਼ਮੀ ਘਾਹ, ਟੀਂਡਿਆ ਵਿਚੋਂ ਕਿਰਦੀ ਕਪਾਹ, ਕਮਾਦ ਉਪਰ ਬੈਠੀਆਂ ਛੋਟੀਆਂ ਪਿੱਦੀਆਂ, ਸਰ੍ਹੋਂ ਦੇ ਫੁੱਲਾਂ ਅਤੇ ਕਣਕਾਂ ਦੀਆਂ ਫਸਲਾਂ ਦਾ ਧੰਨਵਾਦ ਕਰਦਾ ਹੈ। ਉਹ ਛਿਪ-ਛਿਪ ਕੇ ਪਿਆਰ ਕਰਨ ਵਿਚ ਯਕੀਨ ਨਹੀਂ ਰਖਦਾ। ਉਹ ਆਪਣਾ ਹਰ ਕੰਮ ਐਲਾਨੀਆਂ ਕਰਨਾ ਚਾਹੁੰਦਾ ਹੈ। ਉਹ ਪਿਆਰ ਵੀ ਗੱਜ-ਵੱਜ ਕੇ ਕਰੇਗਾ ਅਤੇ ਜ਼ੁਲਮ ਦੇ ਵਿਰੁੱਧ ਯੁੱਧ ਵੀ ਪੂਰੇ ਨਿਸ਼ਚੇ ਨਾਲ ਨਿਰਭੈ ਹੋ ਕੇ ਕਰੇਗਾ। ਬਾਰੂਦ ਵਾਂਗ ਫਟੇਗਾ ਅਤੇ ਧੁੱਪ ਵਾਂਗ ਚੜ੍ਹੇਗਾ, ਜਿਸ ਦੀ ਹਰ ਇਕ ਨੂੰ ਖ਼ਬਰ ਹੋ ਜਾਵੇ। ਇਸ ਮੰਤਵ ਵਿਚ ਕਾਮਯਾਬ ਹੋਣ ਲਈ ਹੁਣ ਕਵੀ ਆਪਣੀ ਮੁਹੱਬਤ ਨੂੰ ਛੱਡ ਕੇ ਯੁੱਧ ਦੇ ਮੈਦਾਨ ਵੱਲ ਵਿਦਾ ਹੋਣ ਦੀ ਆਗਿਆ ਮੰਗਦਾ ਹੈ।

## 10.ਖ਼ਤਾਂ ਦੀ ਉਡੀਕ: ਸੁਰਜੀਤ ਪਾਤਰ

ਸੁਰਜੀਤ ਪਾਤਰ ਆਪਣੀ ਇਸ ਕਵਿਤਾ ਵਿਚ ਇਕ ਆਧੁਨਿਕ ਮਨੁੱਖ ਦੇ ਇਕਲਾਪੇ ਅਤੇ ਤਨਹਾਈ ਨੂੰ ਰੂਪਮਾਨ ਕਰਦਾ ਹੈ। ਸ਼ਹਿਰ ਵਿਚ ਉੱਚੀ ਪੜ੍ਹਾਈ ਜਾਂ ਰੋਜ਼ਗਾਰ ਲਈ ਨਿਕਲਿਆ ਮਨੁੱਖ ਆਪਣੀਆਂ ਜੜ੍ਹਾਂ ਨਾਲੋਂ ਕੱਟਿਆ ਜਾਂਦਾ ਹੈ। ਸ਼ਹਿਰ ਵਿਚ ਕਿਸੇ ਨੂੰ ਉਸ ਦੀ ਸ਼ਨਾਖਤ ਨਹੀਂ ਹੁੰਦੀ। ਇਸ ਕਾਰਨ ਉਹ ਫਿਕਰਮੰਦ ਹੋ ਜਾਂਦਾ ਹੈ। ਹੁਣ ਉਸ ਨੂੰ ਹਰ ਰੋਜ਼ ਕਿਸੇ ਨਾ ਕਿਸੇ ਖ਼ਤ ਦੀ ਇੰਤਜ਼ਾਰ ਰਹਿੰਦੀ ਹੈ। ਜਿਸ ਵਿਚ ਉਸ ਪ੍ਰਤੀ ਪ੍ਰੇਮ ਅਤੇ ਅਪਣੱਤ ਦਾ ਜ਼ਿਕਰ ਕੀਤਾ ਹੋਵੇ ਅਤੇ ਉਸ ਨੂੰ ਆਪਣਾ ਜੀਵਨ ਸਾਰਥਿਕ ਪ੍ਰਤੀਤ ਹੋਵੇ। ਹਰ ਰੋਜ਼ ਦਿਨ ਚੜ੍ਹੇ ਉਸ ਨੂੰ ਕਿਸੇ ਪ੍ਰੇਮ ਭਰੇ ਖ਼ਤ ਦੀ ਇੰਤਜ਼ਾਰ ਸ਼ੁਰੂ ਹੋ ਜਾਂਦੀ ਹੈ। ਦੁਪਹਿਰ ਦੇ ਵਕਤ ਇਹ ਇੰਤਜ਼ਾਰ ਸਿਖਰ ਉਤੇ ਪਹੁੰਚ ਜਾਂਦੀ ਹੈ ਕਿਉਂਕਿ ਇਹ ਵਕਤ ਡਾਕੀਏ ਦੇ ਆਉਣ ਦਾ ਹੁੰਦਾ ਹੈ।

ਉਹ ਜਿਨ੍ਹਾਂ ਖ਼ਤਾਂ ਦੀ ਬੜੀ ਸ਼ਿੱਦਤ ਨਾਲ ਉਡੀਕ ਕਰਦਾ ਹੈ, ਉਨ੍ਹਾਂ ਵਿਚ ਕੋਈ ਐਸਾ ਖ਼ਤ ਹੋਵੇ, ਜਿਸ ਵਿਚ ਉਸ ਦੀ ਮਹਿਬੂਬ ਕੁੜੀ ਨੇ ਉਸ ਲਈ ਆਪਣੇ ਪ੍ਰੇਮ ਦਾ ਇਜ਼ਹਾਰ ਕੀਤਾ ਹੋਵੇ। ਭੈਣ ਵਲੋਂ ਖ਼ਤ ਮਿਲੇ ਜਿਸ ਵਿਚ ਭੈਣ ਦੇ ਘਰ ਪੁੱਤਰ ਹੋਣ ਦਾ ਸਮਾਚਾਰ ਹੋਵੇ ਤਾਂ ਜੋ ਉਸ ਦੀਆਂ ਜੜ੍ਹਾਂ ਲੱਗ ਜਾਣ। ਇਕ ਖ਼ਤ ਕਿਸੇ ਪਾਠਕ ਵਲੋਂ ਹੋਵੇ, ਜਿਸ ਵਿਚ ਉਸ ਦੀਆਂ ਕਵਿਤਾਵਾਂ ਦੀ ਪ੍ਰਸ਼ੰਸ਼ਾਂ ਹੋਵੇ। ਪਰ ਉਸ ਨੂੰ ਇਹੋ ਜਿਹਾ ਕੋਈ ਖ਼ਤ ਨਹੀਂ ਆਉਂਦਾ। ਉਹ ਨਿਰਾਸ਼ ਹੋ ਜਾਂਦਾ ਹੈ। ਉਹ ਸੋਚਦਾ ਹੈ ਕਿ ਕਿਸੇ ਨੂੰ ਉਸਦੀ ਜ਼ਰੂਰਤ ਨਹੀਂ ਹੈ। ਸਭ ਨੇ ਉਸ ਨੂੰ ਭੁਲਾ ਦਿੱਤਾ ਹੈ।

ਪਰ ਫਿਰ ਕਵੀ ਆਪਣੇ ਮਨ ਨੂੰ ਸਮਝਾਉਂਦਾ ਹੈ ਕਿ ਉਹ ਨਿਰਾਸ਼ ਨਾ ਹੋਵੇ। ਉਸ ਨੂੰ ਵੀ ਜ਼ਰੂਰ ਖ਼ਤ ਆਉਣਗੇ। ਕਦੇ ਨਾ ਕਦੇ ਉਸ ਦੀ ਬੁੱਢੀ ਮਾਂ ਦਾ ਖ਼ਤ ਆਵੇਗਾ। ਜਿਸ ਵਿਚ ਉਸ ਲਈ ਮਮਤਾ ਦਾ ਇਜ਼ਹਾਰ ਕੀਤਾ ਹੋਵੇਗਾ। ਉਹ ਲਿਖੇਗੀ ਕਿ ਉਹ ਇਕ ਵਾਰ ਆ ਕੇ ਆਪਣੀ ਬੁੱਢੀ ਮਾਂ ਨੂੰ ਮਿਲ ਜਾਵੇ। ਇਕ ਖ਼ਤ ਉਸ ਦੀਆਂ ਕਬਰਾਂ ਵਲੋਂ ਵੀ ਆਵੇਗਾ ਕਿਉਂਕਿ ਅਸਲ ਟਿਕਾਣਾ ਤਾਂ ਕਬਰ ਵਿਚ ਹੀ ਮਿਲਦਾ ਹੈ। ਕਬਰ ਦੀ ਗੋਦ ਵਿਚ ਸਮਾ ਕੇ ਸਭ ਝੋਰੇ, ਗ਼ਮ ਅਤੇ ਸੰਤਾਪ ਮਿਟ ਜਾਂਦੇ ਹਨ। ਰੂਹ ਨੂੰ ਸਕੂਨ ਹਾਸਲ ਹੋ ਜਾਂਦਾ ਹੈ। ਕਵੀ ਨੂੰ ਅਹਿਸਾਸ ਹੈ ਕਿ ਬੰਦੇ ਨੂੰ ਹੋਰ ਚਾਹੇ ਸਾਰੀ ਦੁਨੀਆਂ ਭੁੱਲ ਜਾਵੇ ਪਰ ਕਬਰ ਕਦੇ ਨਹੀਂ ਭੁੱਲਾਉਂਦੀ, ਸਦਾ ਯਾਦ ਰੱਖਦੀ ਹੈ ਅਤੇ ਸਹੀ ਵਕਤ ਉਸ ਨੂੰ ਬੁਲਾ ਲਵੇਗੀ। ਅਜੇ ਉਸ ਦਾ ਵਕਤ ਸ਼ਾਇਦ ਨਹੀਂ ਆਇਆ। ਮਿੱਤਰਾਂ-ਪਿਆਰਿਆਂ ਦੇ ਖ਼ਤ ਸਹੀ ਵਕਤ ਆਉਣ ਉਪਰ ਹੀ ਨਸੀਬ ਹੁੰਦੇ ਹਨ।

## 11. ਅੱਜ ਕੀਹ ਪਕਾਈਏ: ਅਨਵਰ ਮਸੂਦ

ਇਹ ਕਵਿਤਾ ਪੱਛਮੀ ਪੰਜਾਬ ਦੇ ਇਕ ਜਨਵਾਦੀ ਅਤੇ ਮੁਮਤਾਜ਼ ਸ਼ਾਇਰ ਅਨਵਰ ਮਸੂਦ ਹੋਰਾਂ ਦੀ ਲਿਖੀ ਹੋਈ ਹੈ। ਇਸ ਵਿਚ ਕਵੀ ਮਧ ਸ਼੍ਰੇਣਿਕ ਆਚਾਰ-ਵਿਹਾਰ ਉਪਰ ਵਿਅੰਗ ਕਰਦਾ ਹੈ। ਇਸ ਸ਼੍ਰੇਣੀ ਦੇ ਲੋਕ ਬੜੇ ਪਾਖੰਡੀ ਅਤੇ ਝੂਠੇ ਹੁੰਦੇ ਹਨ। ਉਹ ਆਪਣੀ ਸਮਰੱਥਾ ਬਾਰੇ ਵੱਡੇ-ਵੱਡੇ ਦਾਅਵੇ ਕਰਦੇ ਹਨ। ਕਦੇ ਵੀ ਆਪਣੀ ਔਕਾਤ ਨੂੰ ਨਹੀਂ ਦੇਖਦੇ। ਸੱਚ ਦੇ ਰੂਬਰੂ ਹੋਣ ਦਾ ਸਾਹਸ ਨਹੀਂ ਕਰਦੇ। ਇਸ ਕਵਿਤਾ ਵਿਚ ਦੋ ਧਿਰਾਂ

ਦਰਮਿਆਨ ਹੋਈ ਗੱਲਬਾਤ ਨੂੰ ਕਾਵਿਬੱਧ ਕੀਤਾ ਗਿਆ ਹੈ। ਇਕ ਪਾਸੇ ਕਥਿਤ ਚੌਧਰੀ ਹੈ ਅਤੇ ਦੂਜੇ ਪਾਸੇ ਉਸ ਦਾ ਨੌਕਰ ਰਹਿਮਾ ਹੈ। ਚੌਧਰੀ, ਰਹਿਮੇ ਨੂੰ ਪੁੱਛਦਾ ਹੈ ਕਿ ਅਜ ਕੀ ਚਾੜ੍ਹਿਆ ਜਾਵੇ। ਗੱਲਬਾਤ ਦੀ ਸ਼ੁਰੂਆਤ ਉਹ ਚੰਗੀਆਂ ਚੰਗੀਆਂ ਸਬਜ਼ੀਆਂ ਦੇ ਨਾਮ ਲੈ ਕੇ ਕਰਦਾ ਹੈ। ਕਦੇ ਉਹ ਭਿੰਡੀਆਂ ਦਾ ਨਾਮ ਲੈਂਦਾ ਹੈ। ਕਦੇ ਕਰੇਲਿਆਂ ਦਾ ਅਤੇ ਕਦੇ ਬਤਾਊਂਆਂ ਦਾ। ਪਰ ਅਸਲ ਵਿਚ ਇਹ ਸਬਜ਼ੀਆਂ ਖਰੀਦਣ ਦੀ ਉਸਦੀ ਪੁੱਜਤ ਨਹੀਂ ਹੈ। ਨੌਕਰ ਰਹਿਮਾ ਵੀ ਆਪਣੇ ਮਾਲਕ ਦੀ ਸਾਰੀ ਹਕੀਕਤ ਨੂੰ ਜਾਣਦਾ ਹੈ ਪਰ ਉਹ ਉਸ ਨੂੰ ਟੋਕਦਾ ਜਾਂ ਰੋਕਦਾ ਨਹੀਂ ਹੈ। ਉਹ ਪੂਰੀ ਸ਼ਿੱਦਤ ਨਾਲ ਉਸ ਦੀ ਹਾਂ ਵਿਚ ਹਾਂ ਮਿਲਾਈ ਜਾਂਦੀ ਹੈ। ਉਹ ਇਕ ਚੰਗਾ ਰਸੋਈਆ ਹੈ। ਇਸ ਲਈ ਉਸ ਨੂੰ ਵਿਸ਼ਵਾਸ ਦਿਵਾਉਂਦਾ ਹੈ ਕਿ ਉਹ ਜਿਹੜੀ ਸਬਜ਼ੀ ਚਾੜ੍ਹਨ ਦਾ ਹੁਕਮ ਦੇਵੇਗਾ, ਉਸ ਨੂੰ ਏਨੀ ਸਵਾਦਲੀ ਬਣਾਏਗਾ ਕਿ ਮਾਲਕ ਯਾਦ ਰੱਖੇਗਾ। ਪਰ ਮਾਲਕ ਹੁਕਮ ਕਿਵੇਂ ਦੇਵੇ? ਉਸ ਦੀ ਜੇਬ ਇਜਾਜ਼ਤ ਨਹੀਂ ਦਿੰਦੀ। ਇਸ ਲਈ ਛਿੱਥਾ ਪੈ ਕੇ ਉਹ ਆਪਣੇ ਨੌਕਰ ਲੈ ਜਾਂਦਾ ਹੈ। ਸਬਜ਼ੀਆਂ ਵਿਚ ਵੀ ਰਾਜਨੀਤੀ ਲਿਆ ਘੁਸੇੜਦਾ ਹੈ। ਕਿਧਰ ਬਤਾਊਂ, ਕਿਧਰ ਅਮਰੀਕਾ? ਪਰ ਨੌਕਰ ਜਾਣਦਾ ਹੈ ਕਿ ਅਜੋਕੇ ਜੀਵਨ ਅਤੇ ਜਗਤ ਵਿਚ ਆਮ ਬੰਦੇ ਦੀ ਦੁਰਦਸ਼ਾ ਰਾਜਨੀਤੀ ਦੇ ਕਾਰਨ ਹੋ ਰਹੀ ਹੈ। ਨਹੀਂ ਤਾਂ ਪਹਿਲਾਂ ਸਾਰੇ ਲੋਕ ਚੰਗਾ ਖਾਂਦੇ ਸਨ, ਚੰਗਾ ਪਹਿਨਦੇ ਹਨ। ਪਰ ਰਾਜਨੀਤੀ ਦੀ ਵਜ੍ਹਾ ਕਾਰਨ ਹੁਣ ਲੋਕ ਸਿਰਫ਼ ਛੋਲਿਆਂ ਦੀ ਦਾਲ ਖਾਣ ਜੋਗਾ ਹੀ ਰਹਿ ਗਏ ਹਨ ਅਤੇ ਸ਼ਾਇਦ ਕਲ੍ਹ ਇਹ ਦਾਲ ਵੀ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੋ ਜਾਵੇ। ਇਉਂ ਇਸ ਕਵਿਤਾ ਵਿਚ ਅਨਵਰ ਮਸੂਦ ਨੇ ਆਮ ਆਦਮੀ ਦੀਆਂ ਮਜ਼ਬੂਰੀਆਂ ਨੂੰ ਬੜੇ ਸਹਿਜ ਅਤੇ ਸਾਦਾ ਢੰਗ ਨਾਲ ਬਿਆਨ ਕੀਤਾ ਹੈ। ਇਹ ਪੱਛਮੀ ਪੰਜਾਬ ਵਿਚ ਰਚੀ ਜਾ ਰਹੀ ਜਨਵਾਦੀ ਕਵਿਤਾ ਦੀ ਇਕ ਪ੍ਰਤੀਨਿਧ ਵੰਨਗੀ ਹੈ।

## 12. ਬਲੈਕ ਬਾਅ... : ਅਵਤਾਰ ਜੰਡਿਆਲਵੀ

ਅਵਤਾਰ ਜੰਡਿਆਲਵੀ ਨੇ ਆਪਣੀ ਇਸ ਕਵਿਤਾ ਵਿਚ ਗੋਰੇ ਮੁਲਕਾਂ ਦੇ ਨਸਲਵਾਦੀ ਮਾਹੌਲ ਬਾਰੇ ਚਰਚਾ ਕੀਤੀ ਹੈ। ਵੀਹਵੀਂ ਸਦੀ ਦੇ ਆਰੰਭ ਵਿਚ ਹੀ ਭਾਰਤ ਅਤੇ ਏਸ਼ਿਆਈ ਦੇਸ਼ਾਂ ਦੇ ਲੋਕ ਚੰਗੀ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਕੈਨੇਡਾ ਅਤੇ ਅਮਰੀਕਾ ਵਰਗੇ ਦੇਸ਼ਾਂ ਵਿਚ ਜਾਣ ਲੱਗੇ ਪਏ ਸਨ। 1947 ਈ. ਵਿਚ ਸਾਡਾ ਦੇਸ਼ ਆਜ਼ਾਦ ਵੀ ਹੋ ਗਿਆ ਪਰ ਅਸੀਂ ਇਥੇ ਰੋਜ਼ਗਾਰ ਦੇ ਚੰਗੇ ਮੌਕੇ ਪੈਦਾ ਨਾ ਕਰ ਸਕੇ। ਸਿੱਟੇ ਵਜੋਂ ਪਰਵਾਸ ਹੰਢਾਉਣ ਦਾ ਇਹ ਸਿਲਸਿਲਾ ਉਸੇ ਤਰ੍ਹਾਂ ਨਾਲ ਚਲਦਾ ਰਿਹਾ। ਕੈਨੇਡਾ, ਅਮਰੀਕਾ ਦੇ ਨਾਲ-ਨਾਲ ਸਾਡੇ ਲੋਕ ਇੰਗਲੈਂਡ, ਆਸਟ੍ਰੇਲੀਆ ਅਤੇ ਕੁਝ ਹੋਰ ਮੁਲਕਾਂ ਵਿਚ ਵੀ ਜਾਣ ਲੱਗ ਪਏ। ਉਥੇ ਜਾ ਕੇ ਇਨ੍ਹਾਂ ਨੇ ਹੱਡ-ਭੰਨਵੀਂ ਮਿਹਨਤ ਕੀਤੀ ਅਤੇ ਚੰਗੀ ਕਮਾਈ ਕਰਨ ਲੱਗ ਪਏ। ਇਹ ਦੇਖ ਕੇ ਉਨ੍ਹਾਂ ਦੇਸ਼ਾਂ ਦੇ ਮੂਲ ਵਾਸੀ ਇਨ੍ਹਾਂ ਨਾਲ ਈਰਖਾ ਕਰਨ ਲੱਗ ਪਏ ਅਤੇ ਏਸ਼ਿਆਈ ਕਾਮਿਆਂ ਦਾ ਅਪਮਾਨ ਕਰਨ ਲਈ ਇਨ੍ਹਾਂ ਨੂੰ 'ਬਲੈਕ ਬਾਸਟਰਡ' (ਕਾਲੇ ਹਰਾਮੀ) ਕਹਿ ਕੇ ਇਨ੍ਹਾਂ ਦਾ ਅਪਮਾਨ ਕਰਨ ਲੱਗੇ।

ਕਵੀ ਕਹਿੰਦਾ ਹੈ ਕਿ ਅਜ ਤੋਂ ਕਾਫ਼ੀ ਸਮਾਂ ਪਹਿਲਾਂ ਇਹ ਲੋਕ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਉੱਪਰ ਕਾਬਜ਼ ਹੋ ਗਏ ਸਨ ਅਤੇ ਉਸ ਵਕਤ ਉਹ ਇਨ੍ਹਾਂ ਦੇਸ਼ਾਂ ਦਾ ਸਾਰਾ ਅੰਨ-ਧੰਨ ਲੁੱਟ ਕੇ ਲੈ ਗਏ ਸਨ। ਏਸ਼ਿਆਈ ਮੁਲਕ ਉਨ੍ਹਾਂ ਦੇ ਆਉਣ ਤੋਂ ਪਹਿਲਾਂ ਕਾਫ਼ੀ ਖੁਸ਼ਹਾਲ ਸਨ ਪਰ ਉਨ੍ਹਾਂ ਦੀ ਲੁੱਟ ਦੇ ਕਾਰਨ ਅਤਿਅੰਤ ਗਰੀਬ ਹੋ ਗਏ ਹਨ। ਹੁਣ ਉਹ ਏਸ਼ਿਆਈ ਕਾਮਿਆਂ ਨੂੰ ਇੱਜ਼ਤ ਦੀ ਰੋਟੀ ਕਮਾਉਂਦਿਆਂ ਵੇਖ ਕੇ ਦੁਖੀ ਹਨ। ਉਹ ਪਹਿਲਾਂ ਵਾਂਗ ਹੀ ਸਾਨੂੰ ਗ਼ੁਲਾਮ ਬਣਾਈ ਰੱਖਣਾ ਚਾਹੁੰਦੇ ਹਨ। ਜਿਵੇਂ ਉਹ ਸਮਰਾਜ ਦੇ ਦਿਨਾਂ ਵਿਚ ਭਾਰਤੀਆਂ ਨੂੰ ਕੁੱਟ ਮਾਰ ਕੇ ਪਸ਼ੂਆਂ ਵਾਂਗ ਕੰਮ-ਕਾਰ ਪੂਰੇ ਕਰਵਾਉਂਦੇ ਸਨ, ਉਹ ਚਾਹੁੰਦੇ ਹਨ ਕਿ ਹੁਣ ਵੀ ਉਹ ਸਿਲਸਿਲਾ ਜਾਰੀ ਰਹੇ ਪਰ ਹੁਣ ਵਕਤ ਬਦਲ ਗਿਆ ਹੈ। ਹੁਣ ਏਸ਼ਿਆਈ ਲੋਕ ਆਜ਼ਾਦ ਹੋ ਗਏ ਹਨ। ਹੁਣ ਉਹ ਗਾਲ੍ਹਾਂ ਅਤੇ ਕੁੱਟ ਮਾਰ ਨੂੰ ਚੁਪਚਾਪ ਬਰਦਾਸ਼ਤ ਨਹੀਂ ਕਰਨਗੇ, ਉਨ੍ਹਾਂ ਦਾ ਸ੍ਵੈਮਾਨ ਜਾਗ ਪਿਆ ਹੈ ਅਤੇ ਇਸ ਲਈ 'ਬਲੈਕ ਬਾਅ...' ਦੇ ਉੱਤਰ ਵਿਚ ਉਹ ਵੀ ਉਨ੍ਹਾਂ ਨੂੰ 'ਬਾਸਟਰਡ' ਕਹਿਣ ਤੋਂ ਗੁਰੇਜ਼ ਨਹੀਂ ਕਰਨਗੇ। ਇਸ ਕਵਿਤਾ ਵਿਚ ਅਵਤਾਰ ਜੰਡਿਆਲਵੀ ਨੇ ਸਾਮਰਾਜੀ ਲੁੱਟ-ਖਸੁੱਟ, ਨਸਲਵਾਦੀ ਮਾਹੌਲ ਅਤੇ ਏਸ਼ਿਆਈ ਕਾਮਿਆਂ ਵਿਚ ਵੱਧ ਰਹੇ ਸ੍ਵੈਮਾਨ ਨੂੰ ਬੜੇ ਦਿਲਚਸਪ ਅਤੇ ਮਾਰਮਿਕ ਢੰਗ ਨਾਲ ਬਿਆਨ ਕੀਤਾ ਹੈ।

## 13. ਪੰਜਾਬ ਕਥਾ : ਸੁਖਵਿੰਦਰ ਕੰਬੋਜ

ਇਸ ਕਵਿਤਾ ਵਿਚ ਪਰਵਾਸੀ ਕਵੀ ਸੁਖਵਿੰਦਰ ਕੰਬੋਜ ਨੇ 1947 ਈ. ਵਿਚ ਮਿਲੀ ਆਜ਼ਾਦੀ ਉਪਰੰਤ ਪੰਜਾਬ ਦੀ ਦਰਦਨਾਕ ਕਹਾਣੀ ਨੂੰ ਬਿਆਨ ਕੀਤਾ ਹੈ। ਦੇਸ਼ ਆਜ਼ਾਦ ਹੋਣ ਦੇ ਨਾਲ ਹੀ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਗਿਆ ਸੀ। ਪੰਜਾਬ ਦਾ ਵੱਡਾ ਹਿੱਸਾ ਪਾਕਿਸਤਾਨ ਨੂੰ ਚਲਾ ਗਿਆ ਅਤੇ ਬਾਕੀ ਹਿੱਸਾ ਭਾਰਤ ਦੇ ਹਿੱਸੇ ਆਇਆ। ਇਸ ਵੰਡ ਦੌਰਾਨ ਇਧਰ ਭਾਰਤੀ ਪੰਜਾਬ ਵਿਚ ਰਹਿੰਦੇ ਮੁਸਲਮਾਨਾਂ ਦੀ ਅਤੇ ਉਧਰੋਂ ਆਉਣ ਵਾਲੇ ਹਿੰਦੂ ਸਿੱਖਾਂ ਦੀ ਜੋ ਦੁਰਗਤੀ ਹੋਈ। ਉਹ ਇਤਿਹਾਸ ਦਾ ਇਕ ਸਭ ਤੋਂ ਤ੍ਰਾਸਦਕ ਅਧਿਆਇ ਬਣ ਗਿਆ। ਪੱਛਮੀ ਪੰਜਾਬੀ ਵਿਚ ਵਸਣ ਵਾਲੇ ਹਿੰਦੂ ਸਿੱਖ ਅਤੇ ਇਧਰ ਪੂਰਬੀ ਪੰਜਾਬ ਵਿਚ ਰਹਿਣ ਵਾਲੇ ਮੁਸਲਮਾਨ ਨਾ ਕੇਵਲ ਆਪਣੀਆਂ ਜੜ੍ਹਾਂ ਤੋਂ ਕੱਟੇ ਗਏ ਬਲਕਿ ਆਪਣੀ ਸਾਰੀ ਧਨ-ਦੌਲਤ ਅਤੇ ਅਸਮਤ ਵੀ ਗੁਆ ਗਏ।

ਹੌਲੀ-ਹੌਲੀ ਉੱਜੜ ਕੇ ਆਏ ਹੋਏ ਲੋਕ ਆਪਣੇ ਪੈਰਾਂ ਉੱਪਰ ਖੜੇ ਹੋਣ ਲੱਗੇ ਪਰ ਦੇਸ਼ ਦੀ ਵਾਗਡੋਰ ਪੂੰਜੀਪਤੀਆਂ ਅਤੇ ਜਾਗੀਰਦਾਰਾਂ ਦੇ ਹੱਥਾਂ ਵਿਚ ਆ ਗਈ ਸੀ। ਉਨ੍ਹਾਂ ਤੋਂ ਮਿਲਣ ਵਾਲੀ ਸ਼ਹਿ ਅਤੇ ਹਲਾਸ਼ੇਰੀ ਦੇ ਕਾਰਨ ਅਮੀਰ ਲੋਕ ਹੋਰ ਅਮੀਰ ਹੁੰਦੇ ਗਏ ਅਤੇ ਗਰੀਬਾਂ ਦੀ ਹਾਲਤ ਬਦ ਤੋਂ ਬਦਤਰ ਹੋਣ ਲੱਗ ਪਈ। ਪੂੰਜੀਵਾਦੀ ਵਿਵਸਥਾ ਨੇ ਕਿਰਤੀਆਂ ਅਤੇ ਕਾਮਿਆਂ ਦੇ ਹੱਥੋਂ ਰੋਜ਼ਗਾਰ ਖੋਹ ਲਿਆ। ਰੂੜ ਸਿੰਘ ਵਰਗੇ ਛੋਟੇ ਕਿਸਾਨਾਂ ਦੀ ਜ਼ਮੀਨ ਵੱਡੇ ਜ਼ਿਮੀਂਦਾਰਾਂ ਨੇ ਹੱਥਿਆ ਲਈ ਅਤੇ ਹਰੀਏ ਮੋਚੀ ਦਾ ਧੰਦਾ, ਬਾਟਾ ਅਤੇ ਕਰੋਨਾ ਵਰਗੀਆਂ ਕੰਪਨੀਆਂ ਨੇ ਠੱਪ ਕਰ ਦਿੱਤਾ। ਇਹ ਲੋਕ ਸ਼ਹਿਰਾਂ ਵਿਚ ਜਾ ਕੇ ਦਿਹਾੜੀ-ਦੱਪਾ ਕਰਨ ਜੋਗੇ ਰਹਿ ਗਏ। ਯੂ.ਪੀ. ਅਤੇ ਬਿਹਾਰ ਤੋਂ ਆਉਣ ਵਾਲੇ ਮਜ਼ਦੂਰਾਂ ਦੇ ਰਿਕਸ਼ੇ, ਥਰੀ ਵੀਲ੍ਹਰਾਂ ਦੀ ਭੇਂਟ ਚੜ੍ਹ ਗਏ। ਜਾਗੀਰਦਾਰਾਂ ਨੇ ਚੰਡੀਗੜ੍ਹ ਵਿਚ ਕੋਠੀਆਂ ਜਾ ਪਈਆਂ ਅਤੇ ਆਪਣੇ ਰਾਜਸੀ ਸਬੰਧਾਂ ਦੇ ਕਾਰਨ ਉਹ ਵੀ ਨੇਤਾਗਿਰੀ ਵਿਚ ਪੈਰ ਧਰਨ ਲੱਗ ਪਏ। ਇਉਂ ਪੰਜਾਬ ਦਾ ਰਵਾਇਤੀ ਮੂੰਹ, ਮੁਹਾਂਦਰਾ, ਸਭਿਆਚਾਰਕ-ਯਾਂਝ ਅਤੇ ਕਦਰਾਂ-ਕੀਮਤਾਂ ਬੀਤੇ ਦੌਰ ਦੇ ਅਫ਼ਸਾਨੇ ਬਣ ਕੇ ਰਹਿ ਗਈਆਂ। ਸੱਤਾ ਨੂੰ ਹਥਿਆਈ ਬੈਠੇ ਲੋਕਾਂ ਨੂੰ ਜਨਤਕ ਲਹਿਰਾਂ ਵਲੋਂ ਜਦੋਂ ਕੋਈ ਖ਼ਤਰਾ ਮਹਿਸੂਸ ਹੁੰਦਾ ਹੈ, ਇਹ ਧਰਮ ਖ਼ਤਰੇ ਵਿਚ ਹੈ' ਦਾ ਨਾਅਰਾ ਲਾ ਕੇ ਇਨ੍ਹਾਂ ਲਹਿਰਾਂ ਨੂੰ ਸ਼ਕਤੀਹੀਣ ਬਣਾ ਦਿੰਦੇ ਹਨ ਅਤੇ ਆਪਣੀਆਂ ਗੱਦੀਆਂ ਬਚਾ ਲੈਂਦੇ ਹਨ।

ਇਸ ਦੌਰ ਵਿਚ ਸ਼ਾਇਰਾਂ ਅਤੇ ਕਲਾਕਾਰਾਂ ਦਾ ਵੀ ਵਪਾਰੀਕਰਣ ਹੋ ਗਿਆ। ਇਹ ਲੋਕ ਛੋਟੇ-ਮੋਟੇ ਮਾਨ-ਸਨਮਾਨ ਜਾਂ ਇਨਾਮ ਲੈਣ ਦੀ ਝਾਕ ਵਿਚ ਰਾਜਸੀ ਨੇਤਾਵਾਂ ਦੇ ਅੱਗੇ ਪਿੱਛੇ ਫਿਰਨ ਲੱਗੇ। ਆਮ ਲੋਕਾਂ ਦੀ ਅਗਵਾਈ ਕੌਣ ਕਰੇ, ਕਿਉਂ ਕਰੇ? ਜਦੋਂ ਕਿ ਉਧਰੋਂ ਕੁਝ ਮਿਲਣ ਦੀ ਉਮੀਦ ਹੀ ਨਹੀਂ ਸੀ। ਸਿੱਟੇ ਵਜੋਂ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਣ ਵਾਲੇ ਮਜ਼ਲੂਮ ਲੋਕ ਵੀ ਦੋ ਖੇਮਿਆਂ ਵਿਚ ਵੰਡ ਦਿੱਤੇ ਗਏ। ਦਿਲੀ ਦੰਗਿਆਂ ਦਾ ਸ਼ਿਕਾਰ ਹੋਣ ਵਾਲਿਆਂ ਦਾ ਬਾਰ-ਬਾਰ ਜ਼ਿਕਰ ਹੋਣ ਲੱਗਾ ਅਤੇ ਹੋਰ ਲੋਕਾਂ ਦੀਆਂ ਲਾਸ਼ਾਂ ਨੂੰ ਬਿਲਕੁਲ ਨਜ਼ਰਅੰਦਾਜ ਕਰ ਦਿੱਤਾ ਗਿਆ, ਜਿਵੇਂ ਉਹ ਇਸ ਦੇਸ਼ ਦੇ ਸ਼ਹਿਰੀ ਹੀ ਨਾ ਹੋਣ। ਕਵੀ ਇਸ ਪੱਖਪਾਤ ਉੱਪਰ ਆਪਣੀ ਚਿੰਤਾ ਦਾ ਇਜ਼ਹਾਰ ਕਰਦਾ ਹੈ ਕਿ ਉਹ ਇਨਕਲਾਬੀ ਸ਼ਾਇਰ ਗੁਰੂ ਨਾਨਕ ਦੇਵ ਜੀ ਦੀ ਪਰੰਪਰਾ ਉੱਪਰ ਚਲਣ ਦਾ ਐਲਾਨ ਕਰਦਾ ਹੈ, ਜਿਸ ਨੇ ਬਾਬਰ ਵਰਗੇ ਜਾਬਰ ਸ਼ਹਿਨਸ਼ਾਹ ਨੂੰ ਵੰਗਾਰਨ ਤੋਂ ਨਹੀਂ ਸੰਕੋਚ ਨਹੀਂ ਸੀ ਕੀਤਾ ਉਹ ਅਜੋਕੇ ਸਵਾਰਥੀ, ਖੁਸ਼ਾਮਦੀ ਅਤੇ ਕਾਇਰ ਕਵੀਆਂ ਦੀ ਢਾਣੀ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਦਾ ਹੈ। ਉਸ ਨੂੰ ਮਾਣ ਹੈ ਕਿ ਉਸਦੀ ਕਵਿਤਾ ਜਬਰ ਅਤੇ ਅਨਿਆਇ ਦੇ ਵਿਰੁੱਧ ਜੂਝ ਸਕਦੀ ਹੈ ਅਤੇ ਇਹ ਸਦਾ ਜੂਝਦੀ ਰਹੇਗੀ।

## 14. ਭਾਣਜੇ ਦੀ ਵਲੈਤ ਫ਼ੇਰੀ

ਇਸ ਕਵਿਤਾ ਵਿਚ ਪੰਜਾਬੀ ਕਵੀ ਜਸਵੰਤ ਦੀਦ ਨੇ ਪੰਜਾਬ ਤੋਂ ਇੰਗਲੈਂਡ ਆਪਣੇ ਮਾਮੇ ਨੂੰ ਮਿਲਣ ਗਏ ਇਕ ਭਾਣਜੇ ਦੇ ਮਨੋਭਾਵਾਂ ਦੀ ਪੇਸ਼ਕਾਰੀ ਕੀਤੀ ਹੈ। ਇਸ ਕਵਿਤਾ ਵਿਚ ਕਵੀ ਇੰਗਲੈਂਡ ਵਸਣ ਵਾਲੇ ਪੰਜਾਬੀਆਂ ਦੀ ਮਾਨਸਿਕਤਾ ਉੱਪਰ ਵਿਅੰਗ ਵੀ ਕਰਦਾ ਹੈ ਅਤੇ ਉਨ੍ਹਾਂ ਨਾਲ ਸਹਾਨੁਭੂਤੀ ਵੀ ਦਰਸਾਉਂਦਾ ਹੈ। ਇਹ ਕਵਿਤਾ 'ਬਲੈਕ ਹਿਊਮਰ (Black Humor) ਦਾ ਇਕ ਨਮੂਨਾ ਪੇਸ਼ ਕਰਦੀ ਹੈ। ਭਾਣਜੇ ਦੇ ਸਵਾਗਤ ਵਿਚ ਮਾਮਾ ਅਤੇ ਉਸਦੇ ਕੁਝ ਦੋਸਤ ਇਕ ਪਾਰਟੀ ਦਾ ਇੰਤਜ਼ਾਮ ਕਰਦੇ ਹਨ। ਦੋ-ਤਿੰਨ ਪੈਗ ਲਗਾ ਕੇ ਸਾਰੇ

ਬਹਿਕ ਜਾਂਦੇ ਹਨ ਅਤੇ ਫਿਰ ਭਾਰਤ (India) ਦੇ ਜੀਵਨ ਨੂੰ ਨਰਕ ਨਾਲ ਤੁਲਨਾ ਦੇਣ ਲਗਦੇ ਹਨ। ਇਕ ਤਰ੍ਹਾਂ ਨਾਲ ਉਹ ਲੋਕ ਆਪਣੇ ਆਪ ਨੂੰ ਬੇਹਤਰ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਜਦੋਂ ਕਿ ਅਸਲ ਵਿਚ ਉਹ ਹੀਣਤਾ-ਭਾਵ ਦਾ ਸ਼ਿਕਾਰ ਹੁੰਦੇ ਹਨ। ਉਨ੍ਹਾਂ ਵਿਚੋਂ ਇਕ ਆਦਮੀ ਕਹਿੰਦਾ ਹੈ ਕਿ ਤੁਸੀਂ ਇੰਡੀਅਨ ਲੋਕ ਕਮੀਨੇ ਹੁੰਦੇ ਹੋ। ਸਾਡੀਆਂ ਜ਼ਮੀਨਾਂ, ਜਾਇਦਾਦਾਂ ਨੱਪ ਲੈਂਦੇ ਹੋ, ਜਦੋਂ ਕਿ ਅਸੀਂ ਤੁਹਾਡੇ ਲਈ ਏਨਾ ਕੁਝ ਕਰਦੇ ਹਾਂ। ਤੁਹਾਨੂੰ ਪੈਸੇ ਭੇਜਦੇ ਹਾਂ। ਤੁਹਾਡੇ ਪਰਿਵਾਰਾਂ ਨੂੰ ਏਧਰ ਸੈੱਟ ਕਰਦੇ ਹਾਂ। ਤੁਸੀਂ ਨਾ ਸ਼ੁਕਰੇ ਹੋ। ਦੂਜਾ ਕਹਿੰਦਾ ਹੈ ਕਿ ਜਦੋਂ ਮੈਂ ਇਧਰ ਆਇਆ ਸਾਂ ਤਾਂ ਬਹੁਤ ਗਰੀਬ ਸਾਂ। ਹੁਣ ਮੇਰੇ ਪਾਸ ਇਕ ਮਿਲੀਅਨ ਪਾਉਂਡ ਦੀ ਕੋਠੀ ਹੈ। ਵੱਡਾ ਕਾਰੋਬਾਰ ਹੈ ਜਿਸ ਵਿਚ ਮੈਂ ਅੰਗਰੇਜ਼ ਲੋਕਾਂ ਨੂੰ ਆਪਣੇ ਨੌਕਰ ਰੱਖਿਆ ਹੋਇਆ ਹੈ। ਤੀਜਾ ਕਹਿੰਦਾ ਹੈ ਕਿ ਤੂੰ ਜੋ ਇੰਗਲੈਂਡ ਦੀ ਸੈਰ ਕਰ ਰਿਹਾ ਹੈ। ਇਹ ਵੀ ਸਾਡੀ ਮਿਹਰਬਾਨੀ ਹੈ। ਅਸੀਂ ਤੈਨੂੰ ਟਿਕਟ ਭੇਜਿਆ ਸੀ ਅਤੇ ਹੁਣ ਤੂੰ ਇਥੇ ਤੁਰ-ਫਿਰ ਕੇ ਐਸ਼ ਕਰ ਰਿਹਾ ਏਂ। ਹਰ ਬੰਦਾ ਜਦੋਂ ਆਪਣੀ ਗੱਲ ਖ਼ਤਮ ਕਰਦਾ ਹੈ ਤਾਂ ਇਹ ਕਹਿਣਾ ਨਹੀਂ ਭੁੱਲਦਾ ਕਿ ਇੰਡੀਆ ਨਰਕ ਹੈ। ਲੇਖਕ ਇਹ ਜੁਮਲਾ 'ਇੰਡੀਆ ਨਰਕ ਹੈ', ਏਨੀ ਵਾਰ ਸੁਣ ਲੈਂਦਾ ਹੈ ਕਿ ਉਹ ਚਾਹੁੰਦਾ ਹੈ ਕਿ ਇਸ ਦਾ ਇਕ ਗੀਤ ਬਣਾ ਦੇਵਾਂ: ਇਡੀਆ ਨਰਕ ਹੈ। ਸ਼ਾਵਾ ਸ਼ਾਵਾ! ਕਿ ਇੰਡੀਆ ਨਰਕ ਹੈ। ਫਿਰ ਕੋਈ ਦੱਸਦਾ ਹੈ ਕਿ ਉਹ ਇੰਡੀਆ ਜਾ ਕੇ ਚੈਰਿਟੀ ਕਰਦਾ ਹੈ। ਹਰ ਵਰ੍ਹੇ ਲੱਖਾਂ ਰੁਪਏ ਚੈਰਿਟੀ ਉਪਰ ਖਰਚ ਕਰਦਾ ਹੈ। ਗ਼ਰੀਬ ਔਰਤਾਂ ਅਤੇ ਵਿਧਵਾਵਾਂ ਦੀ ਸ਼ਾਦੀ ਕਰਦਾ ਹੈ। ਇਕ ਹੋਰ ਆਦਮੀ ਪੰਜਾਬ ਵਿਚ ਰਹਿਣ ਵਾਲੇ ਆਪਣੇ ਭਾਣਜੇ ਬਾਰੇ ਦੱਸਦਾ ਹੈ ਕਿ ਉਹ ਉਧਰ ਲੇਖਕਾਂ ਅਤੇ ਕਲਾਕਾਰਾਂ ਨੂੰ ਇਨਾਮ ਦਿੰਦਾ ਹੈ। ਇਕ ਆਦਮੀ ਪੰਜਾਬ ਵਿਚ ਰਹਿਣ ਵਾਲੀ ਆਪਣੀ ਕਿਸੇ ਮਾਸ਼ੂਕ ਨਾਲ ਗੱਲ ਕਰਵਾਉਂਦਾ ਹੈ ਅਤੇ ਕਹਿੰਦਾ ਹੈ ਕਿ ਵਾਪਸ ਜਾ ਕੇ ਉਸ ਨੂੰ ਮਿਲੀਂ। ਉਹ ਤੈਨੂੰ ਖ਼ੂਬ ਐਸ਼ ਕਰਵਾਏਗੀ। ਉਹ ਕਹਿੰਦਾ ਹੈ ਕਿ ਪੰਜਾਬ ਵਿਚ ਉਸ ਦੇ ਕਿਸੇ ਰਿਸ਼ਤੇਦਾਰ ਨੇ ਚੋਣਾਂ ਲੜਨੀਆਂ ਹਨ। ਉਸ ਉਪਰ ਜੇ ਉਹ ਫ਼ਿਲਮ ਬਣਾ ਦੇਵੇ ਤਾਂ ਉਹ ਚੋਣਾਂ ਜਿੱਤ ਜਾਵੇਗਾ। ਅੰਤ ਵਿਚ ਸਾਰੇ ਜਣੇ ਉੱਚੀ ਆਵਾਜ਼ ਵਿਚ ਇਕ ਪੰਜਾਬੀ ਗੀਤ ਲਗਾ ਕੇ ਨੱਚਣ ਲੱਗ ਪੈਂਦੇ ਹਨ। ਨੱਚਦਿਆਂ-ਨੱਚਦਿਆਂ ਉਨ੍ਹਾਂ ਨੂੰ ਆਪਣਾ ਵਤਨ ਯਾਦ ਆ ਜਾਂਦਾ ਹੈ। ਉਨ੍ਹਾਂ ਦੀਆਂ ਅੱਖਾਂ ਵਿਚ ਅੱਥਰੂ ਆ ਜਾਂਦੇ ਹਨ ਪਰ ਉਹ ਆਪਣਾ ਨਾਚ ਨਹੀਂ ਰੋਕਦੇ। ਹੁਣ ਲੇਖਕ ਨੂੰ ਇਹ ਸਮਝ ਨਹੀਂ ਆਉਂਦੀ ਕਿ ਉਹ ਆਪਣੇ ਬਣਾਏ ਗੀਤ 'ਇੰਡੀਆ ਨਰਕ ਹੈ' ਦਾ ਕੀ ਕਰੇ ਕਿਉਂਕਿ ਪਰਵਾਸੀਆਂ ਦੀਆਂ ਅੱਖਾਂ ਵਿਚ ਆਏ ਹੰਝੂ ਅਤੇ ਗਲੇ ਵਿਚ ਅਟਕੇ ਹਉਕੇ ਇਹ ਭੇਤ ਜ਼ਾਹਰ ਕਰ ਦਿੰਦੇ ਹਨ ਕਿ ਇੰਡੀਆ ਨਰਕ ਨਹੀਂ ਹੈ। ਜਨਮਭੂਮੀ ਕਿਹੋ ਜਿਹੀ ਵੀ ਹੋਵੇ, ਇਹ ਨਰਕ ਨਹੀਂ ਹੋ ਸਕਦੀ।

## 15. ਅਹੱਲਿਆ: ਵਨੀਤਾ

ਇਸ ਕਵਿਤਾ ਵਿਚ ਸ੍ਰੀਮਤੀ ਵਨੀਤਾ ਨੇ ਇਕ ਪੌਰਾਣਿਕ ਪ੍ਰਸੰਗ ਦੇ ਹਵਾਲੇ ਨਾਲ ਮਰਦ ਪ੍ਰਧਾਨ ਸਮਾਜ ਵਿਚ ਪਤਨੀ ਦੀ ਸਥਿਤੀ ਨੂੰ ਬਿਆਨ ਕੀਤਾ ਹੈ। ਪੁਰਾਣਾਂ ਵਿਚ ਅਹੱਲਿਆ ਦੀ ਇਕ ਕਥਾ ਹੈ ਜਿਸ ਵਿਚ ਦਰਸਾਇਆ ਗਿਆ ਹੈ ਕਿ ਗੌਤਮ ਰਿਸ਼ੀ ਦੀ ਅਤਿਅੰਤ ਸੁੰਦਰ ਪਤਨੀ ਅਹੱਲਿਆ ਦਾ ਸਤ ਭੰਗ ਕਰਨ ਲਈ ਇੰਦਰ ਨੇ ਚੰਦਰਮਾ ਨਾਲ ਮਿਲ ਕੇ ਇਕ ਸਾਜਿਸ਼ ਰਚੀ, ਜਿਸ ਦੁਆਰਾ ਚੰਦਰਮਾ ਅੱਧੀ ਰਾਤ ਨੂੰ ਕੁੱਕੜ ਦਾ ਰੂਪ ਬਣਾ ਕੇ ਗੌਤਮ ਦੀ ਕੁਟੀਆ ਉਪਰ ਬੈਠ ਗਿਆ ਅਤੇ ਬਾਂਗ ਦੇ ਦਿੱਤੀ। ਬਾਂਗ ਸੁਣ ਕੇ ਗੌਤਮ ਨੇ ਸੋਚਿਆ ਕਿ ਸਵੇਰ ਹੋਣ ਵਾਲੀ ਹੈ। ਉਹ ਨਦੀ ਉਪਰ ਇਸ਼ਨਾਨ ਕਰਨ ਲਈ ਕੁਟੀਆ ਤੋਂ ਬਾਹਰ ਚਲਾ ਗਿਆ ਅਤੇ ਉਸ ਦੀ ਗ਼ੈਰਹਾਜ਼ਰੀ ਵਿਚ ਇੰਦਰ ਗੌਤਮ ਦਾ ਰੂਪ ਬਣਾ ਕੇ ਉਸ ਨਾਲ ਪ੍ਰੇਮ ਕਰਨ ਲੱਗ ਪਿਆ। ਨਦੀ ਉਪਰ ਜਾ ਕੇ ਗੌਤਮ ਨੂੰ ਇਹ ਅਹਿਸਾਸ ਹੋਇਆ ਕਿ ਉਸ ਨਾਲ ਕਿਸੇ ਨੇ ਛਲ ਕੀਤਾ ਹੈ ਕਿਉਂਕਿ ਅਜੇ ਤਾਂ ਸਿਰਫ਼ ਅੱਧੀ ਰਾਤ ਗੁਜਰੀ ਹੈ। ਉਹ ਵਾਪਸ ਮੁੜ ਆਇਆ ਅਤੇ ਕੁਟੀਆ ਵਿਚ ਜਾ ਕੇ ਇੰਦਰ ਅਤੇ ਅਹੱਲਿਆ ਨੂੰ ਪ੍ਰੇਮ ਕਰਦਿਆਂ ਹੋਇਆਂ ਦੇਖ ਲਿਆ। ਕ੍ਰੋਧਿਤ ਹੋ ਕੇ ਉਸ ਨੇ ਦੋਹਾਂ ਨੂੰ ਸਰਾਪ ਦੇ ਦਿੱਤਾ, ਜਿਸ ਦੇ ਸਿੱਟੇ ਵਜੋਂ ਅਹੱਲਿਆ ਇਕ ਪੱਥਰ ਦੀ ਮੂਰਤੀ ਬਣ ਗਈ। ਬਾਅਦ ਵਿਚ ਉਸ ਨੇ ਇਹ ਵੀ ਕਹਿ ਦਿੱਤਾ ਕਿ ਸ੍ਰੀ ਰਾਮ ਉਸ ਨੂੰ ਨਵ-ਜੀਵਨ ਦੇ ਦੇਣਗੇ।

ਗੌਤਮ ਦੇ ਸਰਾਪ ਦੇ ਉੱਤਰ ਵਿਚ ਅਹੱਲਿਆ ਕਹਿੰਦੀ ਹੈ ਕਿ ਉਸ ਨੂੰ ਇੰਦਰ ਦੀ ਸਾਜਿਸ਼ ਬਾਰੇ ਕੋਈ ਪਤਾ ਨਹੀਂ ਸੀ ਅਤੇ ਉਸ ਨੇ ਇੰਦਰ ਨੂੰ, ਗੌਤਮ ਜਾਣ ਕੇ ਹੀ ਉਸ ਨਾਲ ਪ੍ਰੇਮ ਕੀਤਾ ਹੈ। ਜੇ ਮੈਂ ਉਸ ਦੀ

ਸਾਜਿਸ਼ ਦਾ ਸ਼ਿਕਾਰ ਹੋ ਗਈ ਹਾਂ ਤਾਂ ਤੂੰ ਵੀ ਤਾਂ ਉਸ ਦੇ ਚੱਕਰ ਵਿਚ ਫਸ ਗਿਆ ਸੀ। ਉਸ ਸਮੇਂ ਤੇਰਾ ਸਾਰਾ ਗਿਆਨ-ਧਿਆਨ ਕਿਧਰ ਚਲਾ ਗਿਆ ਸੀ? ਅਹੱਲਿਆ ਅਨੁਸਾਰ ਸ਼ਾਦੀ ਤਾਂ ਪਰਸਪਰ ਵਿਸ਼ਵਾਸ ਉਪਰ ਟਿਕੀ ਹੁੰਦੀ ਹੈ। ਜੇ ਵਿਸ਼ਵਾਸ ਹੀ ਨਹੀਂ ਤਾਂ ਕੈਸੀ ਸ਼ਾਦੀ ਅਤੇ ਕੈਸਾ ਪ੍ਰੇਮ? ਮੈਨੂੰ ਹੁਣ ਕਿਸੇ ਸ੍ਰੀ ਰਾਮ ਦੀ ਮਿਹਰਬਾਨੀ ਨਹੀਂ ਚਾਹੀਦੀ। ਮੈਨੂੰ ਇੰਦਰ ਜਾਂ ਗੌਤਮ ਦੀ ਵੀ ਕੋਈ ਜ਼ਰੂਰਤ ਨਹੀਂ। ਜੇ ਰਾਮ ਹੀ ਕਿਸੇ ਨੂੰ ਮੁਕਤੀ ਦੇਣ ਜੋਗਾ ਹੁੰਦਾ ਤਾਂ ਸੀਤਾ ਨੂੰ ਕਿਉਂ ਧਰਤੀ ਵਿਚ ਸਮਾਉਣਾ ਪੈਂਦਾ? ਮੈਂ ਆਪਣੇ ਅੰਦਰੋਂ ਉਪਜੇ ਗਿਆਨ ਨਾਲ ਹੀ ਸਰਾਪ-ਮੁਕਤ ਹੋ ਜਾਵਾਂਗੀ। ਮੈਨੂੰ ਕਿਸੇ ਹੋਰ ਪੁਰਸ਼ ਦੇਵੀ-ਦੇਵਤੇ ਦੀ ਮਿਹਰਬਾਨੀ ਨਹੀਂ ਚਾਹੀਦੀ। ਇਉਂ ਅਹੱਲਿਆ ਮਰਦ ਪ੍ਰਧਾਨ ਵਿਵਸਥਾ ਦੇ ਵਿਰੁੱਧ ਵਿਦਰੋਹ ਕਰਦੀ ਦਿਖਾਈ ਗਈ ਹੈ।

## 16. ਮੈਂ ਸਮਾਂ ਹਾਂ... ਦਰਸ਼ਨ ਬੁੱਟਰ

ਇਸ ਕਵਿਤਾ ਵਿਚ ਆਧੁਨਿਕ ਕਵੀ ਦਰਸ਼ਨ ਬੁੱਟਰ ਆਧੁਨਿਕ ਯੁਗ ਦੇ ਉਲਾਰਾਂ ਅਤੇ ਅੰਤਰ ਵਿਰੋਧਾਂ ਬਾਰੇ ਆਪਣੇ ਭਾਵ ਪ੍ਰਗਟ ਕਰਦਾ ਹੈ। ਇਸ ਕਵਿਤਾ ਵਿਚ ਸਮਾਂ, ਆਤਮ ਬਚਨੀ ਦੇ ਰੂਪ ਵਿਚ ਲੋਕਾਂ ਨੂੰ ਸੰਬੋਧਨ ਕਰਦਾ ਹੈ। ਸਮਾਂ ਕਹਿੰਦਾ ਹੈ ਕਿ ਮੈਂ ਕਿਸੇ ਦਾ ਲੇਖਾ-ਜੋਖਾ ਉਸ ਦੀ ਮੌਤ ਤੋਂ ਬਾਅਦ ਹੀ ਕਰਦਾ ਹਾਂ। ਜਿਉਂਦੇ ਜੀਅ ਕਿਸੇ ਬੰਦੇ ਬਾਰੇ ਕੋਈ ਰਾਇ ਪ੍ਰਗਟ ਕਰਨੀ ਉਚਿਤ ਨਹੀਂ ਹੁੰਦੀ। ਕਿਉਂਕਿ ਕਿਸੇ ਬੰਦੇ ਬਾਰੇ ਕੀ ਕਹਿ ਸਕਦੇ ਹਾਂ ਕਿ ਉਹ ਕਲ੍ਹ ਨੂੰ ਕ੍ਰਿਸ਼ਮਾ ਕਰ ਦਿਖਾਵੇ, ਕੀ ਕਰਤੂਤ ਕਰ ਦੇਵੇ? ਹਾਂ! ਏਨੇ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਅਜੋਕੇ ਦੌਰ ਵਿਚ ਹਰ ਬੰਦਾ ਸਵਾਰਥੀ ਅਤੇ ਆਤਮ-ਕੇਂਦ੍ਰਿਤ ਹੋ ਗਿਆ ਹੈ। ਹੁਣ ਆਪਣੇ ਫਰਜ਼ਾਂ ਦੀ ਗੱਲ ਕੋਈ ਨਹੀਂ ਕਰਦਾ ਬਲਕਿ ਅਧਿਕਾਰ ਮੰਗਦਾ ਹੈ। ਇਹੀ ਕਾਰਨ ਹੈ ਕਿ ਸਮਾਜ ਅਤੇ ਦੇਸ਼ ਵਿਚ ਗੜਬੜ ਫੈਲ ਗਈ ਹੈ। ਆਲਾ-ਦੁਆਲਾ ਭ੍ਰਸ਼ਟ ਅਤੇ ਪ੍ਰਦੂਸ਼ਿਤ ਹੋ ਗਿਆ ਹੈ। ਕਤਲ, ਲੁੱਟ-ਮਾਰ, ਬਲਾਤਕਾਰ, ਭਰੂਣ-ਹੱਤਿਆ ਅਤੇ ਆਤਮ-ਹੱਤਿਆ ਵਰਗੀਆਂ ਅਨੇਕ ਘਟਨਾਵਾਂ ਹਰ ਰੋਜ਼ ਹੋ ਰਹੀਆਂ ਹਨ ਪਰ ਕੋਈ ਵੀ ਸੂਖਮ ਇਨ੍ਹਾਂ ਦੀ ਜ਼ਿੰਮੇਵਾਰੀ ਲੈਣ ਲਈ ਤਿਆਰ ਨਹੀਂ ਬਲਕਿ ਹਰ ਕੋਈ ਇਨ੍ਹਾਂ ਤੋਂ ਫ਼ਾਇਦਾ ਉਠਾਉਣ ਬਾਰੇ ਸੋਚ ਰਿਹਾ ਹੈ। ਇਸ ਦੌਰ ਵਿਚ ਹਰ ਕੋਈ ਅਸ਼ਾਂਤ ਅਤੇ ਬੇਚੈਨ ਹੈ। ਕਿਸੇ ਪਾਸ ਮਾਨਵਤਾ ਦੇ ਕਲਿਆਣਾ ਦਾ ਨਾ ਤਾਂ ਕੋਈ ਸੁਪਨਾ ਹੈ ਅਤੇ ਨਾ ਉਦੇਸ਼ ਹੈ। ਹਰ ਕਿਸੇ ਨੂੰ ਆਪਣੀ-ਆਪਣੀ ਪਈ ਹੋਈ ਹੈ।

ਇਸ ਦੌਰ ਵਿਚ ਲਾਲਚੀ ਮਨੁੱਖ ਨੇ ਨਦੀਆਂ ਦਾ ਸਾਰਾ ਪਾਣੀ ਸੋਕ ਲਿਆ ਹੈ। ਨਦੀਆਂ ਵਿਚ ਕੇਵਲ ਰੇਤਾ ਬਾਕੀ ਬਚਿਆ ਹੈ। ਵਾਤਾਵਰਣ ਏਨਾ ਜ਼ਹਿਰੀਲਾ ਅਤੇ ਪ੍ਰਦੂਸ਼ਿਤ ਹੋ ਗਿਆ ਹੈ ਕਿ ਅਸਮਾਨ ਤੋਂ ਪੈਣ ਵਾਲੀ ਬਾਰਿਸ਼ ਵਿਚ ਵੀ ਤੇਜ਼ਾਬੀ ਪਦਾਰਥ ਘੁਲ ਗਏ ਹਨ। ਫੁੱਲ ਅਤੇ ਬਨਸਪਤੀ ਸੁੱਕਦੀ ਜਾ ਰਹੀ ਹੈ। ਪੰਛੀਆਂ ਦੀਆਂ ਅਨੇਕ ਪ੍ਰਜਾਤੀਆਂ ਖ਼ਤਮ ਹੋ ਗਈਆਂ ਹਨ। ਹਰ ਪਾਸੇ ਯੁੱਧ ਅਤੇ ਆਤੰਕ ਦਾ ਖ਼ੌਫ ਹੈ। ਇਨਸਾਨ ਦੇ ਸੁੰਘਣ ਲਈ ਬਾਰੂਦ ਅਤੇ ਖਾਣ ਲਈ ਕੇਵਲ ਅੱਗ ਬਚੀ ਹੈ। ਅਜੋਕਾ ਇਨਸਾਨ ਧਨ ਦੀ ਅੰਨ੍ਹੀ ਅਤੇ ਅਮੋੜ ਲਾਲਸਾ ਵਿਚ ਕਿਥੋਂ, ਕਿਥੇ ਪਹੁੰਚ ਗਿਆ ਹੈ। ਸਮਾਂ ਉਸ ਦੇ ਵਿਨਾਸ਼ ਅਤੇ ਪਤਨ ਦੀ ਕਹਾਣੀ ਨੂੰ ਨਿਰਸੰਕੋਚ ਬਿਆਨ ਕਰ ਰਿਹਾ ਹੈ।

## 17. ਹੁਣ ਮਾਂ...: ਸੁਖਵਿੰਦਰ ਅੰਮ੍ਰਿਤ

ਇਸ ਕਵਿਤਾ ਵਿਚ ਕਵਿੱਤਰੀ ਆਪਣੀ ਮਾਂ ਦੇ ਜੀਵਨ ਦੀ ਕਰੁਣ-ਕਥਾ ਨੂੰ ਬਿਆਨ ਕਰਦੀ ਹੈ। ਉਸ ਅਨੁਸਾਰ ਮਾਂ ਹੁਣ ਬੁੱਢੀ ਹੋ ਗਈ ਹੈ। ਉਸ ਦੀਆਂ ਸੁੰਦਰ ਮੋਟੀਆਂ ਅੱਖਾਂ ਉਪਰ ਐਨਕਾਂ ਲੱਗ ਗਈਆਂ ਹਨ ਅਤੇ ਹੁਣ ਉਹ ਵਿਹੜੇ ਵਿਚ ਬੈਠੀ ਆਪਣੀਆਂ ਧੀਆਂ ਦੇ ਸਹੁਰੇ ਘਰੋਂ ਆ ਕੇ ਦੁਖ-ਸੁਖ ਕਰਨ ਨੂੰ ਉਡੀਕਦੀ ਰਹਿੰਦੀ ਹੈ। ਜਵਾਨੀ ਸਮੇਂ ਮਾਂ ਬਹੁਤ ਸੁੰਦਰ ਹੁੰਦੀ ਸੀ। ਸ਼ਨੀਲ ਦਾ ਮੋਤੀਆਂ ਵਾਲਾ ਸੂਟ ਪਾ ਕੇ ਜਦੋਂ ਉਹ ਆਪਣੀ ਗੁੱਤ ਕਰਦੀ ਸੀ ਤਾਂ ਉਸ ਦੀ ਜਵਾਨੀ ਅਤੇ ਰੂਪ ਹਰ ਦੇਖਣ ਵਾਲੇ ਦੇ ਮਨ ਨੂੰ ਮੋਹ ਲੈਂਦੇ ਸਨ। ਪਰ ਉਹ ਆਪਣੇ ਸ਼ਰਾਬੀ ਪਤੀ ਦੇ ਲਲਕਾਰਿਆਂ ਤੋਂ ਡਰਦੀ ਰਹਿੰਦੀ ਸੀ। ਉਸਦਾ ਪਤੀ ਆਨੇ-ਬਹਾਨੇ ਉਸ ਦੀ ਕੁੱਟ ਮਾਰ ਕਰਦਾ ਰਹਿੰਦਾ ਸੀ। ਕਈ ਵਾਰ ਉਸ ਨੇ ਉਸਦੀ ਗੁੱਤ ਵੀ ਪੱਟੀ ਸੀ। ਮਾਂ ਉਸਦਾ ਹਰ ਜ਼ੁਲਮ ਚੁਪ-ਚਾਪ ਸਹਾਰ ਲੈਂਦੀ ਸੀ। ਸਾਡੇ ਮਰਦ ਪ੍ਰਧਾਨ ਸਮਾਜ ਵਿਚ ਹਰ ਪਤੀ ਆਪਣੀ ਪਤਨੀ ਨਾਲ ਇਸੇ ਪ੍ਰਕਾਰ ਦਾ ਸਲੂਕ ਕਰਦਾ ਹੈ। ਇਸ ਲਈ ਕਿਸੇ ਨੂੰ ਵੀ ਇਸ ਬਾਰੇ ਕੋਈ ਹੈਰਾਨੀ ਨਹੀਂ ਸੀ ਹੁੰਦੀ।

ਮਾਂ ਇਕ ਸੰਵੇਦਨਸ਼ੀਲ ਨਾਰੀ ਸੀ। ਉਸ ਪਾਸ ਇਕ ਕਵਿਤਾਵਾਂ ਵਾਲੀ ਕਾਪੀ ਵੀ ਹੁੰਦੀ ਸੀ ਪਰ ਧੀ ਨੇ ਮਾਂ ਨੂੰ ਕਦੇ ਉਸ ਕਾਪੀ ਵਿਚੋਂ ਗੀਤ ਗੁਣਗੁਣਾਉਂਦੇ ਨਹੀਂ ਸੀ ਤੱਕਿਆ। ਗ੍ਰਿਹਸਥੀ ਦਾ ਬੋਝ ਢੋਂਦਿਆਂ-ਢੋਂਦਿਆਂ ਉਹ ਕਈ ਧੀਆਂ ਦੀ ਮਾਂ ਬਣ ਗਈ ਸੀ। ਇਸੇ ਕਸੂਰ ਦੇ ਬਦਲੇ ਉਸ ਨੂੰ ਪਤੀ ਹੱਥੋਂ ਹਰ ਰੋਜ਼ ਅਪਮਾਨ ਸਹਿਣਾ ਪੈਂਦਾ ਸੀ। ਹੌਲੀ-ਹੌਲੀ ਸਭ ਧੀਆਂ ਦੇ ਵਿਆਹ ਹੋ ਗਏ। ਉਸ ਦਾ ਜ਼ਾਲਮ ਪਤੀ ਵੀ ਸ਼ਾਇਦ ਕਿਧਰੇ ਮਰ-ਖਪ ਗਿਆ। ਉਹ ਹੁਣ ਇਕੱਲੀ ਰਹਿ ਗਈ ਹੈ। ਕਦੇ-ਕਦਾਈਂ ਕੋਈ ਧੀ ਉਸ ਨਾਲ ਦੁਖ-ਸੁਖ ਕਰ ਕੇ ਵਾਪਸ ਆਪਣੇ ਸਹੁਰੇ-ਘਰ ਪਰਤ ਜਾਂਦੀ ਹੈ। ਕਵਿੱਤਰੀ ਸੋਚਦੀ ਹੈ ਕਿ ਉਸ ਦੀ ਮਾਂ ਇਕ ਕਾਇਰ ਔਰਤ ਸੀ। ਉਹ ਆਪਣੇ ਸ੍ਵੈਮਾਨ ਅਤੇ ਸੁਤੰਤਰਤਾ ਦੀ ਰਾਖੀ ਨਾ ਕਰ ਸਕੀ। ਉਸ ਦੀ ਗੀਤਾਂ ਵਾਲੀ ਕਾਪੀ ਵੀ ਇਧਰ-ਉਧਰ ਕਿਤੇ ਰੁਲ ਗਈ। ਉਹ ਉਸ ਨਾਲ ਹਮਦਰਦੀ ਨਹੀਂ ਕਰਨਾ ਚਾਹੁੰਦੀ। ਪਰ ਫਿਰ ਉਹ ਸੋਚਦੀ ਹੈ ਕਿ ਉਸ ਨੇ ਆਪਣੀ ਮਾਂ ਤੋਂ ਹੀ ਸਿਖਿਆ ਹੈ ਕਿ ਹਰ ਇਸਤ੍ਰੀ ਨੂੰ ਆਪਣੇ ਅਧਿਕਾਰਾਂ ਨਾਲ ਲੜਨਾ ਚਾਹੀਦਾ ਹੈ। ਧੀ ਨੂੰ ਮਾਂ ਤੋਂ ਹੀ ਅਹਿਸਾਸ ਹੋਇਆ ਹੈ ਕਿ ਆਪਣੇ ਸੁਪਨਿਆਂ ਅਤੇ ਸੱਧਰਾਂ ਨੂੰ ਮਾਰ ਕੇ ਜੀਣਾ ਇਕ ਗੁਨਾਹ ਹੈ। ਜੇ ਅੱਜ ਉਹ ਬਹਾਦਰ ਹੈ, ਆਪਣੇ ਅਧਿਕਾਰਾਂ ਅਤੇ ਸ੍ਵੈਮਾਨ ਪ੍ਰਤੀ ਚੇਤੰਨ ਹੈ ਤਾਂ ਇਸ ਦੇ ਪਿਛੇ ਉਸ ਦੀ ਮਾਂ ਦੀ ਬੇਪੱਤੀ ਅਤੇ ਦੁਰਦਸ਼ਾ ਹੀ ਜ਼ਿੰਮੇਵਾਰ ਹੈ। ਇਹ ਸੋਚ ਕੇ ਉਹ ਆਪਣੀ ਮਾਂ ਦੇ ਘਰ ਵੱਲ ਨਿਕਲ ਤੁਰਦੀ ਹੈ ਅਤੇ ਬੁੱਕਲ ਵਿਚ ਲੈ ਕੇ ਉਸ ਨੂੰ ਪਿਆਰ ਕਰਦੀ ਹੈ। ਉਹ ਫ਼ੈਸਲਾ ਕਰਦੀ ਹੈ ਕਿ ਉਹ ਆਪਣੀ ਮਾਂ ਦੀ ਗੀਤਾਂ ਵਾਲੀ ਕਾਪੀ ਵਿਚ ਨਾਰੀ ਦੀ ਸੁਤੰਤਰਤਾ ਅਤੇ ਸ੍ਵੈਮਾਨ ਦੇ ਗੀਤ ਲਿਖਦੀ ਰਹੇਗੀ। ਮਾਂ ਦੀਆਂ ਅਧੂਰੀਆਂ ਇੱਛਾਵਾਂ ਨੂੰ ਪੂਰੀਆਂ ਕਰਨ ਲਈ ਵਾਹ ਲਾ ਦੇਵੇਗੀ।

ਪਾਠ ਨੰ. 1.2

## ਕਾਵਿ ਲਹਿਰਾਂ: ਕਵਿਤਾਵਾਂ ਦਾ ਸਾਰ

### ਉਦੇਸ਼

ਇਸ ਪਾਠ ਦਾ ਉਦੇਸ਼ ਵਿਦਿਆਰਥੀਆਂ ਨੂੰ 'ਕਾਵਿ ਲਹਿਰਾਂ' ਵਿਚ ਸੰਕਲਿਤ ਕਵਿਤਾਵਾਂ ਦਾ ਸਾਰ ਲਿਖਣ ਦੀ ਵਿਧੀ ਸਮਝਾਉਣਾ ਹੈ। ਸਾਰ ਵਿਚ ਉਹ ਸਾਰੇ ਵਿਚਾਰਧਾਰਕ ਵੇਰਵੇ ਅਤੇ ਘਟਨਾਵਾਂ ਬਿਆਨ ਕਰਨੀਆਂ ਹੁੰਦੀਆਂ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਕਵੀ ਆਪਣੀ ਕਵਿਤਾ ਨੂੰ ਉਸਾਰਦਾ ਹੈ। ਹਰ ਕਵੀ ਦਾ ਅਨੁਭਵ ਅਤੇ ਰਚਨਾ-ਵਿਧੀ ਵੱਖਰੀ-ਵੱਖਰੀ ਹੁੰਦੀ ਹੈ। ਵਿਦਿਆਰਥੀਆਂ ਨੂੰ ਕਿਸੇ ਕਵਿਤਾ ਦੀ ਤਹਿ ਵਿਚ ਡੂੰਘਾ ਉਤਰ ਕੇ ਉਸ ਦਾ ਸਾਰ ਤਿਆਰ ਕਰਨਾ ਪੈਂਦਾ ਹੈ। ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਕੋਈ ਵੀ ਮਹੱਤਵਪੂਰਨ ਵੇਰਵਾ ਜਾਂ ਕੜੀ ਛੁੱਟ ਨਾ ਜਾਵੇ। ਇਸ ਦੇ ਨਾਲ ਹੀ ਵਿਦਿਆਰਥੀ ਨੂੰ ਸੰਖੇਪਤਾ ਵੱਲ ਵੀ ਧਿਆਨ ਰੱਖਣ ਦੀ ਜ਼ਰੂਰਤ ਪੈਂਦੀ ਹੈ। ਸੰਖੇਪਤਾ ਹੀ ਕਿਸੇ ਸਾਰ ਲਿਖਣ ਵਾਲੇ ਲੇਖਕ ਦੀ ਅਸਲ ਪਹਿਚਾਣ ਹੁੰਦੀ ਹੈ।

### ਰੂਪ-ਰੇਖਾ

'ਕਾਵਿ ਲਹਿਰਾਂ' ਵਿਚ ਭਾਈ ਵੀਰ ਸਿੰਘ ਤੋਂ ਲੈ ਕੇ ਸੁਖਵਿੰਦਰ ਅੰਮ੍ਰਿਤ ਤਕ ਕੁਲ 17 ਕਵੀ ਸੰਕਲਿਤ ਹਨ। ਇਸ ਪੁਸਤਕ ਦੇ ਵਿਦਵਾਨ ਸੰਪਾਦਕਾਂ ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਹਰ ਕਵੀ ਦੀ ਇਕ ਪ੍ਰਤੀਨਿਧ ਲੰਬੀ ਕਵਿਤਾ ਨੂੰ ਇਸ ਸੰਗ੍ਰਹਿ ਵਿਚ ਸ਼ਾਮਲ ਕੀਤਾ ਹੈ। ਅਸੀਂ ਇਨ੍ਹਾਂ ਸਾਰੀਆਂ ਕਵਿਤਾਵਾਂ ਦਾ ਸਾਰ ਆਪਣੇ ਵਿਦਿਆਰਥੀਆਂ ਦੀ ਅਗਵਾਈ ਲਈ ਦੇ ਰਹੇ ਹਾਂ, ਤਾਂ ਜੋ ਉਨ੍ਹਾਂ ਨੂੰ ਕਿਸੇ ਹੋਰ ਸਹਾਇਕ ਸਮਗਰੀ ਲਈ ਇਧਰ-ਉਧਰ ਭਟਕਣਾ ਨਾ ਪਵੇ। ਫਿਰ ਵੀ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਕਵੀ ਦੀ ਮੂਲ ਕਵਿਤਾ ਨੂੰ ਕਈ ਵਾਰ ਧਿਆਨ ਨਾਲ ਪੜ੍ਹਨ ਅਤੇ ਕਵਿਤਾ ਦੇ ਜ਼ਰੂਰੀ ਵੇਰਵੇ ਆਪਣੀ ਨੋਟ ਬੁਕ ਵਿਚ ਲਿਖ ਲੈਣ। ਇਸ ਵਿਧੀ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧ ਜਾਵੇਗਾ।

### ਭੂਮਿਕਾ

ਕਿਸੇ ਵੀ ਲੰਬੀ ਕਵਿਤਾ ਨੂੰ ਜ਼ਬਾਨੀ ਯਾਦ ਰੱਖਣਾ ਕਾਫ਼ੀ ਕਠਿਨ ਹੁੰਦਾ ਹੈ। ਇਸ ਲਈ ਪੰਜਾਬੀ ਕਾਵਿ ਬਾਰੇ ਗੱਲ-ਬਾਤ ਕਰਨ ਸਮੇਂ ਸਾਡੇ ਪਾਸ ਪ੍ਰਮੁੱਖ ਕਵੀਆਂ ਦੀ ਪ੍ਰਤੀਨਿਧ ਕਵਿਤਾਵਾਂ ਦੇ ਜ਼ਰੂਰੀ ਵੇਰਵੇ ਹੋਣੇ ਚਾਹੀਦੇ ਹਨ। ਹਰ ਕਵਿਤਾ ਦੀਆਂ ਦੋ-ਚਾਰ ਪੰਕਤੀਆਂ ਵੀ ਯਾਦ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਜ਼ਰੂਰਤ ਦੇ ਵਕਤ ਉਨ੍ਹਾਂ ਦੀ ਉਦਾਹਰਣ ਦਿੱਤੀ ਜਾ ਸਕੇ।

### 1. ਅਟਕ

ਭਾਈ ਵੀਰ ਸਿੰਘ (1872-1957) ਆਧੁਨਿਕ ਪੰਜਾਬੀ ਕਾਵਿ ਦਾ ਮੋਢੀ ਸੀ। ਸਭ ਤੋਂ ਪਹਿਲਾਂ ਉਸ ਨੇ ਹੀ ਨਿਸ਼ਚਿਤ ਸਿਰਲੇਖ ਵਾਲੀਆਂ ਛੋਟੀਆਂ ਕਵਿਤਾਵਾਂ ਲਿਖਣ ਦੀ ਪਹਿਲ ਕੀਤੀ ਸੀ। ਉਸ ਤੋਂ ਪਹਿਲਾਂ ਪੰਜਾਬੀ ਕਾਵਿ ਵਿਚ ਕਿੱਸੇ, ਵਾਰਾਂ, ਜੰਗਨਾਮੇ ਜਾਂ ਅਧਿਆਤਮਕ ਕਾਵਿ (ਗੁਰਬਾਣੀ ਅਤੇ ਸੂਫ਼ੀ ਕਲਾਮ) ਹੀ ਲਿਖਿਆ ਜਾਂਦਾ ਸੀ। 'ਅਟਕ' ਸਾਂਝੇ ਪੰਜਾਬ ਵਿਚ ਵਗਣ ਵਾਲੇ ਇਕ ਦਰਿਆ ਦਾ ਨਾਮ ਸੀ, ਜੋ ਹੁਣ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਰਹਿ ਗਿਆ ਹੈ। ਇਹ ਦਰਿਆ ਆਪਣੀ ਤੇਜ਼ ਰਵਾਨੀ ਕਾਰਨ ਪ੍ਰਸਿੱਧ ਸੀ। ਕਵੀ ਨੇ ਇਹ ਕਵਿਤਾ ਪ੍ਰਸ਼ਨ-ਉਤਰ ਸ਼ੈਲੀ ਵਿਚ ਲਿਖੀ ਹੈ। ਕਵੀ ਅਟਕ ਨੂੰ ਇਕ ਪ੍ਰਸ਼ਨ ਪੁੱਛਦਾ ਹੈ, ਜਿਸ ਦਾ ਉਤਰ ਅਟਕ ਦਰਿਆ ਬੜੇ ਤਰਕਪੂਰਨ ਢੰਗ ਨਾਲ ਦਿੰਦਾ ਹੈ। ਕਵੀ ਪੁੱਛਦਾ ਹੈ ਕਿ ਪੰਜਾਬੀ ਲੋਕਾਂ ਨੇ ਉਸ ਦਾ ਨਾਮ 'ਅਟਕ' ਇਸ ਕਾਰਨ ਰੱਖਿਆ ਸੀ ਕਿਉਂਕਿ ਉਹ ਕਿਸੇ ਯਾਤਰੀ ਨੂੰ ਪਾਰ ਨਹੀਂ ਸੀ ਲੰਘਣ ਦਿੰਦਾ। ਹਰ ਇਕ ਦੇ ਰਸਤੇ ਵਿਚ ਅਟਕ (ਰੁਕਾਵਟ) ਪਾ ਦਿੰਦਾ ਸੀ ਪਰੰਤੂ ਜਦੋਂ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆਂ ਵਲੋਂ ਆਉਣ ਵਾਲੇ ਹਮਲਾਵਰਾਂ ਨੂੰ ਰੋਕਣ ਦੀ ਜ਼ਰੂਰਤ ਸੀ ਤਾਂ ਉਸ ਨੇ ਆਪਣੀ ਜ਼ਿੰਮੇਵਾਰੀ ਨਾ ਨਿਭਾਈ ਬਲਕਿ ਜ਼ਾਲਮ ਲੁਟੇਰਿਆਂ ਨੂੰ ਬਿਨਾਂ ਕਿਸੇ ਰੁਕਾਵਟ ਲੰਘ ਜਾਣ ਦਿੱਤਾ। ਇਸ ਗੱਲ ਦਾ ਉਸ ਪਾਸ ਕੀ ਉੱਤਰ ਹੈ?

ਅਟਕ ਜਵਾਬ ਦਿੰਦਾ ਹੈ ਕਿ ਮੇਰਾ ਨਾਮ 'ਅਟਕ' ਇਸ ਲਈ ਹੈ ਕਿਉਂਕਿ ਮੈਂ ਕਦੇ ਵੀ ਰੁਕਦਾ ਵੀ ਨਹੀਂ ਹਾਂ ਬਲਕਿ ਦਿਨ-ਰਾਤ ਆਪਣੀ ਮੰਜ਼ਿਲ (ਸਾਗਰ) ਵਲ ਤੁਰਿਆ ਜਾਂਦਾ ਹੈ। ਗਤੀਸ਼ੀਲਤਾ ਹੀ ਜੀਵਨ ਹੈ ਅਤੇ ਜਿਹੜਾ ਵਿਅਕਤੀ ਜਾਂ ਕੋਈ ਸ਼ਕਤੀ ਰੁਕ ਜਾਂਦੀ ਹੈ, ਉਹ ਮਰ ਜਾਂਦੀ ਹੈ। ਕੇਵਲ ਦਰਿਆ ਹੀ ਨਹੀਂ ਬਲਕਿ ਨਰ-ਨਾਰੀ, ਰੁਖ-ਬੂਟੇ, ਪਸ਼ੂ-ਪੰਛੀ, ਸੂਰਜ-ਚੰਦ ਅਤੇ ਤਾਰੇ ਸਾਰੇ ਹੀ ਤੁਰੀ ਜਾ ਰਹੇ ਹਨ। ਮੇਰਾ ਨਾਮ ਅਟਕ ਇਸ ਲਈ ਹੈ ਕਿਉਂਕਿ ਮੈਂ ਵੀ ਸਦਾ ਤੁਰੀ ਜਾਂਦਾ ਹਾਂ। ਮੈਂ ਇਕ ਦਰਿਆ ਹਾਂ ਅਤੇ ਮੇਰਾ ਕੰਮ ਧਰਤੀ ਨੂੰ ਸਿੰਜਣਾ ਅਤੇ ਫ਼ਸਲਾਂ ਨੂੰ ਉਗਾਉਣਾ ਹੈ। ਮੇਰੇ ਵਿਚ ਏਨੀ ਬੁੱਧੀ ਨਹੀਂ ਹੈ ਕਿ ਮੈਂ ਕਿਸੇ ਚੰਗੇ-ਮੰਦੇ ਆਦਮੀ ਦੀ ਪਹਿਚਾਣ ਕਰ ਸਕਾਂ। ਚੰਗੇ ਨੂੰ ਪਾਰ ਲੰਘ ਜਾਣ ਦੇਵਾਂ ਅਤੇ ਬੁਰੇ ਨੂੰ ਰੋਕ ਦੇਵਾਂ। ਇਹ ਬੁੱਧੀ ਪਰਮਾਤਮਾ ਨੇ ਕੇਵਲ ਮਨੁੱਖ ਨੂੰ ਹੀ ਬਖ਼ਸ਼ੀ ਹੈ। ਉਹੀ ਜ਼ਾਲਮਾਂ ਨੂੰ ਰੋਕਣ ਜਾਂ ਮੋੜਨ ਦਾ ਕੰਮ ਕਰ ਸਕਦੇ ਹਨ। ਮੈਂ ਨਹੀਂ। ਇਹ ਤੁਹਾਡੀ ਮਨੁੱਖਾਂ ਦੀ ਜ਼ਿੰਮੇਵਾਰੀ ਸੀ ਕਿ ਤੁਸੀਂ ਅੱਗੇ ਵਧ ਕੇ ਜਰਵਾਣਿਆ ਨੂੰ ਰੋਕ ਦਿੰਦੇ ਪਰ ਤੁਸੀਂ ਤਾਂ ਆਪ ਹੀ ਅਟਕ ਗਏ, ਸੋਚਾਂ ਵਿਚ ਪੈ ਗਏ। ਸਿੱਟੇ ਵਜੋਂ ਜਰਵਾਣੇ ਅੱਗੇ ਵਧ ਆਏ। ਉਨ੍ਹਾਂ ਨੇ ਨਾ ਕੇਵਲ ਦੇਸ਼ ਨੂੰ ਲੁਟਿਆ-ਪੁਟਿਆ ਬਲਕਿ ਆਪਣਾ ਗ਼ੁਲਾਮ ਬਣਾ ਲਿਆ। ਜੇ ਤੁਸੀਂ ਆਪਣੀ ਜ਼ਿੰਮੇਵਾਰੀ ਨੂੰ ਪਹਿਚਾਣ ਲੈਂਦੇ, ਏਕਤਾ ਅਤੇ ਵਿਉਂਤ ਨਾਲ ਜਾਬਰਾਂ ਨੂੰ ਠੱਲ੍ਹ ਪਾ ਦਿੰਦੇ ਤਾਂ ਮੈਂ ਵੀ ਤੁਹਾਡਾ ਕੁਝ ਸਾਥ ਦੇ ਦਿੰਦਾ। ਪਰ ਤੁਸੀਂ ਐਸ਼ਪ੍ਰਸਤੀ ਅਤੇ ਨਾਇਤਫ਼ਾਕੀ ਦੇ ਕਾਰਨ ਇਕੱਠੇ ਨਾ ਹੋ ਸਕੇ। ਸਿੱਟੇ ਵਜੋਂ ਮਾਰੇ ਗਏ। ਅਟਕ ਦਰਿਆ ਇਹ ਸੰਦੇਸ਼ ਦਿੰਦਾ ਹੈ:

ਅੱਗੇ ਜਿਹੜਾ ਵਧਦਾ ਨਾ,
ਜਾਣੋਂ ਪਿਛੇ ਮੁੜ ਰਿਹਾ ਹੈ
ਬੇੜੀ ਆਪਣੀ ਬੋੜਦਾ ਤੇ
    ਰੋੜ੍ਹਦਾ ਹੈ ਨਾਮਣਾ।
ਲਗਾਤਾਰ ਸਹਿਜ ਸਹਿਜ
ਹੋਸ਼, ਬੁਧਿ, ਧਰਮ ਨਾਲ
ਮੇਲ, ਵਿਉਂਤ ਜੁਗਤ ਚਲੇ-
    ਕੌਣ ਕਰੇ ਸੁ ਸਾਮਨਾ?
        (ਅਟਕ, ਪੰਨਾ 4)

ਭਾਈ ਵੀਰ ਸਿੰਘ ਦੀ ਇਹ ਕਵਿਤਾ ਬੜੀ ਪ੍ਰੇਰਨਾ ਭਰਪੂਰ ਹੈ। ਇਹ ਭਾਰਤਵਾਸੀਆਂ ਨੂੰ ਏਕਤਾ, ਗਤੀਸ਼ੀਲਤਾ ਅਤੇ ਪਰਸਪਰ ਮੇਲ-ਜੋਲ ਦਾ ਸੰਦੇਸ਼ ਦਿੰਦੀ ਹੈ। ਇਹ ਸੰਦੇਸ਼ ਅਜ ਵੀ ਪੂਰੀ ਤਰ੍ਹਾਂ ਨਾਲ ਪ੍ਰਾਸੰਗਿਕ ਹੈ।

## 2. ਮੁੱਲ ਪਾ ਤੂੰ ਆਪਣਾ

ਸੱਤ ਖੰਡਾਂ ਵਿਚ ਵਿਭਾਜਿਤ ਇਸ ਸੰਬੋਧਨਮਈ ਕਵਿਤਾ ਵਿਚ ਪੰਜਾਬ ਦਾ ਅਲਬੇਲਾ ਕਵੀ ਪ੍ਰੋ. ਪੂਰਨ ਸਿੰਘ ਹਰ ਪੰਜਾਬੀ ਵਿਅਕਤੀ ਨੂੰ ਆਪਣੇ ਬਾਰੇ ਸ੍ਵੈਮਾਨ ਦੀ ਭਾਵਨਾ ਵਿਕਸਿਤ ਕਰਨ ਦਾ ਸੰਦੇਸ਼ ਦਿੰਦਾ ਹੈ। ਕਵੀ ਅਨੁਸਾਰ ਹਰ ਵਿਅਕਤੀ ਨੂੰ ਆਪਣੇ ਆਪ ਉਪਰ ਬਹੁਤ ਸਾਰਾ, ਵੱਧ ਤੋਂ ਵੱਧ ਸ੍ਵੈਮਾਨ ਹੋਣਾ ਚਾਹੀਦਾ ਹੈ। ਉਹ ਕਹਿੰਦਾ ਹੈ ਕਿ ਨੌਜਵਾਨਾਂ ਦਾ ਦਿਲ ਅਤੇ ਦਿਮਾਗ਼ ਸੱਜਰਾ ਹੁੰਦਾ ਹੈ। ਉਨ੍ਹਾਂ ਵਿਚ ਈਰਖਾ ਅਤੇ ਹੋਰ ਵਿਕਾਰਾਂ ਦਾ ਪ੍ਰਵੇਸ਼ ਨਹੀਂ ਹੋਇਆ ਹੁੰਦਾ। ਪਰਮਾਤਮਾ ਨੇ ਅਜੇ ਉਨ੍ਹਾਂ ਨੂੰ ਥੋੜ੍ਹਾ ਸਮਾਂ ਪਹਿਲਾਂ ਹੀ ਇਸ ਧਰਤੀ ਉਪਰ ਭੇਜਿਆ ਹੁੰਦਾ ਹੈ। ਇਸ ਕਾਰਨ ਉਨ੍ਹਾਂ ਦੇ ਚਿਹਰਿਆਂ ਉਪਰ ਇਕ ਜਲਾਲ ਅਤੇ ਨੂਰ ਹੁੰਦਾ ਹੈ। ਨੌਜਵਾਨਾਂ ਨੂੰ ਇਹ ਜਲਲ ਅਤੇ ਨੂਰ ਮੱਧਮ ਨਹੀਂ ਪੈਣ ਦੇਣੇ ਚਾਹੀਦੇ। ਉਸ ਨੂੰ ਸਿੱਕਿਆਂ ਦੀ ਖ਼ਾਤਰ ਕਿਸੇ ਦੀ ਗ਼ੁਲਾਮੀ ਨਹੀਂ ਕਰਨੀ ਚਾਹੀਦੀ।

ਸ੍ਵੈਮਾਨ ਅਤੇ ਆਤਮ-ਵਿਸ਼ਵਾਸ ਨਾਲ ਪੱਕੇ ਪੈਰਾਂ ਉਪਰ ਖੜੇ ਹੋਣ ਵਾਲੇ ਲੋਕ ਇਤਿਹਾਸ ਨੂੰ ਬਦਲ ਸਕਦੇ ਹਨ। ਉਨ੍ਹਾਂ ਵਿਚ ਏਨਾ ਜੋਸ਼ ਅਤੇ ਸ਼ਕਤੀ ਹੁੰਦੀ ਹੈ ਕਿ ਉਹ ਇਤਿਹਾਸ ਨੂੰ ਬਦਲ ਸਕਦੇ ਹਨ। ਪੰਜਾਬੀ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਦੇਸ਼ ਦੇ ਇਤਿਹਾਸ ਨੂੰ ਬਦਲ ਦੇਣ, ਅਸੰਭਵ ਨੂੰ ਸੰਭਵ ਕਰ ਕੇ ਵਿਖਾ

ਦੇਣ। ਉਹ ਇਨ੍ਹਾਂ ਪੰਜਾਬੀਆਂ ਨੂੰ ਨਿੱਕੇ-ਮੋਟੇ ਕੰਮਾਂ ਅਤੇ ਮਨ-ਪਰਚਾਵਿਆਂ ਨੂੰ ਛੱਡਣ ਦੀ ਸਲਾਹ ਦਿੰਦਾ ਹੈ। ਕਵੀ ਦੀ ਇੱਛਾ ਹੈ ਕਿ ਪੰਜਾਬੀ ਨੌਜਵਾਨਾਂ ਦੇ ਆਦਰਸ਼ ਉਚੇ ਹੋਣ ਅਤੇ ਵਿਸ਼ਵ-ਇਤਿਹਾਸ ਵਿਚ ਉਨ੍ਹਾਂ ਦੀ ਇਕ ਵੱਖਰੀ ਪਹਿਚਾਣ ਹੋਵੇ। ਉਹ ਟੁਕੜੇ-ਟੁਕੜੇ ਨਾ ਹੋਣ ਬਲਕਿ ਇਕੱਠੇ ਹੋ ਕੇ ਆਪਣੇ ਦੇਸ਼ ਨੂੰ ਬਦਲਣ ਲਈ ਪੂਰੀ ਵਾਹ ਲਾ ਦੇਣ।

ਮਨੁੱਖੀ ਜੀਵਨ ਵਿਚ ਕਈ ਦੌਰ ਅਜਿਹੇ ਆਉਂਦੇ ਹਨ ਜਦੋਂ ਉਪਰ-ਥੱਲੇ ਬਹੁਤ ਸਾਰੀਆਂ ਅਸਫ਼ਲਤਾਵਾਂ ਦਾ ਮੂੰਹ ਵੇਖਣ ਤੋਂ ਬਾਅਦ ਮਨੁੱਖ ਨਿਰਾਸ਼ ਅਤੇ ਉਪਰਾਮ ਹੋ ਜਾਂਦਾ ਹੈ।ਉਸਦਾ ਆਤਮ-ਵਿਸ਼ਵਾਸ ਡੋਲ ਜਾਂਦਾ ਹੈ। ਪਰ ਕਵੀ ਸਮਝਾਉਂਦਾ ਹੈ ਕਿ ਹਰ ਸਮੇਂ ਮਨੁੱਖ ਨੂੰ ਚੜ੍ਹਦੀ ਕਲਾ ਵਿਚ ਰਹਿਣਾ ਚਾਹੀਦਾ ਹੈ। ਪਰਮਾਤਮਾ ਨੇ ਮਨੁੱਖ ਨੂੰ ਫ਼ਤਹਿ ਪ੍ਰਾਪਤ ਕਰਨ ਲਈ ਪੈਦਾ ਕੀਤਾ ਹੈ, ਪਰਾਜਿਤ ਹੋਣ ਲਈ ਨਹੀਂ। ਇਸ ਲਈ ਮਨੁੱਖ ਨੂੰ ਹਰ ਸਮੇਂ ਪ੍ਰਸੰਗ ਅਤੇ ਸ੍ਵੈਮਾਨ ਨਾਲ ਭਰਪੂਰ ਰਹਿਣਾ ਚਾਹੀਦਾ ਹੈ। ਪਰਮਾਤਮਾ ਨੇ ਮਨੁੱਖ ਲਈ ਬੇਅੰਤ ਦਾਤਾਂ ਨਾਲ ਭਰਪੂਰ ਸ੍ਰਿਸ਼ਟੀ ਸਾਜੀ ਹੈ। ਉਹ ਮਿਹਨਤ ਕਰ ਕੇ ਆਪਣੇ ਅਤੇ ਪੂਰੇ ਸਮਾਜ ਲਈ ਅੰਨ-ਧਨ ਦੇ ਅਖੁੱਟ ਭੰਡਾਰ ਪੈਦਾ ਕਰ ਸਕਦਾ ਹੈ। ਇਸ ਲਈ ਉਸ ਨੂੰ ਸਦਾ ਪਰਮਾਤਮਾ ਉਪਰ ਵਿਸ਼ਵਾਸ ਰਖਣਾ ਚਾਹੀਦਾ ਹੈ। ਉਸ ਨੂੰ ਛੋਟੇ-ਮੋਟੇ ਸਵਾਰਥਾਂ ਦੀ ਪੂਰਤੀ ਲਈ ਨੀਵਾਂ ਨਹੀਂ ਡਿੱਗਣਾ ਚਾਹੀਦਾ ਬਲਕਿ ਆਤਮ-ਵਿਸ਼ਵਾਸ ਨਾਲ ਡਟ ਕੇ ਖੜ੍ਹੋਨਾ ਚਾਹੀਦਾ ਹੈ।

ਵੱਡੇ ਆਦਮੀ ਦੀ ਇਹੀ ਨਿਸ਼ਾਨੀ ਹੁੰਦੀ ਹੈ ਕਿ ਉਹ ਗਰੀਬੀ ਆ ਜਾਣ ਉਪਰ ਵੀ ਕਿਸੇ ਅੱਗੇ ਹੱਥ ਨਹੀਂ ਅੱਡਦਾ। ਉਹ ਸਿਰਫ਼ ਰੱਬ ਤੋਂ ਹੀ ਦਾਤਾਂ ਮੰਗਦਾ ਹੈ। ਕਵੀ ਚਾਹੁੰਦਾ ਹੈ ਕਿ ਆਦਮੀ ਕਦੇ ਵੀ ਖ਼ੁਦਗਰਜ਼ ਨਾ ਬਣੇ ਕਿਉਂਕਿ ਖ਼ੁਦਗਰਜ਼ੀ ਵਿਚ ਬੰਦਾ ਇਨਸਾਨੀਅਤ ਦੇ ਮਰਤਬੇ ਤੋਂ ਹੇਠਾਂ ਡਿੱਗ ਕੇ ਪਸ਼ੂ ਬਣ ਜਾਂਦਾ ਹੈ। ਬਹੁਤੇ ਲੋਕ ਖੁਦਗਰਜ਼ੀ ਦੇ ਕਾਰਨ ਹੀ ਦੁਖੀ ਅਤੇ ਅਸ਼ਾਂਤ ਦਿਖਾਈ ਦਿੰਦੇ ਹਨ। ਕਵੀ ਹਰ ਆਦਮੀ ਨੂੰ ਆਪਣੀ ਵਿਲੱਖਣਤਾ ਬਣਾਈ ਰੱਖਣ ਦਾ ਸੰਦੇਸ਼ ਦਿੰਦਾ ਹੈ। ਰੱਬ ਨੇ ਕਿਸੇ ਵੀ ਆਦਮੀ ਨੂੰ ਦੂਜੇ ਵਰਗਾ ਨਹੀਂ ਬਣਾਇਆ। ਸੋ ਬੰਦੇ ਨੂੰ ਚਾਹੀਦਾ ਹੈ ਕਿ ਉਹ ਦੂਜਿਆਂ ਦੀ ਨਕਲ ਕਰ ਕੇ ਉਨ੍ਹਾਂ ਵਰਗਾ ਬਣਨ ਦੀ ਕੋਸ਼ਿਸ਼ ਨਾ ਕਰੇ ਬਲਕਿ ਸ੍ਵੈਮਾਨ ਦੁਆਰਾ ਨਿਆਰਾ ਅਤੇ ਵੱਖਰਾ ਬਣਿਆ ਰਹੇ। ਇਸ ਨਾਲ ਦੁਨੀਆਂ ਵਧੇਰੇ ਖ਼ੂਬਸੂਰਤ ਪ੍ਰਤੀਤ ਹੋਵੇਗੀ। ਕਵੀ ਦਾ ਸੰਦੇਸ਼ ਹੈ:

ਵਡਿਆਂ ਦੀ ਰੀਤ ਨਹੀਂ
ਕਿਸੇ ਪਾਸੋਂ ਮੰਗਣਾ;
ਦਾਤਾ ਤੇਰਾ ਤੇਰੇ ਸਿਰ
ਭੁੱਖ ਪਿਆਸ ਤੂੰ ਸਹਾਰੀਂ,
ਹੱਥ ਨਾ ਲਾਈਂ ਗਰਜ਼ ਦੀ ਅੱਗ ਨੂੰ।
(ਮੁੱਲ ਪਾ ਤੂੰ ਆਪਣਾ, ਪੰਨਾ 8)

### 3. ਫੇਰ ਪਾਰੋ ਨੇ ਕਿਹਾ

ਬਾਵਾ ਬਲਵੰਤ ਆਧੁਨਿਕ ਪੰਜਾਬੀ ਸਾਹਿਤ ਦਾ ਇਕ ਕ੍ਰਾਂਤੀਕਾਰੀ ਕਵੀ ਸੀ। ਉਸ ਨੇ ਆਪਣੀ ਇਸ ਕਵਿਤਾ ਵਿਚ ਸ਼ਿਵ ਜੀ ਅਤੇ ਪਾਰਬਤੀ ਦੇਵੀ ਦੇ ਹਵਾਲੇ ਨਾਲ ਕ੍ਰਾਂਤੀ ਦਾ ਸੰਦੇਸ਼ ਦਿੱਤਾ ਹੈ। ਪਾਰਬਤੀ ਮਾਈ ਸ਼ਿਵ ਜੀ ਨੂੰ ਜਾਗ੍ਰਿਤ ਕਰਦੀ ਹੈ ਕਿ ਉਸ ਦੇ ਖੇਤਾਂ ਉਪਰ ਸਰਮਾਏਦਾਰੀ ਦਾ ਕਬਜਾ ਹੋਣ ਵਾਲਾ ਹੈ, ਦੇਸ਼ ਗ਼ੁਲਾਮ ਹੋ ਜਾਵੇਗਾ। ਹੁਣ ਗਫ਼ਲਤ ਦੀ ਨੀਂਦ ਵਿਚ ਸੌਣ ਦਾ ਸਮਾਂ ਨਹੀਂ ਬਲਕਿ ਜਾਗਣ ਦਾ ਵਕਤ ਹੈ। ਜੇ ਉਹ ਜਾਗ ਕੇ ਸਰਮਾਏਦਾਰੀ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਜਾਵੇਗਾ ਤਾਂ ਉਸ ਦੀ ਜਿੱਤ ਯਕੀਨੀ ਹੈ। ਫੇਰ ਪੂਰੇ ਦੇਸ਼ ਵਿਚ ਖ਼ੁਸ਼ੀਆਂ ਪਰਤ ਆਉਣਗੀਆਂ। ਪਰ ਜੇ ਉਹ ਅੱਖਾਂ ਮੀਟ ਕੇ ਭਗਤੀ ਵਿਚ ਹੀ ਲੱਗਿਆ ਰਿਹਾ ਤਾਂ ਦੇਸ਼ ਦੇ ਪੂਰੇ ਵਸੀਲਿਆਂ ਉਪਰ ਬਾਹਰਲੇ ਲੋਕ ਕਾਬਜ਼ ਹੋ ਜਾਣਗੇ। ਕਿਰਤੀ-ਕਿਸਾਨ ਭੁੱਖੇ ਮਰਨਗੇ ਅਤੇ ਬਾਹਰ ਤੋਂ ਆਏ ਹੋਏ ਐਸ਼ ਕਰਨਗੇ। ਭਗਤੀ-ਭਾਵਨਾ ਨੇ ਦੇਸ਼ ਦਾ ਕੁਝ ਨਹੀਂ ਸੰਵਾਰਨਾ। ਦੇਸ਼ ਗ਼ੁਲਾਮ ਹੋ ਜਾਵੇਗਾ ਅਤੇ ਭਾਰਤਵਾਸੀਆਂ ਦੀ ਜ਼ਿੰਦਗੀ ਨਰਕ ਬਣ ਕੇ ਰਹਿ ਜਾਵੇਗੀ।

ਅੱਖਾਂ ਮੀਟ ਕੇ ਭਗਤੀ ਕਰਨ ਵਾਲੇ ਲੋਕ ਆਪਣੇ ਦੇਸ਼ ਅਤੇ ਸਮਾਜ ਦਾ ਕੁਝ ਨਹੀਂ ਸੰਵਾਰ ਸਕਦੇ। ਖੁੱਲ੍ਹੀਆਂ ਅੱਖਾਂ ਵਾਲੇ ਜਾਗਰੂਕ ਅਤੇ ਹੋਸ਼ਮੰਦ ਵਿਅਕਤੀ ਹੀ ਆਪਣੇ ਦੇਸ਼ ਦੀ ਰਾਖੀ ਕਰ ਸਕਦੇ ਹਨ। ਕਵੀ ਅਨੁਸਾਰ:

ਅੱਖ ਜਦ ਹੈਵਾਨ ਦੀ ਖੁੱਲ੍ਹ ਜਾਏ ਇਹ
ਉਹ ਵੀ ਬਣ ਜਾਂਦਾ ਏ ਕਾਮਲ ਆਦਮੀ।
ਆਦਮੀ ਬਣਦਾ ਏ ਇਸ ਤੋਂ ਦੇਵਤਾ
ਹਰ ਨਦੀ ਸਾਗਰ ਬਣੇ।
ਖੰਭ ਲਾ ਕੇ ਉੱਡ ਸਕਦਾ ਏ ਪਹਾੜ।
(ਫੇਰ ਪਾਰੋ ਨੇ ਕਿਹਾ, ਪੰਨਾ 11)

ਸ਼ਿਵ ਜੀ ਦੇ ਬਾਰੇ ਵਿਚ ਇਹ ਮਿਥ ਪ੍ਰਸਿੱਧ ਹੈ ਕਿ ਜਦ ਉਸ ਦੀ ਤੀਸਰੀ ਅੱਖ ਖੁੱਲਦੀ ਹੈ ਤਾਂ ਇਕ ਭੂਚਾਲ ਆ ਜਾਂਦਾ ਹੈ। ਦੁਨੀਆਂ ਵਿਚੋਂ ਜ਼ੁਲਮ ਅਤੇ ਬੇਇਨਸਾਫੀ ਖ਼ਤਮ ਹੋ ਜਾਂਦੀ ਹੈ। ਨੇਕੀ ਅਤੇ ਇਨਸਾਫ ਦਾ ਯੁਗ ਵਾਪਸ ਆ ਜਾਂਦਾ ਹੈ। ਪਾਰਬਤੀ ਦੀ ਦੁਹਾਈ ਨੂੰ ਸੁਣ ਕੇ ਸ਼ਿਵ ਜੀ ਦੀ ਵਿਵੇਕ ਵਾਲੀ ਤੀਸਰੀ ਅੱਖ ਖੁਲ੍ਹ ਗਈ। ਉਸ ਨੇ ਜ਼ੁਲਮ ਦੇ ਵਿਰੁੱਧ ਯੁੱਧ ਕੀਤਾ ਅਤੇ ਇਸ ਨੂੰ ਮਿਟਾ ਕੇ ਰੱਖ ਦਿੱਤਾ। ਸ਼ਿਵ ਜੀ ਨੇ ਪਾਰਬਤੀ ਦਾ ਧੰਨਵਾਦ ਕੀਤਾ ਕਿਉਂਕਿ ਉਸ ਨੇ ਸ਼ਿਵ ਜੀ ਨੂੰ ਜਗਾਇਆ ਅਤੇ ਸਾਵਧਾਨ ਕੀਤਾ ਸੀ। ਕਵੀ ਕਹਿੰਦਾ ਹੈ ਕਿ ਨਾਰੀ ਜਗਤ ਦਾ ਕਲਿਆਣ ਕਰਨ ਵਾਲੀ ਇਕ ਸ਼ਕਤੀ ਹੈ। ਉਹ ਨਰਕ ਨੂੰ ਦੂਰ ਕਰ ਕੇ ਸੁਰਗ ਸਿਰਜ ਸਕਦੀ ਹੈ। ਇਸ ਲਈ ਹਰ ਪੁਰਸ਼ ਨੂੰ ਨਾਰੀ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜੇ ਕੋਈ ਦੇਸ਼ ਜਾਂ ਕੌਮ ਨਾਰੀ ਦਾ ਸਤਿਕਾਰ ਕਰਨਾ ਸਿੱਖ ਲਵੇ ਤਾਂ ਉਹ ਕਦੇ ਵੀ ਗ਼ੁਲਾਮ ਨਹੀਂ ਹੋ ਸਕਦਾ। ਉਸ ਦੀ ਆਜ਼ਾਦੀ ਨੂੰ ਕੋਈ ਖ਼ਤਰਾ ਨਹੀਂ ਹੋ ਸਕਦਾ। ਕਵੀ ਦੇ ਸ਼ਬਦਾਂ ਵਿਚ:

ਔਰਤ ਇਕ ਔਰਤ ਵੀ ਏ, ਸ਼ਕਤੀ ਵੀ ਏ,
ਜਗਤ-ਕਲਿਆਣੀ ਵੀ ਏ।
ਇਸ ਦਾ ਇਕ ਬੱਚਾ ਬਣਾ ਸਕਦਾ ਏ ਦੋਜ਼ਖ ਨੂੰ ਬਹਿਸ਼ਤ
ਮੌਤ ਨੂੰ ਇਕ ਜ਼ਿੰਦਗੀ।
(ਫੇਰ ਪਾਰੋ ਨੇ ਕਿਹਾ, ਪੰਨਾ 13)

## 4. ਅੰਬੀ ਦੇ ਬੂਟੇ ਥੱਲੇ

ਇਸ ਕਵਿਤਾ ਵਿਚ ਪ੍ਰੋ. ਮੋਹਨ ਸਿੰਘ ਨੇ ਇਕ ਫੌਜੀ ਸਿਪਾਹੀ ਦੀ ਪਤਨੀ ਦੀਆਂ ਉਨ੍ਹਾਂ ਯਾਦਾਂ ਨੂੰ ਬਿਆਨ ਕੀਤਾ ਹੈ, ਜਦੋਂ ਉਸ ਦਾ ਪਤੀ ਸਾਲਾਨਾ ਛੁੱਟੀ ਲੈ ਕੇ ਘਰ ਆਇਆ ਹੋਇਆ ਸੀ ਅਤੇ ਉਹ ਦੋਵੇਂ ਸਾਰਾ-ਸਾਰਾ ਦਿਨ ਖ਼ੂਬ ਮੌਜ ਮਸਤੀ ਕਰਦੇ ਸਨ। ਛੁੱਟੀ ਖ਼ਤਮ ਹੋਣ ਤੋਂ ਬਾਅਦ ਸਿਪਾਹੀ ਵਾਪਸ ਚਲਾ ਗਿਆ ਅਤੇ ਉਸ ਦੀ ਪਤਨੀ ਇਕੱਲੀ ਰਹਿ ਗਈ ਹੈ। ਜਦ ਵੀ ਉਹ ਚਰਖ਼ਾ ਲੈ ਕੇ ਕੱਤਣ ਬੈਠਦੀ ਹੈ ਤਾਂ ਇਕੱਠੇ ਬਿਤਾਏ ਖ਼ੁਸ਼ੀਆਂ ਭਰੇ ਦਿਨਾਂ ਦੀਆਂ ਯਾਦਾਂ ਉਸ ਨੂੰ ਘੇਰ ਲੈਂਦੀਆਂ ਹਨ। ਇਸ ਔਰਤ ਦੇ ਘਰ ਵਿਚ ਅੰਬੀ ਦਾ ਇਕ ਰੁੱਖ ਲਗਿਆ ਹੋਇਆ ਹੈ। ਉਸ ਨੂੰ ਯਾਦ ਆਉਂਦਾ ਹੈ ਕਿ ਇਕ ਦਿਨ ਜਦੋਂ ਉਸ ਦਾ ਪਤੀ ਘਰ ਵਿਚ ਸੀ ਤਾਂ ਉਸ ਨੇ ਖ਼ੂਬ ਹਾਰ ਸ਼ਿੰਗਾਰ ਲਾਇਆ ਹੋਇਆ ਸੀ। ਗਹਿਣੇ ਪਹਿਨ ਕੇ ਆਪਣੇ ਜੋਬਨ ਨੂੰ ਹੋਰ ਚਮਕਾ ਲਿਆ ਸੀ। ਉਸ ਦਾ ਪਤੀ ਸਾਹਮਣੇ ਬੈਠ ਕੇ ਉਸ ਨੂੰ ਆਪਣੇ ਫੌਜੀ ਜੀਵਨ ਦੀਆਂ ਘਟਨਾਵਾਂ ਸੁਣਾ ਰਿਹਾ ਸੀ। ਜੰਗ ਕਿਵੇਂ ਹੁੰਦੀ ਹੈ, ਸਮੁੰਦਰ ਵਿਚ ਜਹਾਜ਼ ਕਿਵੇਂ ਚਲਦੇ ਹਨ ਅਤੇ ਕਿਵੇਂ ਫੌਜੀ ਲੋਕ ਆਪਣੇ ਦੇਸ਼ਾਂ ਦੀ ਆਨ-ਸ਼ਾਨ ਵਾਸਤੇ ਅੱਗੇ ਵਧ-ਵਧ ਕੇ ਲੜਦੇ ਹਨ। ਇਹ ਗੱਲਾਂ ਕਰਦਾ ਕਰਦਾ ਉਹ ਸੌਂ ਗਿਆ। ਉਸ ਨੂੰ ਸੁੱਤਾ ਵੇਖ ਕੇ ਫੌਜੀ ਦੀ ਪਤਨੀ ਨੂੰ ਇਕ ਸ਼ਰਾਰਤ ਸੁਝੀ। ਉਸ ਨੇ ਚਰਖੇ ਦੀ ਚਰਮਖ ਤੋਂ ਥੋੜੀ ਜਿਹੀ ਕਾਲਖ ਲਾਹੀ ਅਤੇ ਸੁੱਤੇ ਪਏ ਪਤੀ ਦੇ ਮੱਥੇ ਉਤੇ ਲਾ ਦਿੱਤੀ। ਫਿਰ ਉਸ ਨੂੰ ਜ਼ੋਰ ਦੀ ਹਾਸਾ ਆ ਗਿਆ। ਹੱਸਣ ਦੀ ਆਵਾਜ਼ ਸੁਣ ਕੇ ਫੌਜੀ ਨੂੰ ਜਾਗ ਆ ਗਈ। ਉਸ ਨੇ ਆਪਣੀ ਪਤਨੀ ਨੂੰ ਪੁੱਛਿਆ ਪਰ ਉਸ ਨੇ ਕੁਝ ਨਾ ਦੱਸਿਆ। ਚਰਖ਼ੇ ਉਤੇ ਲੱਗੇ ਸ਼ੀਸ਼ੇ ਵਿਚ ਆਪਣਾ ਚਿਹਰਾ ਦੇਖ ਕੇ ਉਸ ਨੂੰ ਸਾਰੀ ਹਕੀਕਤ ਸਮਝ ਆ ਗਈ। ਫੌਜੀ ਦੀ

ਪਤਨੀ ਉਸ ਦੇ ਤੇਵਰ ਵੇਖ ਕੇ ਅੱਗੇ-ਅੱਗੇ ਨੱਠ ਪਈ। ਫ਼ੌਜੀ ਵੀ ਉਸ ਨੂੰ ਫੜਨ ਲਈ ਪਿੱਛੇ-ਪਿੱਛੇ ਦੌੜ ਪਿਆ। ਦੋਵੇਂ ਕਾਫ਼ੀ ਦੇਰ ਤਕ ਇਵੇਂ ਨੱਚਦੇ ਰਹੇ। ਆਖਰ ਸਮਝੌਤਾ ਹੋ ਗਿਆ ਅਤੇ ਦੋਵੇਂ ਫਿਰ ਇਕ-ਦੂਜੇ ਦੇ ਸਾਹਮਣੇ ਹੋ ਕੇ ਬੈਠ ਗਏ। ਉਸ ਵਕਤ ਅੰਬੀ ਦੇ ਇਰਦ-ਗਿਰਦ ਦੌੜਦੇ ਦੋਵੇਂ ਬੜੇ ਖੁਸ਼ ਸਨ ਪਰ ਅਜ ਉਹੀ ਅੰਬੀ ਦਾ ਰੁੱਖ ਵਿਛੋੜੇ ਦੀਆਂ ਯਾਦਾਂ ਨੂੰ ਤਾਜ਼ਾ ਕਰ ਰਿਹਾ ਹੈ। ਦੁਖ ਦੇ ਰਿਹਾ ਹੈ। ਪਤਨੀ ਸੋਚਦੀ ਹੈ ਕਿ ਕਿਉ ਨਾ ਇਸ ਰੁੱਖ ਨੂੰ ਕਟਵਾ ਦੇਵਾਂ। ਇਸ ਨੂੰ ਦੇਖਣ ਨਾਲ ਪਤੀ ਦੀ ਯਾਦ ਦੁਖ ਦੇਣ ਲੱਗ ਪੈਂਦੀ ਹੈ ਪਰ ਫੇਰ ਉਹ ਸੋਚਦੀ ਹੈ ਕਿ ਜੇ ਇਸ ਰੁੱਖ ਨੂੰ ਕਟਵਾ ਦਿੱਤਾ ਤਾਂ ਉਹ ਕਿਸ ਉਪਰ ਚੜ੍ਹ ਕੇ ਆਪਣੇ ਪਤੀ ਦਾ ਰਾਹ ਦੇਖਿਆ ਕਰੇਗੀ। ਇਹ ਰੁੱਖ ਲਗਿਆ ਹੀ ਰਹੇ ਤਾਂ ਚੰਗਾ ਹੈ:

ਤੋਬਾ ਮੈਂ ਭੁੱਲੀ ਨੀ,
ਹਾੜਾ ਮੈਂ ਭੁੱਲੀ ਨੀ।
ਜੇ ਅੰਬੀ ਕੱਟਾਂਗੀ
ਚੜ੍ਹ ਕਿਸ ਦੇ ਉਤੇ,
ਰਾਹ ਢੋਲੇ ਦਾ ਤੱਕਾਂਗੀ?

(ਅੰਬੀ ਦੇ ਬੂਟੇ ਥੱਲੇ, ਪੰਨਾ 18)

## 5. ਸੁਨੇਹੜੇ

ਇਸ ਕਵਿਤਾ ਵਿਚ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਨੇ ਚਿੱਠੀ-ਪੱਤਰ ਦਾ ਅੰਦਾਜ਼ ਨਿਭਾਇਆ ਹੈ। ਕਵਿੱਤਰੀ ਨੂੰ ਆਪਣੇ ਮਹਿਬੂਬ ਦਾ ਇਕ ਪੱਤਰ ਪ੍ਰਾਪਤ ਹੋਇਆ ਹੈ, ਜਿਸ ਨੂੰ ਪ੍ਰਾਪਤ ਕਰ ਕੇ ਉਸ ਨੂੰ ਬੇਹੱਦ ਖੁਸ਼ੀ ਪ੍ਰਾਪਤ ਹੋਈ ਹੈ। ਆਪਣੇ ਮਹਿਬੂਬ ਦੁਆਰਾ ਲਿਖੇ ਅੱਖਰਾਂ ਉਹ ਆਪਣੇ ਹੱਥ ਫੇਰ ਕੇ ਮਹਿਬੂਬ ਦੇ ਹੱਥਾਂ ਦੀ ਛੋਹ ਪ੍ਰਾਪਤ ਕਰਨ ਵਾਲਾ ਆਨੰਦ ਹਾਸਲ ਕਰਦੀ ਹੈ। ਇਸ ਉਪਰੰਤ ਉਹ ਇਸ ਪੱਤਰ ਦਾ ਜਵਾਬ ਲਿਖਣ ਬੈਠ ਜਾਂਦੀ ਹੈ। ਇਹ ਪੱਤਰ ਉਸ ਨੇ ਚੇਤਰ ਮਹੀਨੇ ਦੀ ਨੌਂ ਮਿਤੀ ਸੰਮਤ 2005 (ਸੰਨ 1948) ਨੂੰ ਲਿਖਿਆ ਸੀ। ਇਸ ਪੱਤਰ ਵਿਚ ਉਹ ਲਿਖਦੀ ਹੈ ਕਿ ਉਹ ਆਪਣੇ ਮਹਿਬੂਬ ਦੇ ਵਿਛੋੜੇ ਵਿਚ ਬੜੀ ਉਦਾਸ ਅਤੇ ਬੇਚੈਨ ਰਹਿੰਦੀ ਹੈ। ਉਹ ਇਕ ਵਾਰ ਆ ਕੇ ਉਸ ਦਾ ਹਾਲ-ਚਾਲ ਪੁੱਛ ਜਾਵੇ। ਕਵਿੱਤਰੀ ਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਨਾਰੀ ਦੀ ਸ੍ਵੈਇੱਛਾ ਅਤੇ ਸੁਤੰਤਰਤਾ ਨੂੰ ਕੋਈ ਨਹੀਂ ਪੁੱਛਦਾ। ਨਾਰੀ ਪ੍ਰੀਤ ਤਾਂ ਪਾ ਬਹਿੰਦੀ ਹੈ ਪਰ ਉਸ ਨੂੰ ਆਪਣੇ ਪ੍ਰੇਮੀ ਨਾਲ ਮਿਲਣ ਦੇ ਮੌਕੇ ਨਹੀਂ ਮਿਲਦੇ ਉਹ ਵਿਛੋੜੇ ਵਿਚ ਤਿਲ-ਤਿਲ ਕਰ ਕੇ ਖੁਰਦੀ ਅਤੇ ਮਰਦੀ ਰਹਿੰਦੀ ਹੈ।

ਕਵਿੱਤਰੀ ਲਿਖਦੀ ਹੈ ਕਿ ਸਦੀਆਂ ਤੋਂ ਨਾਰੀ ਨੂੰ ਵਿਛੋੜੇ ਦਾ ਸੰਤਾਪ ਭੋਗਣਾ ਪੈ ਰਿਹਾ ਹੈ। ਹੀਰ, ਸੱਸੀ ਅਤੇ ਸੋਹਣੀ ਵਾਂਗ ਉਸ ਦਾ ਜੀਵਨ ਵੀ ਬਹੁਤ ਨਿਰਾਸ਼ਮਈ ਹੈ। ਸਮਾਜ, ਪ੍ਰੇਮੀਆਂ ਨੂੰ ਇਕ-ਦੂਜੇ ਨਾਲ ਮਿਲਣ ਦੀ ਆਗਿਆ ਨਹੀਂ ਦਿੰਦਾ ਬਲਕਿ ਉਨ੍ਹਾਂ ਉਪਰ ਅਨੇਕ ਪ੍ਰਕਾਰ ਦੀਆਂ ਪਾਬੰਦੀਆਂ ਲਾ ਦਿੰਦਾ ਹੈ। ਉਹ ਕਿਸੇ ਪੱਤਰ ਰਾਹੀਂ ਉਸ ਨੂੰ ਆਪਣਾ ਕੀ ਸੁਨੇਹਾ ਦੇਵੇ। ਜੇ ਉਹ ਆਪ ਹੀ ਇਕ ਵਾਰ ਆ ਕੇ ਮਿਲ ਜਾਵੇ ਤਾਂ ਹੀ ਉਹ ਉਸ ਨੂੰ ਆਪਣੀ ਪੀੜ ਬਾਰੇ ਕੁਝ ਦੱਸ ਸਕਦੀ ਹੈ। ਅੱਜ ਦੇ ਯੁਗ ਦੀ ਨਾਰੀ ਮਧਯੁਗ ਨਾਲੋਂ ਵੀ ਵਧੇਰੇ ਮਜ਼ਬੂਰ ਹੈ। ਪ੍ਰੇਮਿਕਾ ਉਪਰ ਜ਼ੁਲਮ ਕਰਨ ਵਾਲੇ ਕੈਦੋਂ ਰੂਪੀ ਮਨੁੱਖਾਂ ਦੀ ਗਿਣਤੀ ਬਹੁਤ ਵਧ ਗਈ ਅਤੇ ਰਾਂਝੇ ਵਰਗੇ ਪ੍ਰੇਮੀਆਂ ਦੀ ਇਕ ਨਹੀਂ ਚਲਦੀ। ਕਵਿੱਤਰੀ ਅਨੁਸਾਰ:

ਕੈਦੋਂ ਸਮੇਂ ਦੇ ਹੋਰ ਵੀ ਹੋਏ ਡਾਢੇ,
ਚਾਕ ਸਮੇਂ ਦੇ ਹੋਰ ਮਜ਼ਬੂਰ ਹੋ ਗਏ।
ਪੈਂਡੇ ਤਖ਼ਤ ਹਜ਼ਾਰਿਓਂ ਝੰਗ ਵਾਲੇ,
ਹੁੰਦੇ ਹੁੰਦੇ ਅਜ ਹੋਰ ਵੀ ਦੂਰ ਹੋ ਗਏ।

(ਸੁਨੇਹੜੇ, ਪੰਨਾ 23)

ਕਵਿੱਤਰੀ ਅੰਤ ਵਿਚ ਇਹ ਸੁਨੇਹਾ ਦਿੰਦੀ ਹੈ ਕਿ ਸਾਰੀ ਦੁਨੀਆਂ ਦੇ ਪ੍ਰੇਮੀਆਂ ਨੂੰ ਇਕੱਠੇ ਹੋ ਕੇ ਉਹ ਸਮਾਜ ਬਦਲ ਦੇਣਾ ਚਾਹੀਦਾ ਹੈ, ਜਿਸ ਵਿਚ ਪ੍ਰੇਮੀਆਂ ਨੂੰ ਕਿਸੇ ਪ੍ਰਕਾਰ ਦੀ ਸੁਤੰਤਰਤਾ ਨਹੀਂ ਹੈ। ਇਕ ਨਵਾਂ

ਯੁਗ ਲਿਆਉਣ ਦੀ ਜ਼ਰੂਰਤ ਹੈ, ਜਿਸ ਵਿਚ ਹਰ ਆਦਮੀ ਅਤੇ ਔਰਤ ਸੁਤੰਤਰ ਹੋਵੇ ਅਤੇ ਆਪਣੀ ਮਰਜ਼ੀ ਅਨੁਸਾਰ ਜੀਵਨ-ਸਾਥੀ ਦੀ ਚੋਣ ਕਰ ਸਕੇ। ਸਮਾਜ ਵਲੋਂ ਥੋਪੇ ਗਏ ਰਿਸ਼ਤਿਆਂ ਨੂੰ ਨਿਭਾਉਣ ਸਮੇਂ ਉਸ ਦਾ ਦਮ ਘੁਟਦਾ ਹੈ। ਕਵਿੱਤਰੀ ਨੂੰ ਵਿਸ਼ਵਾਸ ਹੈ ਕਿ ਉਸ ਦਾ ਪ੍ਰੇਮੀ ਆਪਣੀ ਕਲਮ ਨਾਲ ਯੁਗ ਨੂੰ ਬਦਲਣ ਦੀ ਸ਼ਕਤੀ ਰੱਖਦਾ ਹੈ।

**6. ਮਸੀਹਾ**

ਆਪਣੀ ਇਸ ਕਵਿਤਾ ਵਿਚ ਪੰਜਾਬੀ ਦਾ ਪ੍ਰਸਿੱਧ ਗੀਤਕਾਰ ਸ਼ਿਵ ਕੁਮਾਰ ਬਟਾਲਵੀ ਇਹ ਅਹਿਦ ਕਰਦਾ ਹੈ ਕਿ ਉਹ ਮਨੁੱਖਤਾ ਉਪਰ ਹੋ ਰਹੇ ਜ਼ੁਲਮਾਂ ਦੇ ਵਿਰੁੱਧ ਆਪਣੀ ਆਵਾਜ਼ ਉਠਾਏਗਾ। ਹੁਣ ਉਹ ਪ੍ਰੇਮਿਕਾ ਦੀਆਂ ਜ਼ੁਲਫਾਂ ਦੀ ਲੰਬਾਈ ਦਾ ਹਿਸਾਬ-ਕਿਤਾਬ ਛੱਡ ਕੇ ਮਨੁਖਤਾ ਦੀ ਭਲਾਈ ਵਾਸਤੇ ਜੱਦੋ ਜ਼ਹਿਦ ਕਰੇਗਾ। ਇਹ ਕਵਿਤਾ ਉਸ ਨੇ ਪੋਹ ਦੀ ਸੰਗਰਾਂਦ ਵਾਲੇ ਦਿਨ ਲਿਖੀ ਸੀ ਅਤੇ ਐਲਾਨ ਕੀਤਾ ਸੀ ਕਿ ਉਹ ਕਿਸਾਨਾਂ-ਮਜ਼ਦੂਰਾਂ ਦੇ ਹੱਕਾਂ ਵਾਸਤੇ ਆਪਣੀ ਅਵਾਜ਼ ਬੁਲੰਦ ਕਰਦਾ ਰਹੇਗਾ। ਉਸ ਨੇ ਅਨੁਭਵ ਕਰ ਲਿਆ ਸੀ ਕਿ ਉਹ ਜ਼ਿੰਦਗੀ ਮਾਨਵਤਾ ਦੇ ਕਲਿਆਣ ਵਾਸਤੇ ਆਵਾਜ਼ ਬੁਲੰਦ ਕਰਦਾ ਰਹੇਗਾ। ਉਸ ਨੇ ਅਨੁਭਵ ਕਰ ਲਿਆ ਸੀ ਕਿ ਜ਼ਿੰਦਗੀ ਮਾਨਵਤਾ ਦੇ ਕਲਿਆਣ ਵਾਸਤੇ ਆਪਣੇ ਫ਼ਰਜ਼ ਈਮਾਨਦਾਰੀ ਨਾਲ ਨਿਭਾਉਣ ਦਾ ਨਾਮ ਹੈ। ਇਹ ਐਵੇਂ ਝੂਠੇ ਜਾਂ ਕਲਪਿਤ ਸੁਪਨੇ ਲੈਣ ਵਿਚ ਹੀ ਨਹੀਂ ਬਰਬਾਦ ਕਰ ਦੇਣਾ ਚਾਹੀਦਾ ਹੈ। ਕਵੀ ਦੇ ਅਨੁਸਾਰ:

ਇਸ ਜ਼ਿੰਦਗੀ ਦੇ ਵਾਰਸਾਂ ਨੂੰ ਅਰਜ਼ ਹੈ
ਕਿ ਜ਼ਿੰਦਗੀ ਇਕ ਖ਼ਾਬ ਨਹੀਂ,
ਸਗੋਂ ਇਕ ਫ਼ਰਜ਼ ਹੈ।
ਜ਼ਿੰਦਗੀ ਦੇ ਵਾਰਸੋ! ਇਸ ਫ਼ਰਜ਼ ਨੂੰ ਪੂਰਾ ਕਰੋ।
(ਮਸੀਹਾ, ਪੰਨਾ 26)

ਜ਼ਿੰਦਗੀ ਅਮਲ ਅਤੇ ਸੰਘਰਸ਼ ਦਾ ਨਾਮ ਹੈ। ਜ਼ਿੰਦਗੀ ਦੇ ਕਾਤਲਾਂ ਨੂੰ ਲਲਕਾਰ ਕੇ ਕਹਿ ਦੇਣਾ ਚਾਹੀਦਾ ਕਿ ਤੁਸੀਂ ਇਸ ਨੂੰ ਬਰਬਾਦ ਕਰਨ ਦਾ ਕੋਝਾ ਯਤਨ ਨਾ ਕਰੋ। ਹਰ ਵਿਅਕਤੀ ਨੂੰ ਮੁਹੱਬਤ, ਸਦਭਾਵਨਾ ਅਤੇ ਸੁਹਿਰਦਤਾ ਨਾਲ ਆਪਣਾ ਜੀਵਨ ਬਿਤਾਉਣਾ ਚਾਹੀਦਾ ਹੈ। ਮਾਨਵਤਾ ਦੀ ਸੇਵਾ ਕਰਨ ਦੇ ਯਤਨ ਕਰਨੇ ਚਾਹੀਦੇ ਹਨ। ਜੇ ਸਾਰੇ ਸੁਹਿਰਦ ਅਤੇ ਈਮਾਨਦਾਰ ਲੋਕ ਰਲ-ਮਿਲ ਕੇ ਹੰਭਲਾ ਮਾਰਨਗੇ, ਦੁਖੀ ਮਾਨਵਤਾ ਦੇ ਹੰਝੂ ਪੂੰਝਣਗੇ ਤਾਂ ਕਿਸੇ ਨੂੰ ਵੀ ਖੁਦਕੁਸ਼ੀ ਕਰਨ ਦੀ ਜ਼ਰੂਰਤ ਨਹੀਂ ਪਵੇਗੀ। ਕਵੀ ਇਹ ਸਹੁੰ ਖਾਂਦਾ ਹੈ ਕਿ ਉਹ ਮਨੁੱਖਤਾ ਲਈ ਜੀਵੇਗਾ ਅਤੇ ਮਨੁੱਖਤਾ ਲਈ ਮਰੇਗਾ। ਜੇ ਮਨੁੱਖਤਾ ਦੀ ਸੇਵਾ ਜਾਂ ਭਲਾਈ ਵਾਸਤੇ ਉਸ ਨੂੰ ਹਜ਼ਰਤ ਈਸਾ ਵਾਂਗ ਸੂਲੀ ਉਪਰ ਵੀ ਚੜ੍ਹਨਾ ਪਿਆ ਤਾਂ ਉਹ ਪਿੱਛੇ ਨਹੀਂ ਹਟੇਗਾ। ਕਵੀ ਲੋਕ ਪੱਖੀ ਇਨਕਲਾਬ ਆਉਣ ਤਕ ਨਿਰੰਤਰ ਸੰਘਰਸ਼ ਕਰਦੇ ਰਹਿਣ ਦਾ ਐਲਾਨ ਕਰਦਾ ਹੈ। ਇਹ ਉਸਦਾ ਇਕ ਇਨਕਲਾਬੀ ਗੀਤ ਹੈ।

**7. ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ**

ਇਸ ਕਵਿਤਾ ਵਿਚ ਆਧੁਨਿਕ ਪੰਜਾਬੀ ਕਾਵਿ ਧਾਰਾ ਦੇ ਪ੍ਰਮੁਖ ਕਵੀ ਡਾ. ਹਰਿਭਜਨ ਸਿੰਘ ਨੇ ਖਾਲਸਾ ਸਿਰਜਣ ਦੇ ਬਿਰਤਾਂਤ ਦਾ ਪੁਨਰ-ਲੇਖਣ ਕੀਤਾ ਹੈ। ਕਵੀ ਕਲਪਨਾ ਕਰਦਾ ਹੈ ਕਿ ਜੇ ਉਸ ਦਿਨ ਆਨੰਦਪੁਰ ਸਾਹਿਬ ਵਿਖੇ ਹਜ਼ਾਰਾਂ ਦੀ ਤਦਾਦ ਵਿਚ ਜੁੜੀ ਸੰਗਤ ਵਿਚ ਉਹ ਆਪ ਵੀ ਹੁੰਦਾ ਤਾਂ ਕਿਵੇਂ ਸੋਚਦਾ। ਜੇ ਇਹ ਕਵਿਤਾ ਕਿਸੇ ਸਾਧਾਰਣ ਕਵੀ ਦੀ ਲਿਖੀ ਹੁੰਦੀ ਤਾਂ ਉਸ ਨੇ ਫ਼ੌਰਨ ਲਿਖ ਦੇਣਾ ਸੀ ਕਿ ਉਹ ਵੀ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਜਾਂਦਾ ਹੈ। ਆਪਣਾ ਸੀਸ ਗੁਰੂ ਦੇ ਚਰਨਾਂ ਵਿਚ ਭੇਟ ਕਰ ਦਿੰਦਾ। ਪਰੰਤੂ ਹਰਿਭਜਨ ਸਿੰਘ ਮਧ ਸ਼੍ਰੇਣੀ ਦੇ ਕਿਰਦਾਰ ਨੂੰ ਖੂਬ ਪਹਿਚਾਣਦਾ ਹੈ। ਉਸ ਨੂੰ ਪਤਾ ਹੈ ਕਿ ਇਹ ਸ਼੍ਰੇਣੀ ਕੇਵਲ ਆਪਣੇ ਲਈ ਕੁਝ ਲੈਣਾ ਹੀ ਜਾਣਦੀ ਹੈ, ਦਿੰਦੀ ਬਿਲਕੁਲ ਨਹੀਂ। ਗੁਰੂ-ਦਰਬਾਰਾਂ ਵਿਚ ਗੁਰੂ-ਘਰਾਂ ਵਿਚ ਇਸ ਸ਼੍ਰੇਣੀ ਦੇ ਲੋਕ ਆਪਣੇ ਲਈ ਕੁਝ ਲੈਣ ਜਾਂ ਮੰਗਣ ਹੀ ਜਾਂਦੇ ਹਨ।

ਕਵੀ ਇਸ ਗੱਲ ਦੀ ਕਲਪਨਾ ਕਰਦਾ ਹੈ ਕਿ ਉਹ ਵੀ ਖਾਲਸਾ ਸਿਰਜਣਾ ਵਾਲੇ ਦਿਨ ਗੁਰੂ ਸਾਹਿਬ ਦੇ ਦਰਬਾਰ ਵਿਚ ਹਾਜ਼ਰ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਜਦੋਂ ਨੰਗੀ ਤਲਵਾਰ ਲਹਿਰਾ ਕੇ ਇਕ ਸੀਸ ਦੀ ਮੰਗ ਕੀਤੀ ਤਾਂ ਉਹ ਆਪਣੇ ਆਪ ਵਿਚ ਸਿਮਟ ਕੇ ਰਹਿ ਗਿਆ ਸੀ। ਉਸ ਦੇ ਕੋਲ ਹੀ ਭਾਈ ਦਇਆ ਸਿੰਘ ਬੈਠਾ ਸੀ। ਉਹ ਸਹਿਜ ਭਾਵ ਨਾਲ ਉਠਿਆ ਅਤੇ ਆਪਣਾ ਸੀਸ ਗੁਰੂ ਸਾਹਿਬ ਨੂੰ ਭੇਟ ਕਰ ਦਿੱਤਾ। ਉਹ ਸੀਤ ਤਾਂ ਉਸ ਨੇ ਕਦੋਂ ਦਾ ਗੁਰੂ ਸਾਹਿਬ ਨੂੰ ਅਰਪਿਆ ਹੋਇਆ ਸੀ। ਦੇਣ ਦਾ ਸਮਾਂ ਹੀ ਹੁਣ ਆਇਆ ਸੀ। ਇਸ ਤੋਂ ਬਾਅਦ ਗੁਰੂ ਜੀ ਨੇ ਚਾਰ ਵਾਰ ਹੋਰ ਸੀਸ ਦੀ ਮੰਗ ਕੀਤੀ। ਗੁਰੂ ਸਾਹਿਬ ਦੀ ਇਸ ਅਨੋਖੀ ਮੰਗ ਦੇ ਉਤਰ ਵਿਚ ਭਾਈ ਧਰਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ, ਭਾਈ ਮੋਹਕਮ ਸਿੰਘ ਆਦਿ ਨੇ ਵਾਰੋ-ਵਾਰੀ ਉੱਠ ਕੇ ਆਪਣੇ ਸੀਸ ਗੁਰੂ-ਚਰਨਾਂ ਉਪਰ ਰੱਖ ਦਿੱਤੇ। ਥੋੜੇ ਸਮੇਂ ਬਾਅਦ ਗੁਰੂ ਜੀ ਉਨ੍ਹਾਂ ਨੂੰ ਤੰਬੂ ਤੋਂ ਬਾਹਰ ਲੈ ਆਏ। ਪੰਜੇ ਸਿੰਘ ਸਹੀ ਸਲਾਮਤ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਆਪਣੇ ਪੰਜ ਪਿਆਰੇ ਕਹਿ ਕੇ ਆਪਣੇ ਪਾਸ ਬਿਠਾ ਲਿਆ ਅਤੇ ਸਮਝਾਇਆ ਕਿ ਗੁਰੂ ਦੇ ਸਿੰਘ ਹੋਣ ਵਾਸਤੇ ਆਪਣੇ ਸੀਸ ਭੇਟ ਕਰਨੇ ਪੈਂਦੇ ਹਨ। (ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰ ਧਰਿ ਤਲੀ ਗਲੀ ਮੇਰੀ ਆਉ॥) ਕਵੀ ਨੂੰ ਬੜੀ ਗਿਲਾਨੀ ਅਤੇ ਪਛਤਾਵਾ ਹੋਇਆ ਕਿ ਜੇ ਗੁਰੂ ਸਾਹਿਬ ਨੇ ਸਿਰ ਵਾਪਸ ਹੀ ਕਰ ਦੇਣਾ ਸੀ ਤਾਂ ਉਸ ਨੇ ਆਪਣਾ ਸਿਰ ਕਿਉਂ ਨਾ ਭੇਟ ਕੀਤਾ। ਕਵੀ ਇਹ ਸੰਕਲਪ ਕਰਦਾ ਹੈ ਕਿ ਜੇ ਕਦੇ ਹੁਣ ਗੁਰੂ ਨੂੰ ਸੀਸ ਦੀ ਜ਼ਰੂਰਤ ਪਈ ਤਾਂ ਉਹ ਜ਼ਰੂਰ ਆਪਣਾ ਸੀਸ ਭੇਟ ਕਰ ਦੇਵੇਗਾ ਕਿਉਂਕਿ ਸੀਸ ਭੇਟ ਕਰਨ ਵਾਲਿਆਂ ਨੂੰ ਜੋ ਸ਼ਨਾਖਤ ਅਤੇ ਸਨਮਾਨ ਮਿਲਦਾ ਹੈ, ਉਹ ਦੂਜੇ ਲੋਕਾਂ ਨੂੰ ਨਹੀਂ ਮਿਲਦਾ। ਪਰ ਇਸ ਮੰਤਵ ਲਈ ਇਕ ਪ੍ਰਮਾਣਿਕ ਜਾਂ ਸੱਚਾ-ਸੁੱਚਾ ਵਿਅਕਤੀ ਬਣਨ ਦੀ ਜ਼ਰੂਰਤ ਹੁੰਦੀ ਹੈ। ਗੁਰੂ ਦੇ ਦਰਬਾਰ ਵਿਚ ਖਰੇ ਸਿੱਕੇ ਹੀ ਚਲਦੇ ਹਨ, ਖੋਟੇ ਨਹੀਂ। ਕਵੀ ਆਪਣਾ ਸੰਕਲਪ ਬਿਆਨ ਕਰਦਾ ਹੋਇਆ ਲਿਖਦਾ ਹੈ:

ਮੇਰੇ ਧੜ ਤੇ ਨਵੇਂ ਸੂਰਜ ਜਿਹਾ ਜਦ ਸੀਸ ਉੱਗੇਗਾ,
ਰੌਸ਼ਨੀ ਉਸ ਦੀ ਗੁਰੂ ਦਾ ਨਾਮ ਲੈ ਕੇ, ਅਰਪ ਦੇਵਾਂਗਾ
ਨਿਰੀ ਨੰਗੀ ਨਿੱਕਦੀ ਹੀਣਤਾ,
ਮੈਥੋਂ ਹੁਣ ਜੀਵੀ ਨਹੀਂ ਜਾਂਦੀ।
(ਤੇਰੇ ਹਜ਼ੂਰ, ਮੇਰੀ..., ਪੰਨਾ 32)

## 8. ਲੋਕਾਂ ਨਾਲ ਗੱਲ

ਤਾਰਾ ਸਿੰਘ ਨੇ ਆਪਣੀ ਇਸ ਕਵਿਤਾ ਵਿਚ ਪਾਠਕਾਂ ਨੂੰ ਅਜੋਕੇ ਰਾਜਨੀਤਿਕ ਦ੍ਰਿਸ਼ ਬਾਰੇ ਜਾਗਰੂਕ ਕੀਤਾ ਹੈ। ਉਸ ਨੂੰ ਇਸ ਗੱਲ ਉਪਰ ਚਿੰਤਾ ਹੈ ਕਿ ਰਾਜ ਨੇਤਾਵਾਂ ਵਲੋਂ ਲੋਕਾਂ ਨੂੰ ਬਾਰ-ਬਾਰ ਮੂਰਖ ਬਣਾਇਆ ਜਾ ਰਿਹਾ ਹੈ। ਇਸ ਕਵਿਤਾ ਵਿਚ ਉਹ ਲੋਕਾਂ ਨਾਲ ਸਿੱਧੀ ਅਤੇ ਸਪਸ਼ਟ ਗੱਲ ਕਰਦਾ ਹੈ। ਉਹ ਅਫਸਰਾਂ ਜਾਂ ਨੇਤਾਵਾਂ ਨਾਲ ਕੋਈ ਗੱਲ ਨਹੀਂ ਕਰਨਾ ਚਾਹੁੰਦਾ ਕਿਉਂਕਿ ਇਹ ਲੋਕ ਪੂਰੀ ਤਰ੍ਹਾਂ ਨਾਲ ਭ੍ਰਸ਼ਟ, ਸਵਾਰਥੀ ਅਤੇ ਰਿਸ਼ਵਤਖੋਰ ਬਣ ਚੁੱਕੇ ਹਨ। ਉਨ੍ਹਾ ਨਾਲ ਗੱਲ ਕਰਨ ਜਾਂ ਉਨ੍ਹਾਂ ਨੂੰ ਸਮਝਾਉਣ ਦਾ ਕੋਈ ਫਾਇਦਾ ਨਹੀਂ ਹੈ। ਉਹ ਲਿਖਦਾ ਹੈ ਕਿ ਸਾਰੀਆਂ ਪਾਰੀਆਂ ਇਕ ਜਿਹੀਆਂ ਮਤਲਬੀ ਅਤੇ ਭ੍ਰਸ਼ਟ ਹਨ। ਇਹ ਵੋਟਾਂ ਤੋਂ ਪਹਿਲਾਂ ਲੋਕਾਂ ਨੂੰ ਕਈ ਤਰ੍ਹਾਂ ਦੇ ਸਬਜ਼ ਬਾਗ ਦਿਖਾਉਂਦੇ ਹਨ, ਉਨ੍ਹਾਂ ਨਾਲ ਝੂਠੇ ਵਾਅਦੇ ਕਰਦੇ ਹਨ ਅਤੇ ਚੋਣਾਂ ਜਿੱਤ ਕੇ ਪੰਜ ਸਾਲ ਆਪਣੀ ਸ਼ਕਲ ਤਕ ਨਹੀਂ ਵਿਖਾਉਂਦੇ। ਪਿਛਲੇ ਛੇ-ਸੱਤ ਦਹਾਕਿਆਂ ਤੋਂ ਇਹੀ ਸਿਲਸਿਲਾ ਚੱਲ ਰਿਹਾ ਹੈ। ਝੰਡੇ ਜ਼ਰੂਰ ਬਦਲ ਜਾਂਦੇ ਹਨ ਪਰ ਨੇਤਾ ਲੋਕ ਇਕੋ ਜਿਹੇ ਕਿਰਦਾਰ ਦੇ ਨਿਕਲਦੇ ਹਨ। ਕਵੀ ਲੋਕਾਂ ਪਾਸੋਂ ਪੁਛਦਾ ਹੈ ਕਿ ਕੀ ਉਹ ਖੁਸ਼ਹਾਲ ਹੋ ਗਏ ਹਨ? ਉਨ੍ਹਾਂ ਨੂੰ ਰਹਿਣ ਲਈ ਮਕਾਨ, ਪਾਉਣ ਲਈ ਵਸਤਰ ਅਤੇ ਖਾਣ ਲਈ ਚੰਗਾ ਅਨਾਜ, ਫਲ, ਸਬਜ਼ੀਆਂ ਮਿਲਣ ਲੱਗ ਪਏ ਹਨ? ਉਨ੍ਹਾਂ ਦੀ ਇੱਜ਼ਤ-ਆਬਰੂ ਸੁਰੱਖਿਅਤ ਹੈ? ਉਹ ਸ੍ਵੈਮਾਨ ਨਾਲ ਸਿਰ ਉਠਾ ਕੇ ਸੜਕਾਂ ਉਪਰ ਚੱਲ ਸਕਦੇ ਹਨ? ਜੇ ਨਹੀਂ ਤਾਂ ਉਹ ਬਾਰ-ਬਾਰ ਵੋਟਾਂ ਪਾ ਕੇ ਕਿਉਂ ਆਪਣੇ ਆਪ ਨੂੰ ਅਪਮਾਨਿਤ ਕਰ ਰਹੇ ਹਨ। ਕਵੀ ਅਜਿਹੇ ਲੋਕਾਂ ਨੂੰ 'ਬੇਸ਼ਰਮ' ਕਹਿਣ ਤੋਂ ਵੀ ਸੰਕੋਚ ਨਹੀਂ ਕਰਦਾ, ਜੋ ਅਪਰਾਧੀਆਂ ਅਤੇ ਗੁੰਡਿਆਂ ਨੂੰ ਬਾਰ-ਬਾਰ ਵੋਟ ਪਾ ਕੇ ਉਨ੍ਹਾਂ ਦਾ ਗੁੰਡਾ-ਰਾਜ ਸਥਾਪਿਤ ਕਰਨ ਵਿਚ ਮਦਦ ਕਰਦੇ ਹਨ। ਕਵੀ ਕਹਿੰਦਾ ਹੈ ਕਿ ਲੋਕ ਆਪ ਹੀ ਸੁਤੰਤਰਤਾ, ਸ੍ਵੈਮਾਨ ਅਤੇ ਅਣਖ ਨਾਲ

ਜਿਊਣਾ ਨਹੀਂ ਚਾਹੁੰਦੇ। ਇਸ ਸੂਰਤ ਵਿਚ ਲੋਕਾਂ ਨਾਲ ਵੀ ਗੱਲ ਬਾਤ ਕਰਨ ਦਾ ਕੋਈ ਲਾਭ ਨਹੀਂ ਹੈ। ਲੋਕ ਮੂਰਖ ਹਨ ਅਤੇ ਮੂਰਖ ਬਣੇ ਰਹਿਣਾ ਚਾਹੁੰਦੇ ਹਨ। ਇਸ ਸੂਰਤ ਵਿਚ ਉਸ ਦੀ ਆਸ਼ਾ ਨਵੀਂ ਪੀੜ੍ਹੀ ਉਪਰ ਹੈ। ਸ਼ਾਇਦ ਉਹ ਉਸ ਦੀ ਗੱਲ ਨੂੰ ਸਮਝ ਜਾਵੇ ਅਤੇ ਭ੍ਰਸ਼ਟ ਰਾਜਨੇਤਾਵਾਂ ਜਾਂ ਅਫ਼ਸਰਾਂ ਤੋਂ ਮੁਕਤ ਹੋਣ ਦਾ ਸੰਕਲਪ ਕਰ ਲਵੇ। ਇਉਂ ਕਵੀ ਦੇਸ਼ ਵਿਚ ਲੋਕਤੰਤਰ ਦੇ ਅਸਫ਼ਲ ਹੋ ਜਾਣ ਬਾਰੇ ਵਿਚਾਰਾਂ ਦਾ ਪ੍ਰਗਟਾਵਾ ਵਿਅੰਗਾਤਮਕ ਵਿਧੀ ਨਾਲ ਕਰਦਾ ਹੈ:

ਇਨਸਾਨ ਨਵਾਂ ਜੋ ਜੰਮਿਆ ਹੈ
ਤੈਂ ਪਿਛੋਂ ਜਿਸ ਦੀ ਵਾਰੀ ਹੈ
ਮੈਂ ਓਸ ਨਾਲ ਗੱਲ ਕਰਨੀ ਹੈ
ਵਾਰੀ ਭੁਗਤਾ ਕੇ ਤੁਰਦਾ ਹੈ।

(ਲੋਕਾਂ ਨਾਲ ਗੱਲ, ਪੰਨਾ 35)

### 9. ਮੈਂ ਹੁਣ ਵਿਦਾ ਹੁੰਦਾ ਹਾਂ

ਇਸ ਕਵਿਤਾ ਵਿਚ ਪੰਜਾਬੀ ਦਾ ਪ੍ਰਸਿੱਧ ਜੁਝਾਰਵਾਦੀ ਕਵੀ ਪਾਸ਼ ਆਪਣੀ ਮਿੱਤਰ-ਕੁੜੀ ਤੋਂ ਵਿੱਛੜ ਜਾਣ ਸਮੇਂ ਅਲਵਿਦਾ ਦੇ ਕੁਝ ਸ਼ਬਦ ਕਹਿੰਦਾ ਹੈ। ਉਹ ਦੱਸਦਾ ਹੈ ਕਿ ਮੇਰੀ ਇੱਛਾ ਮੁਹੱਬਤ ਦੀ ਇਕ ਕਵਿਤਾ ਲਿਖਣ ਦੀ ਸੀ, ਜਿਸ ਵਿਚ ਮਹਿਕਦੇ ਹੋਈ ਧਣੀਏ, ਕਮਾਦਾਂ ਦੀ ਸਰਸਰਾਹ, ਗੰਦਲਾਂ ਦੀ ਸੋਖੀ, ਰੁੱਖਾਂ ਵਿਚ ਚੋਂਦੀਆਂ ਧੁੰਦਾਂ ਅਤੇ ਦੁੱਧ ਦੀ ਭਰੀ ਬਾਲਟੀ ਵਿਚੋਂ ਉਠਦੀ ਝੱਗ ਦਾ ਜ਼ਿਕਰ ਹੁੰਦਾ। ਪਰੰਤੂ ਸਮਾਂ ਏਨਾ ਬੇਰਹਿਮ ਹੋ ਗਿਆ ਹੈ ਕਿ ਉਹ ਇਸ ਤਰ੍ਹਾਂ ਦੀ ਕਵਿਤਾ ਚਾਹੁੰਦਾ ਹੋਇਆ ਵੀ ਨਾ ਲਿਖ ਸਕਿਆ ਕਿਉਂਕਿ ਉਹ ਇਕ ਯੁੱਧ ਵਿਚ ਫਸ ਗਿਆ ਹੈ। ਇਸ ਯੁੱਧ ਵਿਚੋਂ ਕਿਸੇ ਪ੍ਰਕਾਰ ਦੀ ਕੋਮਲ ਅਤੇ ਪਿਆਰੀ ਕਵਿਤਾ ਲਿਖਣਾ ਕਠਿਨ ਹੋ ਗਿਆ ਹੈ। ਹੁਣ ਇਹੋ ਜਿਹੀਆਂ ਕਵਿਤਾਵਾਂ ਲਿਖਣ ਦਾ ਵਕਤ ਨਹੀਂ ਰਿਹਾ। ਉਹ ਵਿਵਸਥਾ ਵਿਰੁੱਧ ਇਕ ਖ਼ਤਰਨਾਕ ਜੰਗ ਕਰ ਰਿਹਾ ਹੈ। ਉਹ ਅਜਿਹੇ ਨਿਜ਼ਾਮ ਨੂੰ ਬਦਲਣ ਲਈ ਸੰਘਰਸ਼ ਕਰ ਰਿਹਾ ਹੈ, ਜਿਥੇ ਕਿਸਾਨਾਂ ਅਤੇ ਮਜ਼ਦੂਰਾਂ ਦੇ ਪੁੱਤਰਾਂ-ਧੀਆਂ ਨੂੰ ਪ੍ਰੇਮ ਕਰਨ ਦੀ ਆਗਿਆ ਨਹੀਂ ਹੈ। ਪੂੰਜੀਵਾਦੀ ਵਿਵਸਥਾ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਮੁਹੱਬਤ ਭਰੇ ਸੁਪਨੇ ਲੈਣ ਦੀ ਵਿਹਲ ਨਹੀਂ ਦਿੰਦੀ। ਇਹ ਉਨ੍ਹਾਂ ਉਪਰ ਏਨਾ ਬੋਝ ਪਾ ਦਿੰਦੀ ਹੈ ਕਿ ਸਾਰੇ ਸੁਪਨੇ ਦਮ ਤੋੜ ਦਿੰਦੇ ਹਨ।

ਜਾਂਦਾ ਹੋਇਆ ਕਵੀ ਆਪਣੀ ਮਹਿਬੂਬ ਨੂੰ ਕਹਿੰਦਾ ਹੈ ਕਿ ਉਹ ਉਸ ਨਾਲ ਬਿਤਾਈਆਂ ਹੋਈਆਂ ਮੁਹੱਬਤ ਦੀਆਂ ਘੜੀਆਂ ਨੂੰ ਯਾਦ ਰੱਖੇਗਾ। ਉਹ ਟੀਡਿਆਂ ਵਿਚ ਖਿੜਦੀਆਂ ਕਪਾਹਾਂ, ਗੰਨਿਆਂ ਉਪਰ ਬੈਠੀਆਂ ਛੋਟੀਆਂ-ਛੋਟੀਆਂ ਚਿੜੀਆਂ, ਸਰ੍ਹੋਂ ਦੀ ਨਿੱਕੇ-ਨਿੱਕੇ ਪੀਲੇ ਫੁੱਲਾਂ ਅਤੇ ਕਣਕ ਦੀਆਂ ਉਨ੍ਹਾਂ ਫਸਲਾਂ ਨੂੰ ਵੀ ਯਾਦ ਰੱਖੇਗਾ, ਜੋ ਉਨ੍ਹਾਂ ਦੇ ਮਾਸੂਮ ਪ੍ਰੇਮ ਦੀਆਂ ਗਵਾਹ ਬਣੀਆਂ ਸਨ ਅਤੇ ਜਿਨ੍ਹਾਂ ਦੀ ਓਟ ਵਿਚ ਬੈਠ ਕੇ ਉਹ ਪ੍ਰੇਮ ਦਾ ਨਿੱਘ ਮਾਣਦੇ ਰਹੇ ਸਨ। ਪਰ ਹੁਣ ਯੁੱਧ ਬਿਲਕੁਲ ਸਾਹਮਣੇ ਹੈ। ਇਸ ਨੂੰ ਹੋਰ ਟਾਲਿਆਂ ਨਹੀਂ ਜਾ ਸਕਦਾ। ਹੋ ਸਕਦਾ ਹੈ ਕਿ ਇਸ ਯੁੱਧ ਵਿਚ ਮੈਂ ਕਿਸੇ ਗੋਲੀ ਨਾਲ ਜ਼ਖਮੀ ਹੋ ਜਾਵਾਂ ਜਾਂ ਮੈਨੂੰ ਗੁਪਤਵਾਸ ਹੋਣਾ ਪਵੇ। ਗ਼ਰੀਬ ਲੋਕਾਂ ਨੂੰ ਜਿਊਣ ਲਈ ਯੁੱਧ ਲੜਨਾ ਹੀ ਪੈਂਦਾ ਹੈ। ਪੁਲਸ ਦੇ ਹੱਥੋਂ ਡਾਗਾਂ, ਅਥਰੂ-ਗੈਸ ਜਾਂ ਗੋਲੀਆਂ ਦੀ ਮਾਰ ਵੀ ਬਰਦਾਸ਼ਤ ਕਰਨੀ ਪੈਂਦੀ ਹੈ ਪਰ ਸਮਾਜਕ ਵਿਵਸਥਾ ਵਿਚ ਤਬਦੀਲੀ ਲਿਆਉਣ ਲਈ ਇਹ ਯੁੱਧ ਬੜਾ ਜ਼ਰੂਰੀ ਹੋ ਗਿਆ ਹੈ। ਸੋ ਅਲਵਿਦਾ! ਅਸੀਂ ਜੀਵਨ ਦੀਆਂ ਠੋਸ ਸਚਾਈਆਂ ਦੇ ਅਭਿਲਾਸ਼ੀ ਹਾਂ, ਕੇਵਲ ਸੁਪਨਿਆਂ ਉਪਰ ਰੀਝਣ ਵਾਲੇ ਨਹੀਂ ਹਾਂ। ਕਵੀ ਅਨੁਸਾਰ:

ਅਸੀਂ ਐਵੇਂ ਸੁਚੀ ਦਾ ਕੁਝ ਵੀ ਨਹੀਂ ਚਾਹੁੰਦੇ,
ਤੇ ਅਸੀਂ ਸਾਰਾ ਕੁਝ ਸਚੀ ਮੁਚੀਂ ਦਾ ਦੇਖਣਾ ਚਾਹੁੰਦੇ ਹਾਂ
ਜ਼ਿੰਦਗੀ, ਸਮਾਜਵਾਦ ਜਾਂ ਕੁਝ ਵੀ ਹੋਰ...।

(ਮੈਂ ਹੁਣ ਵਿਦਾ ਹੁੰਦਾ ਹਾਂ, ਪੰਨਾ 39)

## 10. ਖ਼ਤਾ ਦੀ ਉਡੀਕ

ਇਸ ਕਵਿਤਾ ਵਿਚ ਪ੍ਰਸਿੱਧ ਕਵੀ ਸੁਰਜੀਤ ਪਾਤਰ ਨੇ ਖ਼ਤਾਂ ਦੀ ਉਡੀਕ ਦਾ ਜ਼ਿਕਰ ਕੀਤਾ ਹੈ। ਆਧੁਨਿਕ ਮਨੁੱਖ ਬਹੁਤ ਇਕੱਲਾ ਰਹਿ ਗਿਆ ਹੈ। ਰੋਜ਼ਗਾਰ ਦੀ ਤਲਾਸ਼ ਵਿਚ ਉਹ ਆਪਣਾ ਪਿੰਡ ਅਤੇ ਸਾਕ-ਸੰਬੰਧੀ ਬਹੁਤ ਪਿਛੇ ਛੱਡ ਕੇ ਸ਼ਹਿਰਾਂ ਵਿਚ ਆਣ ਵਸਿਆ ਹੈ। ਖ਼ਤ ਉਸ ਦੇ ਇਕਲਾਪੇ ਨੂੰ ਤੋੜ ਕੇ ਦੁਨੀਆਂ ਨਾਲ ਜੋੜ ਦਿੰਦੇ ਹਨ। ਇਸ ਕਾਰਨ ਹਰ ਸੰਵੇਦਨਸ਼ੀਲ ਮਨੁੱਖ ਦੁਪਹਿਰ ਸਮੇਂ ਆਉਣ ਵਾਲੇ ਡਾਕੀਏ ਦੀ ਇੰਤਜ਼ਾਰ ਕਰਦਾ ਰਹਿੰਦਾ ਹੈ। ਕਵੀ ਚਾਹੁੰਦਾ ਹੈ ਕਿ ਉਸ ਨੂੰ ਆਪਣੀ ਮਹਿਬੂਬ ਕੁੜੀ ਦਾ ਪ੍ਰੇਮ ਭਰਿਆ ਖ਼ਤ ਆਵੇ ਕਿ ਉਸ ਦੇ ਘਰ ਪੁੱਤਰ ਨੇ ਜਨਮ ਲਿਆ ਹੈ। ਪ੍ਰਸ਼ੰਸ਼ਕਾਂ ਦੇ ਖ਼ਤ ਆਉਣ, ਜਿੰਨ੍ਹਾਂ ਵਿਚ ਉਸ ਦੀਆਂ ਰਚਨਾਵਾਂ ਦੀ ਵਡਿਆਈ ਕੀਤੀ ਹੋਵੇ। ਪਰ ਉਸ ਨੂੰ ਇਨ੍ਹਾਂ ਵਿਚੋਂ ਕੋਈ ਵੀ ਖ਼ਤ ਨਹੀਂ ਆਉਂਦਾ, ਜਿਸ ਕਾਰਨ ਉਹ ਉਦਾਸ ਹੋ ਗਿਆ।

ਪਰ ਕਵੀ ਖ਼ਤਾਂ ਦੀ ਆਸ ਨਹੀਂ ਛੱਡਦਾ। ਉਸ ਨੂੰ ਲੱਗਦਾ ਹੈ ਕਿ ਕਦੇ ਤਾਂ ਉਸ ਨੂੰ ਕੋਈ ਚੰਗੀ ਖ਼ਬਰ ਦੇਣ ਵਾਲਾ ਖ਼ਤ ਜ਼ਰੂਰ ਆਏਗਾ। ਹੋ ਸਕਦਾ ਹੈ ਕਿ ਮਾਂ ਵਲੋਂ ਹੀ ਖ਼ਤ ਆ ਜਾਵੇ, ਜਿਸ ਵਿਚ ਉਸ ਨੇ ਗਿਲਾ ਕੀਤਾ ਹੋਵੇ ਕਿ ਪੁੱਤਰ ਨੇ ਉਸ ਨੂੰ ਭੁਲਾ ਛਡਿਆ ਹੈ। ਬੁੱਢੀ ਅਵਸਥਾ ਵਿਚ ਕਬਰਾਂ ਵਲੋਂ ਵੀ ਖ਼ਤ ਆ ਸਕਦਾ ਹੈ, ਜਿਸ ਵਿਚ ਉਸ ਦੀ ਮੌਤ ਦਾ ਸੰਦੇਸ਼ ਹੋਵੇ। ਇਹ ਖ਼ਤ ਉਸ ਨੂੰ ਸੁੰਨ ਕਰ ਦੇਵੇਗਾ ਅਤੇ ਖ਼ਤ ਪੜ੍ਹਨ ਸਾਰ ਉਸਦੀ ਆਤਮਾ ਦਾ ਪੰਛੀ ਸਰੀਰ ਦਾ ਪਿੰਜਰਾ ਛੱਡ ਕੇ ਅਸਮਾਨ ਵਿਚ ਉਡਾਰੀ ਮਾਰ ਜਾਵੇਗਾ। ਮੌਤ ਉਸ ਦੇ ਸਾਰੇ ਗ਼ਮ ਅਤੇ ਬੇਆਰਾਮੀ ਦੂਰ ਕਰ ਦੇਵੇਗੀ ਅਤੇ ਉਹ ਡੂੰਘੀ ਨੀਂਦ ਵਿਚ ਸੌਂ ਜਾਵੇਗਾ। ਫਿਰ ਉਸ ਨੂੰ ਨਾ ਕਿਸੇ ਖ਼ਤ ਦੀ ਉਡੀਕ ਰਹੇਗੀ, ਨਾ ਕਿਸੇ ਜਿਉਂਦੇ-ਜਾਗਦੇ ਵਿਅਕਤੀ ਦੀ। ਪਰ ਜਿਤਨੀ ਦੇਰ ਤਕ ਉਹ ਜਿਉਂਦਾ ਹੈ, ਉਸ ਨੂੰ ਖ਼ਤਾਂ ਦੀ ਉਡੀਕ ਲੱਗੀ ਰਹਿਣੀ ਹੈ ਕਿਉਂਕਿ ਖ਼ਤ ਉਸ ਨੂੰ ਸ਼ਨਾਖਤ ਜਾਂ ਪਹਿਚਾਣ ਦਿੰਦੇ ਹਨ।

## 11. ਅੱਜ ਕੀਹ ਪਕਾਈਏ

ਇਹ ਇਕ ਵਿਅੰਗਾਤਮਕ ਕਵਿਤਾ ਹੈ। ਇਸ ਕਵਿਤਾ ਵਿਚ ਪੱਛਮੀ ਪੰਜਾਬੀ ਦੇ ਇਕ ਪ੍ਰਮੁੱਖ ਕਵੀ ਅਨਵਰ ਮਸੂਦ ਨੇ ਇਕ ਚੌਧਰੀ ਅਤੇ ਉਸ ਦੇ ਰਸੋਈਏ ਰਹਿਮੇ ਦੀ ਆਪਸੀ ਗੱਲਬਾਤ ਦੀ ਇਕ ਝਾਕੀ ਪੇਸ਼ ਕੀਤੀ ਹੈ। ਚੌਧਰੀ, ਰਹਿਮੇ ਨੂੰ ਪੁੱਛਦਾ ਹੈ ਕਿ ਅਜ ਉਹ ਕਿਹੜੀ ਦਾਲ-ਭਾਜੀ ਚਾੜ੍ਹੇਗਾ। ਰਹਿਮਾ ਉੱਤਰ ਦਿੰਦਾ ਹੈ ਕਿ ਹੁਕਮ ਤੁਹਾਡਾ ਅਤੇ ਸੇਵਾ ਮੇਰੀ। ਇਹ ਸੁਣ ਕੇ ਚੌਧਰੀ ਬਹੁਤ ਪ੍ਰਸੰਨ ਹੋ ਜਾਂਦਾ ਹੈ। ਉਹ ਕਹਿੰਦਾ ਹੈ ਕਿ ਅਜ ਭਿੰਡੀਆ ਬਣਾ ਲਈਏ। ਰਹਿਮਾ ਕਹਿੰਦਾ ਹੈ ਕਿ ਹਜ਼ੂਰ ਤੁਸੀਂ ਮੇਰੇ ਦਿਲ ਦੀ ਗੱਲ ਬੁੱਝ ਲਈ ਹੈ। ਕੱਚੀਆਂ ਅਤੇ ਛੋਟੀਆਂ-ਛੋਟੀਆਂ ਭਿੰਡੀਆਂ ਵਿਚ ਬੱਕਰੇ ਦੀ ਪੁੱਠ ਪਾ ਕੇ ਸਬਜ਼ੀ ਬਣਾ ਲੈਂਦੇ ਹਾਂ। ਤੰਦੂਰ ਦੀਆਂ ਰੋਟੀਆਂ ਅਤੇ ਮੱਖਣ-ਲੱਸੀ ਨਾਲ ਇਹ ਸਬਜ਼ੀ ਬਹੁਤ ਚੰਗੀ ਬਣੇਗੀ। ਉਸ ਦੀ ਗੱਲ ਸੁਣਕੇ ਚੌਧਰੀ ਕਹਿੰਦਾ ਹੈ ਕਿ ਭਿੰਡੀਆਂ ਲੇਸਦਾਰ ਹੁੰਦੀਆਂ ਹਨ। ਰਹਿਮਾ ਉਸ ਦੀ ਹਾਂ ਵਿਚ ਹਾਂ ਮਿਲਾਉਂਦਾ ਹੈ ਅਤੇ ਕਹਿੰਦਾ ਹੈ ਕਿ ਭਿੰਡੀਆਂ ਬਣਾਉਣ ਵਾਲਾ ਵਿਚਾਰ ਠੀਕ ਨਹੀਂ ਹੈ। ਚੌਧਰੀ ਕਹਿੰਦਾ ਹੈ ਕਿ ਚਲੋ ਫੇਰ ਕਰੇਲੇ ਹੀ ਬਣਾ ਲੈਂਦੇ ਹਾਂ। ਰਹਿਮਾ ਕਹਿੰਦਾ ਹੈ ਕਿ ਕਰੇਲਿਆਂ ਵਿਚ ਕੀਮਾ ਪਾ ਕੇ ਉਪਰੋਂ ਧਾਗਾ ਬੰਨ੍ਹ ਕੇ ਕਰੇਲੇ ਚਾੜ੍ਹ ਲੈਂਦਾ ਹਾਂ। ਚੌਧਰੀ ਸੋਚ ਕੇ ਕਹਿੰਦਾ ਹੈ ਕਿ ਕਰੇਲਿਆਂ ਦੀ ਸਬਜ਼ੀ ਕੁਝ ਕੌੜੀ ਹੁੰਦੀ ਹੈ। ਇਸ ਤੇ ਰਹਿਮਾ ਫੌਰਨ ਉੱਤਰ ਦਿੰਦਾ ਹੈ ਕਿ ਕਰੇਲਿਆਂ ਨਾਲੋਂ ਤਾਂ ਬੰਦਾ ਕੌੜ ਤੁਮੇ ਜਾਂ ਕੁਨੀਨ ਦੀਆਂ ਗੋਲੀਆਂ ਹੀ ਖਾ ਲਵੇ। ਕਰੇਲੇ ਵੀ ਕੋਈ ਸਬਜ਼ੀ ਹੈ? ਹੁਣ ਚੌਧਰੀ ਬਤਾਊਂ ਚਾੜ੍ਹਨ ਦਾ ਪ੍ਰਸਤਾਵ ਪੇਸ਼ ਕਰ ਦਿੰਦਾ ਹੈ। ਰਹਿਮਾ ਬਤਾਊਂਆਂ ਦੀਆਂ ਸਿਫ਼ਤਾਂ ਵਿਚ ਜ਼ਮੀਨ ਅਸਮਾਨ ਇਕ ਕਰ ਦਿੰਦਾ ਹੈ। ਚੌਧਰੀ ਕਹਿੰਦਾ ਹੈ ਕਿ ਬਤਾਊਂ ਬਣਦੇ ਤਾਂ ਡਾਢੇ ਸਵਾਦੀ ਨੇ ਪਰ ਇਨ੍ਹਾਂ ਦੀ ਤਾਸੀਰ ਬਹੁਤ ਗਰਮ ਹੁੰਦੀ ਹੈ। ਰਹਿਮਾ ਫਿਰ ਚੌਧਰੀ ਹੋਰਾਂ ਦੀ ਤਾਈਦ ਕਰ ਦਿੰਦਾ ਹੈ ਕਿ ਇਹ ਸਬਜ਼ੀ ਤਾਂ ਢਿੱਡ ਵਿਚ ਭਾਂਬੜ ਬਾਲ ਦਿੰਦੀ ਹੈ। ਕਾਲੇ-ਕਾਲੇ ਬਤਾਊਂ ਤਾਂ ਹਬਸ਼ੀਆਂ ਦੀ ਯਾਦ ਦਿਵਾ ਦਿੰਦੇ ਹਨ। ਆਪਾਂ ਕੋਈ ਗੋਰੇ ਰੰਗ ਦੀ ਦਾਲ-ਭਾਜੀ ਚਾੜ੍ਹਦੇ ਹਾਂ। ਹੁਣ ਚੌਧਰੀ ਤੋਂ ਰਹਿ ਨਹੀਂ ਹੁੰਦਾ। ਉਹ ਕਹਿੰਦਾ ਹੈ ਕਿ ਤੂੰ ਪਲ ਵਿਚ ਤੋਲਾ ਹੋ ਜਾਂਦਾ ਹੈਂ, ਪਲ ਵਿਚ ਮਾਸ਼ਾ। ਆਪੇ ਹੀ ਸਿਫ਼ਤਾਂ ਕਰਨ ਡਹਿ ਪੈਂਦਾ ਹੈ ਅਤੇ ਆਪੇ ਹੀ ਨਿੰਦਾ

ਕਰਨ ਲੱਗ ਪੈਂਦਾ ਹੈਂ। ਤੂੰ ਬੁੱਝ ਕੇ ਵਿਖਾ ਮੇਰੇ ਦਿਲ ਵਿਚ ਕੀ ਹੈ? ਰਹਿਮਾ ਕਹਿੰਦਾ ਹੈ: ਜੀ ਬੁੱਝ ਲਿਆ, ਤੁਸੀਂ ਛੋਲਿਆਂ ਦੀ ਦਾਲ ਕਹੋਂਗੇ। ਆਪਾਂ ਇਹ ਬਣਾਵਾਂਗੇ। ਅਨਵਰ ਮਸੂਦ ਨੇ ਵਿਅੰਗ ਨਾਲ ਸਮਝਾਇਆ ਹੈ ਕਿ ਨੌਕਰਾਂ ਨੂੰ ਮਾਲਕ ਦੀ ਮਰਜ਼ੀ ਦਾ ਸਤਿਕਾਰ ਕਰਨਾ ਪੈਂਦਾ ਹੈ। ਉਨ੍ਹਾਂ ਦੀ ਆਪਣੀ ਨਹੀਂ ਚਲਦੀ।

## 12. ਬਲੈਕ ਬਾਅ...

ਪਰਵਾਸੀ ਕਵੀ ਅਵਤਾਰ ਜੰਡਿਆਲਵੀ ਨੇ ਆਪਣੀ ਇਸ ਕਵਿਤਾ ਵਿਚ ਇੰਗਲੈਂਡ ਦੇ ਨਸਲਵਾਦੀ ਲੋਕਾਂ ਦੀਆਂ ਏਸ਼ੀਅਨ ਅਤੇ ਹੋਰ ਅਵਿਕਸਿਤ ਦੇਸ਼ਾਂ ਦੇ ਸ਼ਹਿਰੀਆਂ ਉਪਰ ਕੀਤੀਆਂ ਜ਼ਹਿਰੀਲੀਆਂ ਟਿੱਪਣੀਆਂ ਤੇ ਪ੍ਰਤੀਕਰਮ ਵਿਚ ਆਪਣੇ ਭਾਵ ਵਿਅਕਤ ਕੀਤੇ ਹਨ। ਕੁਝ ਸਦੀਆਂ ਪਹਿਲਾਂ ਇਨ੍ਹਾਂ ਆਵਾਜ਼ਾਂ ਦੀਆਂ ਗਿਰਝਾਂ ਭਾਰਤ ਅਤੇ ਹੋਰ ਏਸ਼ੀਆਈ ਦੇਸ਼ਾਂ ਵਿਚ ਆ ਉਤਰੀਆਂ ਸਨ। ਫਿਰ ਇਨ੍ਹਾਂ ਨੇ ਅਫ਼ਰੀਕਾ ਦੀਆਂ ਖਾਣਾ ਉਪਰ ਕਬਜ਼ਾ ਕਰ ਲਿਆ। ਜਿਹੜੇ ਵੀ ਦੇਸ਼ ਵਿਚ ਇਨ੍ਹਾਂ ਨੂੰ ਅੰਨ-ਧਨ ਜਾਂ ਹੋਰ ਕੁਦਰਤੀ ਵਸੀਲਿਆਂ ਦੇ ਭੰਡਾਰ ਨਜ਼ਰ ਆਉਂਦੇ ਸਨ, ਉਹ ਉਥੇ ਕਬਜ਼ਾ ਕਰ ਲੈਂਦੀਆਂ ਸਨ ਅਤੇ ਉਨ੍ਹਾਂ ਦੀ ਸਾਰੀ ਦੌਲਤ ਨੂੰ ਹੜੱਪ ਕਰ ਕੇ ਨਿਰਧਨ ਅਤੇ ਕੰਗਾਲ ਬਣਾ ਆਉਂਦੀਆਂ ਸਨ। ਆਪਣੀ ਅਮੀਰੀ ਦੇ ਅਭਿਮਾਨ ਵਿਚ ਇਹ ਉਨ੍ਹਾਂ ਦੇਸ਼ਾਂ ਦੇ ਮੂਲ ਵਾਸੀਆਂ ਨੂੰ 'ਕਾਲੇ ਹਰਾਮੀ' ਕਹਿ ਕੇ ਸੰਬੋਧਨ ਕਰਦੀਆਂ ਸਨ।

ਗੋਰੀ ਨਸਲ ਦੀਆਂ ਇਹ ਕੌਮਾਂ ਸੱਪਾਂ ਵਾਂਗ ਸਾਰੀ ਦੁਨੀਆਂ ਨੂੰ ਡੰਗ ਮਾਰ ਰਹੀਆਂ ਹਨ। ਇਹ ਸਾਡੇ ਵਰਗੇ ਦੇਸ਼ਾਂ ਵਿਚ ਰਹਿਣ ਵਾਲੇ ਲੋਕਾਂ ਦੇ ਹੱਥ ਪੈਰ ਨੂੜ ਕੇ ਉਨ੍ਹਾਂ ਨੂੰ ਗ਼ੁਲਾਮ ਬਣਾ ਲੈਂਦੀਆਂ ਹਨ। ਇਹ ਗ਼ੁਲਾਮਾਂ ਨੂੰ ਹੰਟਰ ਮਾਰ-ਮਾਰ ਕੇ ਆਪਣੇ ਹੁਕਮ ਮੰਨਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਇਨ੍ਹਾਂ ਲੋਕਾਂ ਵਿਚ ਤਰਸ ਜਾਂ ਕਰੁਣਾ ਦੀ ਭਾਵਨਾ ਬਿਲਕੁਲ ਨਹੀਂ ਹੈ। ਜੇ ਗ਼ੁਲਾਮ ਦੇਸ਼ਾਂ ਦੇ ਲੋਕ ਆਪਣੀ ਆਜ਼ਾਦੀ ਦੀ ਮੰਗ ਕਰਨ ਲਈ ਅੱਗੇ ਵਧਦੇ ਹਨ ਤਾਂ ਉਨ੍ਹਾਂ ਨੂੰ 'ਗੋ ਬੈਕ' ਦਾ ਹੁਕਮ ਦੇ ਕੇ ਆਪਣੀਆਂ-ਆਪਣੀਆਂ ਝੁੱਗੀਆਂ ਵੱਲ ਧਕ ਦਿੰਦੇ ਹਨ। ਪਿਛਲ ਖੁਰੀਂ ਤੁਰਨ ਲਈ ਮਜ਼ਬੂਰ ਕਰ ਦਿੰਦੇ ਹਨ। ਜਲ੍ਹਿਆਂ ਵਾਲੇ ਬਾਗ਼ ਦੇ ਹੱਤਿਆ-ਕਾਂਡ ਸਮੇਂ ਅੰਮ੍ਰਿਤਸਰ ਸ਼ਹਿਰ ਵਿਚ ਉਨ੍ਹਾਂ ਨੇ ਸਾਡੇ ਲੋਕਾਂ ਨਾਲ ਇਸੇ ਤਰ੍ਹਾਂ ਕੀਤਾ ਸੀ। ਉਨ੍ਹਾਂ ਨੇ ਸਾਡੇ ਬਚਿਆਂ ਉਪਰ ਜ਼ੁਲਮ ਕੀਤੇ, ਧੀਆਂ-ਭੈਣਾਂ ਦੀ ਬੇਪੱਤੀ ਕੀਤੀ ਅਤੇ ਨੌਜਵਾਨਾਂ ਉਪਰ ਕੋਰੜੇ ਵਰਸਾਏ। 'ਕਾਲੇ ਹਰਾਮੀ' ਦੀਆਂ ਗਾਲ੍ਹਾਂ ਅਜੇ ਵੀ ਸਾਡੇ ਕੰਨਾਂ ਵਿਚ ਰੜਕ ਰਹੀਆਂ ਹਨ।

ਕਈ ਕਾਇਰ ਕਿਸਮ ਦੇ ਲੋਕ ਕਹਿ ਦਿੰਦੇ ਹਨ ਕਿ ਗਾਲ੍ਹਾਂ ਦਾ ਕੀ ਹੈ? ਇਹ ਸਾਡਾ ਕੀ ਵਿਗਾੜਦੀਆਂ ਹਨ? ਪਹਿਲਾਂ-ਪਹਿਲਾਂ ਹੀ ਬੁਰੀਆਂ ਲਗਦੀਆਂ ਹਨ, ਫਿਰ ਬੰਦਾ ਆਪੇ ਇਨ੍ਹਾਂ ਦਾ ਆਦੀ ਹੋ ਜਾਂਦਾ ਹੈ। ਪਰ ਅਣਖੀ ਲੋਕ ਸਾਰੀ ਹਕੀਕਤ ਜਾਣਦੇ ਹਨ। ਉਹ ਕਾਇਰ ਬਣ ਕੇ ਸਮਝੌਤਾ ਕਰਨ ਨਾਲੋਂ ਜੂਝ ਮਰਨਾ ਚੰਗਾ ਸਮਝਦੇ ਹਨ। ਇਸ ਲਈ ਜਦੋਂ ਵੀ ਨਸਲਵਾਦੀ ਗੋਰੇ ਲੋਕ ਉਨ੍ਹਾਂ ਨੂੰ ਕਾਲੇ ਹਰਾਮੀ ਆਖਦੇ ਹਨ ਤਾਂ ਜਵਾਬ ਵਿਚ ਉਹ ਵੀ ਉਨ੍ਹਾਂ ਨੂੰ ਹਰਾਮੀ ਕਹਿ ਕੇ ਆਪਣੀ ਭੜਾਸ ਕੱਢ ਲੈਂਦੇ ਹਨ। ਹੁਣ ਲੋਕ ਚੇਤੰਨ ਹੁੰਦੇ ਜਾ ਰਹੇ ਹਨ ਅਤੇ ਚੁਪ-ਚਾਪ ਨਸਲਵਾਦੀ ਟਿੱਪਣੀਆਂ ਬਰਦਾਸ਼ਤ ਕਰਨ ਦੀ ਬਜਾਇ ਇੱਟ ਦਾ ਜਵਾਬ ਪੱਥਰ ਵਿਚ ਦੇਣ ਲੱਗੇ ਹਨ। ਕਵੀ ਇਸੇ ਵਿਧੀ ਦਾ ਸਮਰਥਨ ਕਰਦਾ ਜਾਪਦਾ ਹੈ।

## 13. ਪੰਜਾਬ ਕਥਾ

ਇਸ ਕਵਿਤਾ ਵਿਚ ਪ੍ਰਮੁੱਖ ਪੰਜਾਬੀ ਕਵੀ ਸੁਖਵਿੰਦਰ ਕੰਬੋਜ ਨੇ ਪੰਜਾਬ ਦੇ ਲਹੂ ਲੁਹਾਣ ਯਥਾਰਥ ਨੂੰ ਬਿਆਨ ਕੀਤਾ ਹੈ। ਉਸ ਨੂੰ ਇਸ ਤੱਥ ਦਾ ਬੜਾ ਦੁਖਦ ਅਹਿਸਾਸ ਹੈ ਕਿ ਪੰਜਾਬ ਸਦੀਆਂ ਤੋਂ ਵੱਢਿਆ ਟੁੱਕਿਆ ਜਾ ਰਿਹਾ ਹੈ। ਪਿਛਲੇ ਸੱਠ-ਸੱਤਰ ਵਰ੍ਹਿਆਂ ਵਿਚ ਜਿਹੜੀ ਖੁਸ਼ਹਾਲੀ ਆਈ ਹੈ, ਜਾਂ ਪ੍ਰਗਤੀ ਹੋਈ ਹੈ, ਉਸ ਨੇ ਕਿਸਾਨਾਂ ਅਤੇ ਮਜ਼ਦੂਰਾਂ ਕੋਲੋਂ ਦੋ ਡੰਗ ਦੀ ਰੋਟੀ ਵੀ ਖੋਹ ਲਈ ਹੈ। ਜਦੋਂ ਆਜ਼ਾਦੀ ਆਈ ਸੀ ਤਾਂ ਸਭ ਤੋਂ ਬਹੁਤੇ ਜਸ਼ਨ ਕਿਸਾਨਾਂ ਅਤੇ ਮਜ਼ਦੂਰਾਂ ਨੇ ਹੀ ਮਨਾਏ ਸਨ ਕਿਉਂਕਿ ਆਜ਼ਾਦੀ ਦੀ ਜੰਗ ਵਿਚ ਸੂਲੀਆਂ ਤੇ ਚੜ੍ਹਨ ਅਤੇ ਕਾਲੇ ਪਾਣੀਆਂ ਦੀਆਂ ਜੇਲ੍ਹਾਂ ਕੱਟਣ ਵਿਚ ਸਭ ਤੋਂ ਬਹੁਤੀ ਗਿਣਤੀ ਇਨ੍ਹਾਂ ਮਿਹਨਤਕਸ਼ਾਂ ਦੀ ਸੀ ਪਰ ਜਦੋਂ ਆਜ਼ਾਦ ਭਾਰਤ ਦੀਆਂ ਨਵੀਆਂ ਸਰਕਾਰਾਂ ਬਣੀਆਂ ਤਾਂ ਕਿਸਾਨਾਂ-ਮਜ਼ਦੂਰਾਂ ਨੂੰ ਕਿਸੇ ਨਾ ਪੁੱਛਿਆ। ਉਨ੍ਹਾਂ ਦੇ ਹਾਲਾਤ ਭੈੜੇ ਤੋਂ ਭੈੜੇ ਹੁੰਦੇ ਗਏ। ਪੱਛਮੀ ਪੰਜਾਬ ਦੀਆਂ ਬਾਰਾਂ ਤੋਂ ਉਜੜ ਕੇ ਆਏ ਲੋਕ ਬੇਸਿਆਣ ਅਤੇ ਬੇਸ਼ਨਾਖਤ ਬਣੇ ਰਹੇ। ਏਧਰ ਵਸਦੇ ਪੰਜਾਬੀਆਂ ਨੂੰ ਉਨ੍ਹਾਂ ਦੇ ਅਸਹਿ ਦੁਖਾਂ ਬਾਰੇ ਕਿਵੇਂ ਪਤਾ ਚਲਣਾ ਸੀ।

ਉਹ ਆਪਣੀਆਂ ਧੀਆਂ-ਭੈਣਾਂ ਦੀ ਬੇਪੱਤੀ ਕਰਵਾ ਕੇ, ਬਾਲਾਂ-ਬੱਚਿਆਂ ਦੀ ਆਹੂਤੀ ਦੇ ਕੇ, ਸਾਰੀ ਜ਼ਮੀਨ-ਜਾਇਦਾਦ ਤੇ ਭਰੇ-ਭਕੁੰਨੇ ਘਰ ਛੱਡ ਕੇ ਪਨਾਹਗੀਰਾਂ ਵਾਂਗ ਇਧਰ ਪਹੁੰਚੇ ਸਨ।

ਦੇਸ਼ ਦੇ ਆਜ਼ਾਦ ਹੁੰਦਿਆਂ ਹੀ ਸਵਾਰਥੀ ਨੇਤਾਵਾਂ ਨੇ ਸਰਕਾਰ ਦੀ ਵਾਗਡੋਰ ਸੰਭਾਲ ਲਈ। ਉਨ੍ਹਾਂ ਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਹਜ਼ਾਰਾਂ ਗ਼ਦਰੀ ਯੋਧਿਆਂ, ਬਬਰ ਅਕਾਲੀਆਂ ਅਤੇ ਹੋਰ ਸੂਰਬੀਰਾਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ ਸਨ ਬਲਕਿ ਉਹ ਇਹੀ ਰਾਗ ਅਲਾਪ ਰਹੇ ਸਨ ਕਿ ਅਸੀ਼ ਖ਼ੂਨ ਦਾ ਇਕ ਤੁਪਕਾ ਵੀ ਡੋਲ੍ਹੇ ਤੋਂ ਬਿਨ੍ਹਾਂ ਆਜ਼ਾਦੀ ਹਾਸਲ ਕਰ ਲਈ ਹੈ। ਭਗਤ ਸਿੰਘ ਅਤੇ ਕਰਤਾਰ ਸਿੰਘ ਸਰਾਭੇ ਵਰਗੇ ਸ਼ਹੀਦਾਂ ਦੀਆਂ ਆਤਮਾਵਾਂ ਤੜਪਦੀਆਂ ਰਹੀਆਂ। ਆਜ਼ਾਦੀ ਤੋਂ ਬਾਅਦ ਸਰਮਾਏਦਾਰ ਅਤੇ ਜਾਗੀਰਦਾਰ ਦਿਨੋ-ਦਿਨ ਵਧੇਰੇ ਅਮੀਰ ਹੁੰਦੇ ਗਏ ਅਤੇ ਗ਼ਰੀਬ ਹੋਰ ਗ਼ਰੀਬ ਹੋ ਗਏ। ਬਾਬਾ ਬੂਝਾ ਸਿੰਘ ਵਰਗੇ ਬਜ਼ੁਰਗ ਇਨਕਲਾਬੀ ਨੌਜਵਾਨਾਂ ਨੂੰ ਚੇਤੰਨ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਗਏ। ਰੂੜ ਸਿੰਘ ਵਰਗੇ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਟਰੈਕਟਰ ਵਾਲੇ ਵਿਰਕ ਜਾਗੀਰਦਾਰਾਂ ਨੇ ਹਥਿਆ ਲਈਆਂ ਅਤੇ ਰੂੜ ਸਿੰਘ ਦੇ ਮੁੰਡਿਆਂ ਨੂੰ ਮੰਡੀਆਂ ਵਿਚ ਜਾ ਕੇ ਮਜ਼ਦੂਰੀ ਕਰਨੀ ਪਈ। ਘਰੇਲੂ ਦਸਤਕਾਰੀ ਖ਼ਤਮ ਹੋ ਗਈ ਅਤੇ ਸ਼ਹਿਰਾਂ ਦੀਆਂ ਮੰਡੀਆਂ ਉਪਰ ਬਾਟਾ ਅਤੇ ਕਰੋਨਾ ਵਰਗੇ ਵੱਡੇ ਉਦਯੋਗਪਤੀ ਕਾਬਜ਼ ਹੋ ਗਏ। ਰਿਕਸ਼ਿਆਂ ਅਤੇ ਟਾਂਗਿਆਂ ਦਾ ਕਾਰੋਬਾਰ ਥਰੀ-ਵੀਲਰਾਂ ਅਤੇ ਟੈਕਸੀਆਂ ਨੇ ਖ਼ਤਮ ਕਰ ਦਿੱਤਾ।

ਹਰੀ ਕ੍ਰਾਂਤੀ ਆਈ ਤਾਂ ਇਸ ਦਾ ਸਾਰਾ ਲਾਭ ਜਾਗੀਰਦਾਰੀ ਨੇ ਪ੍ਰਾਪਤ ਕੀਤਾ। ਕਿਸਾਨ ਉੱਜੜ ਗਏ। ਬਿਹਾਰ ਅਤੇ ਯੂ.ਪੀ. ਤੋਂ ਆਏ ਹੋਏ ਭਈਏ ਵੀ ਜਾਗੀਰਦਾਰਾਂ ਦੀ ਲੁੱਟ-ਖਸੁੱਟ ਤੋਂ ਡਰ ਕੇ ਵਾਪਸ ਮੁੜ ਗਏ। ਜਾਗੀਰਦਾਰਾਂ ਨੇ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਕੋਠੀਆਂ ਪਾ ਲਈਆਂ। ਜਾਗੀਰਦਾਰਾਂ ਨੂੰ ਜਦੋਂ ਕਦੇ ਕੋਈ ਖਤਰਾ ਮਹਿਸੂਸ ਹੁੰਦਾ ਤਾਂ ਉਹ ਧਰਮ ਜਾਂ ਪੰਥ ਨੂੰ ਖਤਰੇ ਦੀ ਦੁਹਾਈ ਦੇ ਕੇ ਗਰੀਬ ਲੋਕਾਂ ਨੂੰ ਜੇਲ੍ਹਾਂ ਵਿਚ ਭੇਜ ਛਡਦੇ ਅਤੇ ਆਪ ਮੌਜਾਂ ਮਾਣਦੇ ਫਿਰਦੇ। ਸੱਤਾਂ ਨੂੰ ਹਥਿਆ ਲੈਂਦੇ ਜਾਂ ਫਿਰ ਵਪਾਰ ਉਪਰ ਕਾਬਜ਼ ਹੋ ਜਾਂਦੇ ,ਦਿੱਲੀ ਵਿਚ ਹੋਏ ਦੰਗਿਆਂ ਦੀ ਦੁਹਾਈ ਦੇ ਕੇ ਆਪਣੀਆਂ ਕੁਰਸੀਆਂ ਨੂੰ ਬਚਾਈ ਰੱਖਦੇ। ਹੋਰ ਲੋਕ ਭੰਗ ਦੇ ਭਾੜੇ ਮਰਦੇ ਰਹਿੰਦੇ, ਖੁਦਕੁਸ਼ੀਆਂ ਕਰਦੇ ਰਹਿੰਦੇ। ਉਨ੍ਹਾਂ ਦੀਆਂ ਮੌਤਾਂ ਦਾ ਸੱਤਾਧਾਰੀਆਂ ਨੂੰ ਕੋਈ ਦੁਖ ਨਾ ਹੁੰਦਾ। ਕਵੀ ਆਪਣੇ ਆਪ ਨੂੰ ਗੁਰੂ ਨਾਨਕ ਦਾ ਵਾਰਿਸ ਕਹਿੰਦਾ ਹੈ, ਜਿਸ ਨੇ ਬਾਬਰ ਵਰਗੇ ਜ਼ਾਲਮ ਬਾਦਸ਼ਾਹਾਂ ਨੂੰ ਵੰਗਾਰਿਆ ਸੀ। ਉਹ ਆਪਣੇ ਈਮਾਨ ਨੂੰ ਕਤਲ ਕਰ ਕੇ ਕਿਸੇ ਸਰਕਾਰ ਤੋਂ ਤਮਗੇ ਹਾਸਲ ਕਰਨ ਦੀ ਆਸ ਨਹੀਂ ਰੱਖਗਾ। ਉਹ ਆਪਣੀ ਗ਼ੈਰਤ ਨੂੰ ਜ਼ਿੰਦਾ ਰੱਖਣਾ ਚਾਹੁੰਦਾ ਹੈ ਅਤੇ ਉਨ੍ਹਾਂ ਲੋਕਾਂ ਨਾਲ ਕੋਈ ਵਾਸਤਾ ਨਹੀਂ ਰੱਖਣਾ ਚਾਹੁੰਦਾ ਜਿਹੜੇ ਕਿਸੇ ਸਨਮਾਨ ਜਾਂ ਮੈਡਲ ਦੀ ਪ੍ਰਾਪਤੀ ਲਈ ਜ਼ਾਲਮ ਸਰਕਾਰਾਂ ਦੇ ਵਿਰੁੱਧ ਘੁਟਣੇ ਟੇਕ ਦਿੰਦੇ ਹਨ। ਉਸ ਨੂੰ ਮਾਣ ਹੈ ਕਿ ਉਹ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਯੁੱਧ ਲੜ ਸਕਦਾ ਹੈ।

## 14. ਭਾਣਜੇ ਦੀ ਵਲੈਤ ਫੇਰੀ

ਇਸ ਕਵਿਤਾ ਵਿਚ ਕਵੀ ਨੇ ਇਧਰੋਂ ਪੰਜਾਬ ਤੋਂ ਇੰਗਲੈਂਡ ਗਏ ਪਰਵਾਸੀ ਭਾਰਤੀਆਂ ਦੀ ਮਾਨਸਿਕਤਾ ਉਪਰ ਵਿਅੰਗ ਕੀਤਾ ਹੈ। ਉਹ ਗੱਲਾਂ-ਬਾਤਾਂ ਵਿਚ ਭਾਰਤੀ ਜਨ ਜੀਵਨ ਅਤੇ ਸਮਾਜ ਨੂੰ ਨਰਕ ਕਹਿੰਦੇ ਹਨ। ਲੇਖਕ ਕੁਝ ਪਰਵਾਸੀ ਮਿੱਤਰਾਂ ਨੂੰ ਮਿਲਦਾ ਹੈ ਤਾਂ ਰਾਤ ਨੂੰ ਦਾਰੂ ਪੀਣ ਦੌਰਾਨ ਉਹ ਭਾਰਤ ਨੂੰ ਬਾਰ-ਬਾਰ ਨਿੰਦਦੇ ਹਨ। ਇਕ ਐਨ.ਆਰ.ਆਈ ਸੱਜਣ ਕਹਿੰਦਾ ਹੈ ਕਿ ਤੁਸੀਂ ਭਾਰਤੀ ਲੋਕ ਕਮੀਨੇ ਹੋ। ਬਾਹਰ ਜਾ ਕੇ ਵਸੇ ਲੋਕਾਂ ਦੀਆਂ ਜ਼ਮੀਨਾਂ-ਜਾਇਦਾਦਾਂ ਉਪਰ ਕਬਜ਼ਾ ਕਰ ਲੈਂਦੇ ਹੋ, ਰਿਸ਼ਵਤਖੋਰ ਹੋ ਅਤੇ ਗੰਦੇ ਰਹਿੰਦੇ ਹੋ। ਇਥ ਅਸੀਂ ਸੁਰਗ ਵਿਚ ਰਹਿੰਦੇ ਹਾਂ। ਦੂਜਾ ਸ਼ਿਕਾਇਤ ਕਰਦਾ ਹੈ ਕਿ ਅਸੀਂ ਇਧਰੋਂ ਕਮਾਈ ਕਰ ਕੇ ਬੇਸ਼ੁਮਾਰ ਧਨ-ਦੌਲਤ ਭੇਜੀ, ਜਿਸ ਨਾਲ ਪਿਛੇ ਰਹਿਣ ਵਾਲੇ ਭੈਣਾਂ-ਭਰਾਵਾਂ ਨੂੰ ਕਈ ਕਿੱਲੇ ਜ਼ਮੀਨ ਖਰੀਦ ਲਈ। ਅਸੀਂ ਆਪਣੇ ਸਾਕ-ਸੰਬੰਧੀਆਂ ਨੂੰ ਇਧਰ ਲਿਆ ਕੇ ਸੈੱਟ ਕੀਤਾ ਪਰ ਹੁਣ ਕੋਈ ਸਾਡੀ ਬਾਤ ਨਹੀਂ ਪੁੱਛਦਾ। ਭਾਰਤ ਸਚਮੁਚ ਹੀ ਨਰਕ ਹੈ। ਕੋਈ ਹੋਰ ਦੱਸਦਾ ਹੈ ਕਿ ਅਸੀਂ ਸਿਰਫ਼ ਦੋ ਜੋੜੀ ਕਪੜਿਆਂ ਵਿਚ ਇਥੇ ਪਹੁੰਚੇ ਸਾਂ। ਹੁਣ ਮਿਲੀਅਨ ਪੌਂਡ ਦੀ ਕੋਠੀ ਹੈ। ਅੰਗਰੇਜ਼ ਵੀ ਸਾਡੇ ਪਾਸ ਨੌਕਰੀ ਕਰਦੇ ਹਨ। ਘਰ ਵਿਚ ਬਾਰ ਹੈ, ਸਵਿਮਿੰਗ ਪੂਲ ਹੈ, ਐਸ਼ਪ੍ਰਸਤੀ ਦਾ ਸਾਰਾ ਸਮਾਨ ਹੈ ਬਸ ਵਿਹਲ ਨਹੀਂ ਹੈ।

ਇਕ ਹੋਰ ਕੁਝ ਜ਼ਿਆਦਾ ਹੀ ਗੁਸਤਾਖੀ ਉਪਰ ਆਉਂਦਾ ਹੈ। ਉਹ ਦਾਅਵਾ ਕਰਦਾ ਹੈ ਕਿ ਤੁਸੀਂ ਸਾਡੇ ਪਾਸ ਬੈਠ ਕੇ ਐਸ਼ ਕਰ ਰਹੇ ਹੋ, ਇਹ ਸਾਡੀ ਮਿਹਰਬਾਨੀ ਹੈ। ਅਸੀਂ ਉਥੇ ਵੀ ਤੁਹਾਨੂੰ ਕੁਝ-ਨਾ-ਕੁਝ ਭੇਜਦੇ ਰਹਿੰਦੇ ਹਾਂ। ਤੁਸੀਂ ਸਾਡੇ ਸਿਰ ਤੇ ਖੂਬ ਮੌਜਾਂ ਕਰ ਰਹੇ ਹੋ ਪਰ ਸਚ ਜਾਣਨਾ ਇੰਡੀਆ ਕੁੱਤਾ ਮੁਲਕ ਹੈ। ਇਕ ਹੋਰ ਆਪਣੀ ਮਾਤ ਭੂਮੀ ਨੂੰ ਗਾਲ੍ਹਾਂ ਕਢਣ ਤੇ ਉਤਰ ਆਉਂਦਾ ਹੈ। ਉਹ ਕਹਿੰਦਾ ਹੈ ਕਿ ਸਕੀ ਮਾਂ ਨਾਲੋਂ ਸਾਨੂੰ ਮਤਰੇਈ ਮਾਂ (ਇੰਗਲੈਂਡ) ਹੀ ਚੰਗੀ ਹੈ। ਅਸੀਂ ਇਥੇ ਖੂਬ ਐਸ਼ ਕਰ ਰਹੇ ਹਾਂ। ਅਸੀਂ ਔਲਾਦ ਨਾਲ ਪੰਜਾਬੀ ਬੋਲਦੇ ਹਾਂ, ਉਨ੍ਹਾਂ ਲਈ ਪੈਸੇ ਜੋੜਦੇ ਹਾਂ। ਹਰ ਵਰ੍ਹੇ ਇੰਡੀਆ ਜਾਂਦੇ ਹਾਂ। ਹੋਰ ਵਿਰਸੇ ਨਾਲ ਜੁੜਨਾ ਕਿਸ ਨੂੰ ਕਹਿੰਦੇ ਹਨ? ਪਰ ਹੈ ਤਾਂ ਇੰਡੀਆ ਨਰਕ ਹੀ। ਉਨ੍ਹਾਂ ਵਿਚੋਂ ਇਕ ਹੋਰ ਬੋਲਦਾ ਹੈ ਕਿ ਮੈਂ ਚੈਰਿਟੀ ਕਰਦਾ ਰਹਿੰਦਾ ਹਾਂ। ਪਿਛਲੇ ਵਰ੍ਹੇ ਵਿਧਵਾਵਾਂ ਦੀਆਂ ਸ਼ਾਦੀਆਂ ਲਈ, ਨੇਤਰਹੀਣਾਂ ਦੇ ਕੈਂਪ ਲਾਉਣ ਲਈ ਪੱਚੀ ਹਜ਼ਾਰ ਪਾਊਂਡ ਭੇਜੇ ਸਨ। ਇਸ ਵਾਰ ਹੋਰ ਭੇਜਾਂਗਾ ਪਰ ਇੰਡੀਆ ਨਰਕ ਹੈ। ਉਹ ਕਹਿੰਦਾ ਹੈ ਕਿ ਜਿਵੇਂ ਤੁਸੀਂ ਸਾਡੇ ਮਿੱਤਰ ਦੇ ਭਾਣਜੇ ਹੋ, ਇਸੇ ਤਰ੍ਹਾ ਮੇਰਾ ਵੀ ਇਕ ਭਾਣਜਾ ਹੈ। ਇੰਡੀਆ ਵਿਚ ਖੂਬ ਐਸ਼ ਕਰਦਾ ਹੈ। ਨਵੇਂ-ਨਵੇਂ ਇਸ਼ਕ ਰਚਾਈ ਰਖਦਾ ਹੈ। ਲੇਖਕਾਂ ਅਤੇ ਕਲਾਕਾਰਾਂ ਨੂੰ ਇਨਾਮ ਵੀ ਵੰਡਦਾ ਹੈ। ਉਹ ਵੀ ਮੰਨਦਾ ਹੈ ਕਿ ਇੰਡੀਆ ਨਰਕ ਹੈ। ਇਸ ਤੋਂ ਬਾਅਦ ਸਾਰੇ ਭੰਗੜਾ ਬੀਟ ਦੀ ਇਕ ਸੀ.ਡੀ. ਲਾ ਕੇ ਨੱਚਣਾ ਸ਼ੁਰੂ ਕਰ ਦਿੰਦੇ ਹਨ। ਨਾਲ-ਨਾਲ ਦੱਸੀ ਜਾਂਦੇ ਹਨ ਕਿ ਅਸੀਂ ਐਸ਼ ਕਰਦੇ ਹਾਂ। ਚੈਰਿਟੀ ਵਾਲਾ ਇੰਡੀਆ ਰਹਿੰਦੀ ਆਪਣੀ ਇਕ ਮਾਸ਼ੂਕ ਨਾਲ ਨੰਬਰ ਮਿਲਾ ਕੇ ਭਾਣਜੇ ਦੀ ਗੱਲ ਕਰਵਾਉਂਦਾ ਹੈ ਅਤੇ ਕਹਿੰਦਾ ਹੈ ਕਿ ਇੰਡੀਆ ਜਾ ਕੇ ਇਸ ਨੂੰ ਮਿਲ ਲੈਣਾ। ਤੁਹਾਨੂੰ ਖੂਬ ਐਸ਼ ਕਰਵਾਏਗੀ। ਵਿਚਾਰੀ ਵਿਧਵਾ ਹੈ। ਮੈਂ ਇੰਡੀਆ ਜਾ ਕੇ ਵਿਧਵਾਵਾਂ ਲਈ ਬਹੁਤ ਕੰਮ ਕਰਦਾ ਹਾਂ। ਤੁਸੀਂ ਵਾਪਸ ਜਾ ਕੇ ਮੇਰੇ ਵੱਡੇ ਭਰਾ ਉਪਰ ਫ਼ਿਲਮ ਬਣਾ ਦੇਣਾ। ਉਸ ਨੇ ਸਰਪੰਚੀ ਦੀ ਚੋਣ ਲੜਨੀ ਹੈ। ਪੈਸਿਆਂ ਬਾਰੇ ਕੋਈ ਫ਼ਿਕਰ ਨਾ ਕਰਨਾ। ਇਸ ਤੋਂ ਬਾਅਦ ਸ਼ਰਾਬੀ ਹੋ ਕੇ ਸਾਰੇ ਜਣੇ ਨੱਚਣ ਲੱਗ ਪੈਂਦੇ ਹਨ। ਲੇਖਕ ਨੂੰ ਪਤਾ ਨਹੀਂ ਚਲਦਾ ਕਿ ਉਹ ਹੱਸ ਰਹੇ ਹਨ ਜਾਂ ਰੋ ਰਹੇ ਹਨ।

## 15. ਅਹੱਲਿਆ

ਇਸ ਕਵਿਤਾ ਵਿਚ ਆਧੁਨਿਕ ਪੰਜਾਬੀ ਕਾਵਿ ਦੀ ਇਕ ਪ੍ਰਮੁਖ ਕਵਿੱਤਰੀ ਸ੍ਰੀਮਤੀ ਵਨੀਤਾ ਨੇ ਅਹੱਲਿਆ ਦੀ ਪੌਰਾਣਿਕ ਕਥਾ ਦਾ ਆਧੁਨਿਕ ਸੰਦਰਭ ਵਿਚ ਪੁਨਰ-ਲੇਖਣ ਕੀਤਾ ਹੈ। ਅਹੱਲਿਆ ਦੀ ਸਿਰਜਣਾ ਬ੍ਰਹਮਾ ਜੀ ਨੇ ਵਿਸ਼ੇਸ਼ ਤੌਰ ਤੇ ਕੀਤੀ ਸੀ ਅਤੇ ਉਸ ਨੂੰ ਬੇਹੱਦ ਖੂਬਸੂਰਤ ਮੁਟਿਆਰ ਬਣਾ ਦਿੱਤਾ। ਉਸ ਦੀ ਖੂਬਸੂਰਤੀ ਬਾਰੇ ਚਰਚਾ ਸੁਣ ਕੇ ਇੰਦਰ ਦੇਵਤੇ ਨੇ ਬ੍ਰਹਮਾ ਜੀ ਪਾਸੋਂ ਅਹੱਲਿਆ ਨੂੰ ਮੰਗ ਲਿਆ। ਬ੍ਰਹਮਾ ਨੇ ਗੌਤਮ ਰਿਸ਼ੀ ਨੂੰ ਬੁਲਾ ਕੇ ਅਹੱਲਿਆ ਨੂੰ ਇੰਦਰ ਵੱਲ ਰਵਾਨਾ ਕਰ ਦਿੱਤਾ। ਪਰ ਗੌਤਮ ਉਸ ਦੀ ਖੂਬਸੂਰਤੀ ਦਾ ਦੀਵਾਨਾ ਹੋ ਗਿਆ ਅਤੇ ਉਸ ਨੇ ਆਪ ਹੀ ਅਹੱਲਿਆ ਨੂੰ ਪਤਨੀ ਬਣਾ ਕੇ ਘਰੇ ਰੱਖ ਲਿਆ। ਇੰਦਰ ਵੀ ਅਹੱਲਿਆ ਦੀ ਖੂਬਸੂਰਤੀ ਨੂੰ ਭੋਗਣਾ ਚਾਹੁੰਦਾ ਸੀ। ਉਸ ਨੂੰ ਪਤਾ ਸੀ ਕਿ ਸਰਘੀ ਵੇਲੇ ਗੌਤਮ ਰਿਸ਼ੀ ਨਦੀ ਵਿਚ ਇਸ਼ਨਾਨ ਕਰਨ ਲਈ ਜਾਂਦਾ ਹੈ। ਉਸ ਨੇ ਚੰਦਰਮਾ ਨਾਲ ਰਲ ਕੇ ਸਾਜਿਸ਼ ਕੀਤੀ। ਚੰਦਰਮਾ ਉਸ ਦੀ ਸਹਾਇਤਾ ਕਰਨ ਲਈ ਮੁਰਗਾ ਬਣ ਗਿਆ ਅਤੇ ਗੌਤਮ ਦੀ ਕੁਟੀਆ ਵਿਚ ਜਾ ਕੇ ਬਾਂਗ ਦੇ ਦਿੱਤੀ। ਗੌਤਮ ਫ਼ੌਰਨ ਇਸ਼ਨਾਨ ਲਈ ਰਵਾਨਾ ਹੋ ਗਿਆ ਅਤੇ ਇੰਦਰ ਗੌਤਮ ਦਾ ਭੇਸ ਧਾਰਨ ਕਰ ਕੇ ਅਹੱਲਿਆ ਨਾਲ ਹਮਬਿਸਤਰ ਹੋ ਗਿਆ। ਨਦੀ ਉਪਰ ਜਾ ਕੇ ਗੌਤਮ ਨੂੰ ਅਹਿਸਾਸ ਹੋਇਆ ਕਿ ਅਜੇ ਤਾਂ ਅੱਧੀ ਰਾਤ ਹੈ। ਉਸ ਨਾਲ ਕੋਈ ਛਲ ਹੋਇਆ। ਉਹ ਵਾਪਸ ਪਰਤਿਆ। ਇੰਦਰ ਅਤੇ ਅਹੱਲਿਆ ਅਜੇ ਬਿਸਤਰ ਵਿਚ ਹੀ ਸਨ। ਉਸ ਨੇ ਸਰਾਪ ਦੇ ਕੇ ਅਹੱਲਿਆ ਨੂੰ ਪੱਥਰ ਦੀ ਮੂਰਤ ਬਣਾ ਦਿੱਤਾ ਅਤੇ ਇੰਦਰ ਨੂੰ ਬਾਰ-ਬਾਰ ਜੂਨਾਂ ਵਿਚ ਭਟਕਣ ਦਾ ਸਰਾਪ ਦੇ ਦਿੱਤਾ। ਬਾਅਦ ਵਿਚ ਉਸ ਨੇ ਆਪ ਹੀ ਸਰਾਪ ਵਿਚ ਕੁਝ ਢਿੱਲ ਵੀ ਦੇ ਦਿੱਤੀ। ਅਹੱਲਿਆ ਨੂੰ ਸ੍ਰੀ ਰਾਮ ਨੇ ਪੁਨਰ ਜੀਵਿਤ ਕਰ ਦਿੱਤਾ ਅਤੇ ਇੰਦਰ ਵੀ ਸਰਾਪ ਮੁਕਤ ਹੋ ਗਿਆ।

ਇਸ ਕਵਿਤਾ ਵਿਚ ਅਹੱਲਿਆ ਗੌਤਮ ਨੂੰ ਕਹਿੰਦੀ ਹੈ ਕਿ ਮੈਨੂੰ ਇੰਦਰ ਦੀ ਸਾਜਿਸ਼ ਬਾਰੇ ਕੋਈ ਪਤਾ ਨਹੀਂ ਸੀ। ਪਰ ਤੂੰ ਤਾਂ ਇਕ ਪਹੁੰਚਿਆ ਹੋਇਆ ਰਿਸ਼ੀ ਸੈਂ। ਕੀ ਤੈਨੂੰ ਵੀ ਪਤਾ ਨਾ ਚੱਲਿਆ ਕਿ ਅਜੇ ਸਰਘੀ ਵੇਲਾ ਨਹੀਂ ਹੋਇਆ? ਫਿਰ ਤੇਰੇ ਜਪ, ਤਪ ਅਤੇ ਸਤ ਦੇ ਕੀ ਅਰਥ? ਜੇ ਤੂੰ ਵੀ ਸਾਜਿਸ਼ ਨੂੰ ਬੁੱਝ ਨਾ ਸਕਿਆ? ਮੈਂ ਤਾਂ ਇੰਦਰ ਨਾਲ ਲੇਟੀ ਹੋਈ ਵੀ ਇਹੀ ਸੋਚਦੀ ਰਹੀ ਕਿ ਤੂੰ ਹੀ ਮੇਰੇ ਨਾਲ ਪ੍ਰੇਮ ਕਰ ਰਿਹਾ ਹੈਂ।

ਜਦੋਂ ਮੈਨੂੰ ਹੋਸ਼ ਆਈ ਤਾਂ ਮੈਨੂੰ ਪਰਾਏ ਅੰਗਾਂ ਦਾ ਅਹਿਸਾਸ ਤਾਂ ਜ਼ਰੂਰ ਹੋਇਆ ਸੀ। ਮੈਂ ਉਸੇ ਪਲ ਸਰਾਪੀ ਗਈ ਸਾਂ। ਮੈਂ ਆਪਣੀਆਂ ਨਜ਼ਰਾਂ ਵਿਚ ਡਿੱਗ ਪਈ ਸਾਂ। ਪਰ ਮੈਨੂੰ ਤੇਰੇ ਉਪਰ ਵੀ ਹੈਰਾਨੀ ਹੋਈ ਸੀ ਕਿ ਤੂੰ ਰਿਸ਼ੀਰਾਜ ਹੋਣ ਦੇ ਬਾਵਜੂਦ ਗੁੱਸੇ ਵਿਚ ਹੰਕਾਰ ਤੋਂ ਮੁਕਤ ਨਹੀਂ ਸੀ ਹੋ ਸਕਿਆ। ਤੂੰ ਗੁੱਸੇ ਵਿਚ ਉਬਲਦਾ ਹੋਇਆ ਮੈਨੂੰ ਚੰਦਰਮਾ ਅਤੇ ਇੰਦਰ ਨੂੰ ਸਰਾਪ ਦਿੰਦਾ ਰਿਹਾ। ਮੈਨੂੰ ਇੰਦਰ ਉਪਰ ਵੀ ਗਿਲਾ ਰਹੇਗਾ। ਕੀ ਉਹ ਨਹੀਂ ਸੀ ਜਾਣਦਾ ਕਿ ਭੁਲੇਖਿਆਂ ਨਾਲ ਕਿਸੇ ਦਾ ਤਨ ਤਾਂ ਪ੍ਰਾਪਤ ਕੀਤਾ ਜਾ ਸਕਦਾ ਹੈ, ਮਨ ਵਿਚ ਜਗ੍ਹਾਂ ਨਹੀਂ ਬਣਾਈ ਜਾ ਸਕਦੀ। ਇਸੇ ਤਰ੍ਹਾਂ ਹੇ ਗੌਤਮ! ਜੇ ਪਤਨੀ ਉਪਰ ਵਿਸ਼ਵਾਸ ਹੀ ਨਹੀਂ ਹੈ ਤਾਂ ਸਰਾਪ ਜਾਂ ਵਰ ਦੇਣ ਦੇ ਕੀ ਅਰਥ? ਤੂੰ ਇਹ ਕਿਹਾ ਸੀ ਕਿ ਤ੍ਰੇਤਾ ਯੁਗ ਵਿਚ ਸ੍ਰੀ ਰਾਮ ਆ ਕੇ ਮੈਨੂੰ ਸਰਾਪ ਮੁਕਤ ਕਰ ਦੇਵੇਗਾ। ਰਾਮ ਤਾਂ ਆਪਣੀ ਪਤਨੀ ਸੀਤਾ ਦੀ ਮਰਯਾਦਾ ਨੂੰ ਹੀ ਨਾ ਨਿਭਾ ਸਕਿਆ, ਸੀਤਾ ਨੂੰ ਵੀ ਧਰਤੀ ਵਿਚ ਸਮਾਉਣਾ ਪਿਆ। ਉਸ ਨੇ ਮੇਰਾ ਪਰ ਉਤਾਰਾ ਕੀ ਕਰਨਾ ਸੀ? ਮੈਂ ਤਾਂ ਆਤਮ-ਗਿਆਨ ਦੇ ਵਿਸਫ਼ੋਟ ਨਾਲ ਹੀ ਸਰਾਪ ਮੁਕਤ ਹੋਈ ਹਾਂ ਕਿ ਨਾ ਤੂੰ ਪਤੀ-ਪਰਮਾਤਮਾ ਹੈ ਅਤੇ ਨਾ ਮੈਂ ਪਤੀਵਰਤਾ ਹਾਂ।

## 16. ਮੈਂ ਸਮਾਂ ਹਾਂ

ਇਸ ਕਵਿਤਾ ਵਿਚ ਸਮਕਾਲੀ ਕਵੀ ਦਰਸ਼ਨ ਬੁੱਟਰ ਨੇ ਅਜੋਕੇ ਸਮੇਂ ਦੇ ਕਠੋਰ ਸੱਚ ਦਾ ਨਿਰੂਪਣ ਕੀਤਾ ਹੈ। ਕਵੀ ਅਨੁਸਾਰ ਸਮਾਂ ਗਤੀਸ਼ੀਲ ਹੈ ਅਤੇ ਗਤੀ ਨਾਲ ਪਰਿਵਰਤਨ ਆਉਣੇ ਸੁਭਾਵਿਕ ਹਨ। ਸਮਾਂ ਦਸਦਾ ਹੈ ਕਿ ਸਤਿਯੁਗ ਸਮੇਂ ਦੇ ਭਲੇ ਵੇਲੇ ਪਿਛੇ ਰਹਿ ਗਏ ਹਨ। ਹੁਣ ਕਲਿਯੁਗ ਹੈ ਅਤੇ ਇਸ ਯੁਗ ਵਿਚ ਹਰ ਇਕ ਨੂੰ ਕਾਹਲ ਹੈ। ਕਿਸੇ ਕੋਲ ਵਕਤ ਨਹੀਂ ਹੈ। ਕਲਯੁਗ ਵਿਚ ਰਿਸ਼ਤਿਆਂ ਦੀ ਥਾਂ ਗਰਜ਼ ਜਾਂ ਸਵਾਰਥ ਨੇ ਲੈ ਲਈ ਹੈ। ਜੇ ਸਵਾਰਥ ਹੈ ਤਾਂ ਰਿਸ਼ਤਾ ਸਲਾਮਤ ਹੈ, ਨਹੀਂ ਤਾਂ ਰਿਸ਼ਤਾ ਖ਼ਤਮ। ਹੁਣ ਫਰਜ਼ਾਂ ਦੀ ਗੱਲ ਕੋਈ ਨਹੀਂ ਕਰਦਾ। ਹਰ ਇਕ ਨੂੰ ਆਪਣੇ ਅਧਿਕਾਰ ਚਾਹੀਦੇ ਹਨ। ਕਾਹਲੀ ਅਤੇ ਉਤੇਜਨਾ ਦੇ ਕਾਰਨ ਸੜਕਾਂ ਉਪਰ ਥਾਂ-ਥਾਂ ਹਾਦਸੇ ਵਾਪਰ ਰਹੇ ਹਨ। ਕਿਸੇ ਨੂੰ ਰੋਜ਼ਗਾਰ ਨਹੀਂ ਮਿਲਦਾ। ਰੋਜ਼ਗਾਰ ਲੱਭਣ ਵਾਸਤੇ ਹਰ ਕੋਈ ਆਪਣੇ ਹੱਥ ਵਿਚ ਅਖ਼ਬਾਰ ਫੜੀ ਬੈਠਾ ਹੈ। ਜਿਸ ਵਿਚ ਨੌਕਰੀਆਂ ਦੇ ਇਸ਼ਤਿਹਾਰ ਛਪਦੇ ਹਨ। ਇਸ ਯੁਗ ਵਿਚ ਰੁੱਖ ਤਾਂ ਹਨ ਪਰ ਉਨ੍ਹਾਂ ਦੇ ਹੇਠ ਛਾਂ ਨਹੀਂ ਹੈ। ਇਵੇਂ ਮਨੁੱਖ ਵੀ ਹਨ ਪਰ ਉਨ੍ਹਾਂ ਦਾ ਕੋਈ ਪਰਛਾਵਾਂ ਨਹੀਂ ਹੈ। ਜੇ ਵਜੂਦ ਹੋਵੇ ਤਾਂ ਹੀ ਪਰਛਾਵਾਂ ਹੋਵੇ? ਸੜਕਾਂ ਉਪਰ ਰੰਗ ਬਰੰਗੀ ਭੀੜ ਤਾਂ ਹੈ ਪਰ ਇਸ ਭੀੜ ਦੇ ਕੋਈ ਸੁਪਨੇ ਨਹੀਂ ਹਨ, ਕੋਈ ਆਦਰਸ਼ ਨਹੀਂ ਹਨ। ਹਰ ਕੋਈ ਬੇਚੈਨ ਅਤੇ ਫਿਕਰਮੰਦ ਹੈ।

ਅਜੋਕੇ ਦੌਰ ਦੇ ਸਮੇਂ ਪਾਸ ਇਤਿਹਾਸ ਬਣਨ ਦਾ ਮੌਕਾ ਨਹੀਂ ਹੈ। ਇਹ ਸਮਾਂ ਤਾਂ ਕਿਸੇ ਨੂੰ ਚੰਗੇ ਭਵਿੱਖ ਦੀਆਂ ਸ਼ੁਭ-ਕਾਮਨਾਵਾਂ ਵੀ ਨਹੀਂ ਦੇ ਸਕਦਾ। ਅਜੇ ਉਹ ਸਮਾਂ ਆਉਣ ਵਾਲਾ ਹੈ, ਜਦੋਂ ਅਰਸ਼ਾਂ ਤੋਂ ਨਿਰਮਲ ਜਲ ਦੀ ਥਾਂ ਤੇਜ਼ਾਬੀ ਬਾਰਿਸ਼ ਹੋਵੇਗੀ। ਨਦੀਆਂ ਸੁੱਕ ਜਾਣਗੀਆਂ, ਫੁੱਲ ਝੜ ਜਾਣਗੇ, ਪੰਛੀਆਂ ਰੁੱਖਾਂ ਦੀ ਤਲਾਸ਼ ਵਿਚ ਫੜਕ-ਫੜਕ ਅਤੇ ਖਾਣ ਲਈ ਅੱਗ ਦੇ ਗੋਲੇ। ਸਮਾਂ ਆਪਣੀ ਚਾਲ ਚਲਦਾ ਹੋਇਆ ਕਿਹੋ ਜਿਹੇ ਭਿਆਨਕ ਦੌਰ ਵਿਚ ਪਹੁੰਚ ਗਿਆ ਹੈ। ਕਵੀ ਨੇ ਆਧੁਨਿਕ ਯੁਗ ਦੇ ਮਿਜ਼ਾਜ਼ ਨੂੰ ਬੜੇ ਭਾਵਪੂਰਿਤ ਅੰਦਾਜ਼ ਵਿਚ ਰੂਪਮਾਨ ਕੀਤਾ ਹੈ:

ਮੈਂ ਸਮਾਂ ਹਾਂ
ਮੌਤ ਤੋਂ ਬਾਅਦ ਹਾਂ
ਤਸਦੀਕ ਕਰਾਂਗਾ ਹਯਾਤੀ ਨੂੰ।
(ਸਮਾਂ, ਪੰਨਾ 62)

## 17. ਹੁਣ ਮਾਂ...

ਇਸ ਕਵਿਤਾ ਵਿਚ ਪੰਜਾਬੀ ਦੀ ਪ੍ਰਮੁਖ ਕਵਿੱਤਰੀ ਸੁਖਵਿੰਦਰ ਅੰਮ੍ਰਿਤ ਨੇ ਇਕ ਧੀ ਦੀਆਂ ਨਜ਼ਰਾਂ ਦੁਆਰਾ ਮਾਂ ਦੀ ਸ਼ਖਸੀਅਤ ਦੀ ਪੁਨਰ-ਸਿਰਜਣਾ ਕੀਤੀ ਹੈ। ਧੀ ਦਸਦੀ ਹੈ ਕਿ ਉਸਦੀ ਮਾਂ ਹੁਣ ਬੁੱਢੀ ਹੋ ਗਈ ਹੈ। ਉਸ ਦੀਆਂ ਅੱਖਾਂ ਉਪਰ ਐਨਕਾਂ ਲਗ ਗਈਆਂ ਹਨ। ਹੁਣ ਉਨ੍ਹਾਂ ਅੱਖਾਂ ਵਿਚ ਕੋਈ ਸੁਪਨਾ ਤੈਰਦਾ ਹੋਇਆ ਨਜ਼ਰ ਨਹੀਂ ਆਉਂਦਾ। ਧੀ ਨੂੰ ਆਪਣੀ ਜਵਾਨ ਮਾਂ ਦਾ ਚਿਹਰਾ-ਮੋਹਰਾ ਯਾਦ ਆ ਰਿਹਾ ਹੈ। ਮਾਂ ਦੀ ਲੰਮੀ ਗੁੱਤ ਹੁੰਦੀ ਸੀ। ਉਹ ਸ਼ਨੀਲ ਦਾ ਮੋਤੀਆਂ ਵਾਲਾ ਸੂਟ, ਤਿੱਲੇ ਵਾਲੀ ਜੁੱਤੀ ਅਤੇ ਛਣ-ਛਣ ਕਰਦੀਆਂ

ਝਾਂਜਰਾਂ ਪਾ ਕੇ ਜਦੋਂ ਤੁਰਦੀ ਸੀ ਤਾਂ ਅਰਸ਼ਾਂ ਤੋਂ ਉੱਤਰੀ ਇਕ ਪਰੀ ਲੱਗਦੀ ਸੀ। ਧੀ ਨੂੰ ਇਹ ਵੀ ਯਾਦ ਆਉਂਦਾ ਹੈ ਕਿ ਉਸ ਦਾ ਪਿਤਾ ਇਕ ਸ਼ਰਾਬੀ ਬੰਦਾ ਸੀ ਅਤੇ ਮਾਂ ਉਸ ਦੇ ਲਲਕਾਰਿਆਂ ਵਰਗੇ ਬੋਲਾਂ ਤੋਂ ਸਦਾ ਡਰੀਂ ਘਬਰਾਈ ਰਹਿੰਦੀ ਸੀ।

ਮਾਂ ਸ਼ਾਇਦ ਗੀਤ ਵੀ ਲਿਖ ਲੈਂਦੀ ਸੀ ਕਿਉਂਕਿ ਉਸ ਪਾਸ ਗੀਤਾਂ ਦੀ ਇਕ ਕਾਪੀ ਹੁੰਦੀ ਸੀ। ਮਾਂ ਇਸ ਕਾਪੀ ਨੂੰ ਟਰੰਕ ਵਿਚ ਬਹੁਤ ਸੰਭਾਲ ਕੇ ਰੱਖਦੀ ਸੀ ਪਰ ਵਿਆਹ ਤੋਂ ਬਾਅਦ ਉਸ ਨੇ ਆਪਣੀ ਮਾਂ ਨੂੰ ਕਦੇ ਗੀਤ ਲਿਖਦੀ ਜਾਂ ਗੁਣਗੁਣਾਉਂਦੀ ਨਹੀਂ ਸੀ ਤੱਕਿਆ। ਮਾਂ ਦੇ ਕਈ ਧੀਆਂ ਪੈਦਾ ਹੋਈਆਂ ਜਿਨ੍ਹਾਂ ਦਾ ਫਿਕਰ ਉਸ ਨੂੰ ਵੱਢ-ਵੱਢ ਕੇ ਖਾਂਦਾ ਰਹਿੰਦਾ। ਉਸ ਨੇ ਗੀਤ ਕਿਥੋਂ ਲਿਖਣੇ ਜਾਂ ਗੁਣਗੁਣਾਉਣੇ ਸਨ। ਸ਼ਰਾਬੀ ਪਿਉ ਮਾਂ ਨਾਲ ਇਸ ਕਾਰਨ ਵੀ ਨਰਾਜ਼ ਰਹਿੰਦਾ ਹੋਵੇਗਾ ਕਿ ਉਸਦੇ ਕੋਈ ਪੁੱਤਰ ਨਹੀਂ ਸੀ ਜੰਮਿਆ। ਉਸ ਨੇ ਮਾਂ ਦੀਆਂ ਬਾਹਾਂ ਵਿਚ ਪਾਈਆਂ ਹੋਈਆਂ ਕੱਚ ਦੀਆਂ ਚੂੜੀਆਂ ਕਦੋਂ ਦੀਆਂ ਭੰਨ-ਤੋੜ ਦਿੱਤੀਆਂ ਸਨ। ਅਨੇਕ ਵਾਰ ਉਸ ਦੀ ਲੰਮੀ ਗੁੱਤ ਪੱਟੀ ਸੀ। ਮਾਂ ਨੇ ਆਪਣੀਆਂ ਝਾਂਜਰਾਂ ਲਾਹ ਕੇ ਰੱਖ ਦਿੱਤੀਆਂ ਸਨ ਅਤੇ ਦਾਜ ਵਿਚ ਲਿਆਂਦਾ ਸ਼ਨੀਲ ਦਾ ਮੋਤੀਆਂ ਵਾਲਾ ਸੂਟ ਕਿਸੇ ਮੰਗਤੀ ਨੂੰ ਦਾਨ ਕਰ ਦਿੱਤਾ ਸੀ। ਹੌਲੀ-ਹੌਲੀ ਮਾਂ ਦੀਆਂ ਸਾਰੀਆਂ ਧੀਆਂ ਦੇ ਵਿਆਹ ਹੋ ਗਏ। ਮਾਂ ਵਿਹੜੇ ਵਿਚ ਬੈਠੀ ਬਾਹਰਲੇ ਦਰਵਾਜੇ ਵੱਲ ਵੇਖਦੀ ਰਹਿੰਦੀ ਹੈ ਕਿ ਕਦੋਂ ਉਸ ਦੀ ਕੋਈ ਧੀ ਸਹੁਰਿਆਂ ਤੋਂ ਆਵੇ ਅਤੇ ਉਹ ਉਸ ਨਾਲ ਦੁਖ-ਸੁਖ ਕਰੇ, ਉਸ ਨੂੰ ਦਿਲਾਸਾ ਦੇਵੇ।

ਧੀ ਸੋਚਦੀ ਹੈ ਕਿ ਜਦੋਂ ਉਹ ਆਪਣੀ ਮਾਂ ਨੂੰ ਮਿਲਣ ਜਾਵੇਗੀ ਤਾਂ ਕੋਈ ਕਮਜ਼ੋਰੀ ਵਾਲੀ ਗੱਲ ਨਹੀਂ ਕਰੇਗੀ। ਉਸ ਨੂੰ ਆਪਣੀ ਮਾਂ ਨਾਲ ਕੋਈ ਹਮਦਰਦੀ ਨਹੀਂ ਕਿਉਂਕਿ ਉਹ ਇਕ ਡਰਪੋਕ ਔਰਤ ਬਣੀ ਰਹੀ। ਆਪਣੇ ਪਤੀ ਦਾ ਜ਼ੁਲਮ ਸਹਿੰਦੀ ਰਹੀ। ਆਪਣੇ ਸੁਪਨਿਆਂ ਨੂੰ ਇਕ ਸ਼ਰਾਬੀ ਪਤੀ ਹੱਥੋਂ ਟੁੱਟਣ ਤੋਂ ਬਚਾ ਨਾ ਸਕੀ। ਪਤੀ ਤੋਂ ਕੁੱਟ-ਮਾਰ ਖਾਂਦੀ ਰਹੀ ਅਤੇ ਆਪਣੇ ਮਨਪਸੰਦ ਗੀਤ ਦੀ ਇਕ ਵੀ ਸਤਰ ਗਾ ਨਾ ਸਕੀ। ਪਰ ਫੇਰ ਉਹ ਸੋਚਦੀ ਹੈ ਕਿ ਜੇ ਉਹ ਆਪਣੀ ਮਾਂ ਨੂੰ ਕੁੱਟ-ਮਾਰ ਖਾਂਦਿਆਂ ਅਤੇ ਪਤੀ ਹੱਥੋਂ ਜ਼ਲੀਲ ਹੁੰਦਿਆਂ ਨਾ ਦੇਖਦੀ ਤਾਂ ਉਹ ਆਪ ਕਿਵੇਂ ਬਹਾਦਰ ਬਣਦੀ? ਕਿਵੇਂ ਆਪਣੇ ਪੈਰਾਂ ਉਪਰ ਖੜ੍ਹੋਂਦੀ? ਕਿਵੇਂ ਉਸ ਨੂੰ ਪਤਾ ਚਲਦਾ ਕਿ ਆਪਣੀਆਂ ਇਛਾਵਾਂ ਅਤੇ ਸੁਪਨਿਆਂ ਦਾ ਕਤਲ ਹੁੰਦੇ ਵੇਖਣਾ ਇਕ ਗੁਨਾਹ ਹੈ? ਧੀ ਨੇ ਉਹ ਗੁਨਾਹ ਨਹੀਂ ਕੀਤਾ। ਉਸ ਨੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਲਿਆ ਹੈ।

ਇਹ ਸੋਚਦਿਆਂ ਹੀ ਉਸ ਦਾ ਮਨ ਬਦਲ ਜਾਂਦਾ ਹੈ। ਉਹ ਆਪਣੀ ਮਾਂ ਨੂੰ ਮਿਲਣ ਲਈ ਚੱਲ ਪੈਂਦੀ ਹੈ। ਵਿਹੜੇ ਵਿਚ ਬੈਠੀ ਮਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਉਸ ਦੇ ਅੱਥਰੂ ਪੂੰਝਦੀ ਹੈ। ਉਸ ਦੀ ਆਤਮਾ ਵਿਚੋਂ ਗੁਆਚੇ ਹੋਏ ਗੀਤਾਂ ਦੇ ਬੋਲ ਲੱਭ ਕੇ ਨਵੇਂ-ਸਿਰਿਉਂ ਆਪਣੀ ਕਾਪੀ ਵਿਚ ਲਿਖ ਲੈਂਦੀ ਹੈ। ਉਸ ਨੂੰ ਵਿਸ਼ਵਾਸ ਹੈ ਕਿ ਮਾਂ ਦੇ ਇਨ੍ਹਾਂ ਗੀਤਾਂ ਨੂੰ ਹੁਣ ਕੋਈ ਸ਼ਰਾਬੀ ਮਰਦ ਬਰਬਾਦ ਨਹੀਂ ਕਰ ਸਕੇਗਾ। ਧੀ ਦੇ ਗੀਤਾਂ ਰਾਹੀਂ ਮਾਂ ਦੇ ਬੋਲ ਅਤੇ ਸੁਪਨੇ ਸਦਾ ਜੀਵਿਤ ਰਹਿਣਗੇ। ਇਉਂ ਇਕ ਧੀ ਮਾਂ ਦੇ ਅਸਤਿਤਵ ਦੀ ਪੁਨਰ-ਸਿਰਜਣਾ ਕਰ ਰਹੀ ਹੈ।

**ਪਾਠ ਨੰ. 1.3**

## 3. 'ਕਾਵਿ ਲਹਿਰਾਂ' ਪੁਸਤਕ ਵਿਚ ਸੰਕਲਿਤ ਕਵਿਤਾਵਾਂ ਪ੍ਰਸੰਗ ਸਹਿਤ ਵਿਆਖਿਆ

**ਉਦੇਸ਼ :**

ਇਸ ਪਾਠ ਦਾ ਉਦੇਸ਼ ਬੀ.ਏ. ਵਿਦਿਆਰਥੀਆਂ ਨੂੰ ਕਾਵਿ-ਟੁਕੜੀਆਂ ਦੇ ਪ੍ਰਸੰਗ ਦੱਸ ਕੇ ਉਨ੍ਹਾਂ ਦੀ ਵਿਆਖਿਆ-ਵਿਧੀ ਤੋਂ ਜਾਣੂ ਕਰਵਾਉਣਾ ਹੈ। ਕਵਿਤਾ ਵਿਚ ਕਵੀ ਆਪਣੇ ਵਿਚਾਰਾਂ ਨੂੰ ਸੂਤਰਬੱਧ ਢੰਗ ਨਾਲ ਬਿਆਨ ਕਰਦਾ ਹੈ। ਕਵਿਤਾ, ਸੰਕੇਤਾਂ ਜਾਂ ਰਮਜ਼ ਦੀ ਸਿਰਜਣਾ ਹੁੰਦੀ ਹੈ। ਇਸ ਵਿਚ ਕੁਝ ਗੱਲਾਂ ਕਹੀਆਂ ਹੁੰਦੀਆਂ ਹਨ। ਕੁਝ ਸੁਝਾਈਆਂ ਜਾਂਦੀਆਂ ਹਨ ਪਰ ਬਹੁਤੀਆਂ ਨੂੰ ਅਣਕਹੀਆਂ ਛੱਡ ਦਿੱਤਾ ਜਾਂਦਾ ਹੈ। ਕਵਿਤਾ ਦੇ ਵਿਆਖਿਆਕਾਰ ਨੂੰ ਕਵੀ ਦੀ ਮਨਸ਼ਾ ਨਾਲ ਸਾਂਝ ਪਾ ਕੇ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਪਾਠਕਾਂ ਨੂੰ ਸਮਝਾਉਣਾ ਹੁੰਦਾ ਹੈ। ਹਰ ਵਿਆਖਿਆਕਾਰ ਆਪਣੇ-ਆਪਣੇ ਅਨੁਭਵ ਦੀ ਸਮਰੱਥਾ ਅਨੁਸਾਰ ਕਿਸੇ ਕਵਿਤਾ ਦੀ ਵਿਆਖਿਆ ਕਰਦਾ ਹੈ। ਇਸ ਸੂਰਤ ਵਿਚ ਕੋਈ ਵੀ ਵਿਆਖਿਆ ਅੰਤਿਮ ਨਹੀਂ ਹੁੰਦੀ। ਵਿਆਖਿਆ ਦੀ ਦ੍ਰਿਸ਼ਟੀ ਤੋਂ ਹਰ ਕਾਵਿ-ਟੁਕੜੀ ਦੇ ਅਨੇਕ ਪਾਠ ਜਾਂ ਪੜ੍ਹਤਾਂ ਤਿਆਰ ਕੀਤੀਆਂ ਜਾ ਸਕਦੀਆਂ ਹਨ। ਸੋ ਕਿਸੇ ਵਿਦਿਆਰਥੀ ਨੂੰ ਆਪਣੀ ਪੜ੍ਹਤ ਬਾਰੇ ਇਹ ਚਿੰਤਾ ਨਹੀਂ ਕਰਨੀ ਚਾਹੀਦੀ ਕਿ ਉਸਦੀ ਪੜ੍ਹਤ ਸਹੀ ਹੈ ਜਾਂ ਨਹੀਂ ਬਲਕਿ ਕਵਿਤਾ ਦੇ ਪਾਠ ਵਿਚ ਡੂੰਘਾ ਉੱਤਰ ਕੇ ਉਸ ਬਾਰੇ ਆਪਣੇ ਵਿਚਾਰ ਪੇਸ਼ ਕਰ ਦੇਣੇ ਚਾਹੀਦੇ ਹਨ। ਇਹ ਵਿਧੀ ਸਮਝਾਉਣਾ ਹੀ ਇਸ ਪਾਠ ਦਾ ਉਦੇਸ਼ ਹੈ। ਅਭਿਆਸ ਨਾਲ ਵਿਦਿਆਰਥੀਆਂ ਨੂੰ ਵਿਆਖਿਆ ਕਰਨ ਵਿਚ ਨਿਪੁੰਨਤਾ ਪ੍ਰਾਪਤ ਹੋ ਜਾਵੇਗੀ।

**ਰੂਪ ਰੇਖਾ :**

ਆਮ ਤੌਰ ਉਤੇ ਇਸ ਪ੍ਰਸ਼ਨ ਦੇ ਉੱਤਰ ਨੂੰ ਦੋ ਭਾਗਾਂ ਵਿਚ ਵਿਭਾਜਿਤ ਕਰ ਲਿਆ ਜਾਂਦਾ ਹੈ:

1. **ਪ੍ਰਸੰਗ :** ਇਸ ਭਾਗ ਵਿਚ ਕਵਿਤਾ ਦੇ ਸਿਰਲੇਖ, ਕਵੀ ਦਾ ਨਾਮ ਅਤੇ ਕਿਸੇ ਕਵਿਤਾ ਦੇ ਉਸ ਪੜਾਅ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ, ਜਿਥੋਂ ਵਿਆਖਿਆ ਕਰਨ ਵਾਲੀ ਟੁਕੜੀ ਦਾ ਆਰੰਭ ਹੁੰਦਾ ਹੈ। ਵਿਦਿਆਰਥੀ ਨੂੰ ਚਾਹੀਦਾ ਹੈ ਕਿ ਉਹ ਕਵਿਤਾ ਦੇ ਉਨ੍ਹਾਂ ਭਾਗਾਂ ਬਾਰੇ ਦੋ-ਤਿੰਨ ਪੰਕਤੀਆਂ ਜਰੂਰ ਲਿਖੇ ਜੋ ਪੁੱਛੀ ਗਈ ਕਾਵਿ-ਟੁਕੜੀ ਤੋਂ ਪਹਿਲਾਂ ਆਈਆਂ ਸਨ ਤਾਂ ਜੋ ਪਾਠਕ ਨੂੰ ਪੂਰੀ ਕਵਿਤਾ ਦੇ ਸੰਦਰਭ ਵਿਚ ਪੁੱਛੀਆਂ ਗਈਆਂ ਪੰਕਤੀਆਂ ਦੇ ਮਹੱਤਵ ਬਾਰੇ ਪੂਰੀ ਜਾਣਕਾਰੀ ਹਾਸਲ ਹੋ ਜਾਵੇ। ਇਸ ਭਾਗ ਨੂੰ 'ਪ੍ਰਸੰਗ' ਕਿਹਾ ਜਾਂਦਾ ਹੈ।
2. **ਵਿਆਖਿਆ :** ਇਸ ਭਾਗ ਵਿਚ ਕੇਵਲ ਉਨ੍ਹਾਂ ਪੰਕਤੀਆਂ ਉਪਰ ਆਪਣੇ ਧਿਆਨ ਨੂੰ ਕੇਂਦ੍ਰਿਤ ਕੀਤਾ ਜਾਵੇ ਜਿਨ੍ਹਾਂ ਬਾਰੇ ਪਰੀਖਿਅਕ ਨੇ ਪੁੱਛਿਆ ਹੁੰਦਾ ਹੈ। ਪੁੱਛੀਆਂ ਗਈਆਂ ਪੰਕਤੀਆਂ ਦੇ ਹਰ ਵੇਰਵੇ ਬਾਰੇ ਪਰੀਖਿਆਰਥੀ ਨੇ ਵਿਆਖਿਆ ਕਰਨੀ ਹੁੰਦੀ ਹੈ। ਉਨ੍ਹਾਂ ਦੇ ਮਹੱਤਵ ਨੂੰ ਖੋਲ੍ਹ ਕੇ ਦੱਸਣਾ ਹੁੰਦਾ ਹੈ। ਇਹੀ 'ਵਿਆਖਿਆ' ਦਾ ਮੰਤਵ ਹੁੰਦਾ ਹੈ। ਇਸ ਪਾਠ ਵਿਚ ਹਰ ਕਵਿਤਾ ਦੀਆਂ ਮਹਤਵ ਪੂਰਨ ਟੁਕੜੀਆਂ ਦੇ ਪ੍ਰਸੰਗ ਦੱਸ ਕੇ ਵਿਆਖਿਆ-ਵਿਧੀ ਨੂੰ ਸਮਝਾਉਣ ਦਾ ਯਤਨ ਕੀਤਾ ਗਿਆ ਹੈ।

**ਭੂਮਿਕਾ**

ਵਿਦਿਆਰਥੀਆਂ ਨੂੰ ਆਪਣੀ ਪਾਠ ਪੁਸਤਕ 'ਕਾਵਿ ਲਹਿਰਾਂ' ਵਿਚ ਸੰਕਲਿਤ ਹਰ ਕਵੀ ਦੇ ਜੀਵਨ, ਅਨੁਭਵ ਅਤੇ ਕਾਵਿ-ਵਿਧੀਆਂ ਬਾਰੇ ਗਿਆਨ ਹੋਣਾ ਚਾਹੀਦਾ ਹੈ ਤਾਂ ਹੀ ਉਹ ਆਪਣਾ ਕਾਰਜ ਸਫ਼ਲਤਾਪੂਰਵਕ ਸੰਪੰਨ ਕਰ ਸਕਦਾ ਹੈ। ਇਸ ਮੰਤਵ ਲਈ ਵਿਦਿਆਰਥੀ ਨੇ ਨਾ ਕੇਵਲ ਸੰਬੰਧਿਤ ਕਵਿਤਾਵਾਂ ਦਾ ਹੀ ਡੂੰਘਾ ਅਧਿਐਨ ਕੀਤਾ ਹੋਣਾ ਚਾਹੀਦਾ ਹੈ ਬਲਕਿ ਪੁਸਤਕ ਦੀ ਅੰਤਿਕਾ ਵਿਚ ਦਿਤੇ ਗਏ ਵਿਦਵਾਨ ਸੰਪਾਦਕਾਂ (ਪ੍ਰੋਫ਼ੈਸਰਾਂ) ਦੁਆਰਾ ਕਵੀਆਂ ਅਤੇ ਕਵਿਤਾਵਾਂ ਬਾਰੇ ਦਿੱਤੇ ਵਿਚਾਰਾਂ ਨੂੰ ਵੀ ਗੰਭੀਰਤਾ ਨਾਲ ਪੜ੍ਹ ਲੈਣਾ ਚਾਹੀਦਾ

ਹੈ। ਇਨ੍ਹਾਂ ਵਿਚਾਰਾਂ ਦੀ ਰੌਸ਼ਨੀ ਵਿਚ ਹੀ ਉਹ ਕਿਸੇ ਕਵੀ ਅਤੇ ਉਸਦੀ ਕਵਿਤਾ ਦੇ ਮਰੂਮ (ਭੇਤ) ਤੱਕ ਪਹੁੰਚ ਸਕਣਗੇ।

**ਪ੍ਰਸੰਗ ਦੱਸ ਕੇ ਵਿਆਖਿਆ ਕਰੋ**

1. ਅਟਕਣਾ ਨ ਕੰਮ ਮੇਰਾ
ਅਟਕਿਆ ਜੋ ਮਾਰਿਆ ਹੈ,
ਅਟਕ ਨਾਮ ਮੌਤ ਦਾ ਹੈ
ਕੋਈ ਅਟਕਦਾ ਨਹੀਂ।

**ਕਵੀ ਤੇ ਕਵਿਤਾ :** ਇਹ ਕਾਵਿ ਪੰਕਤੀਆਂ ਪੰਜਾਬੀ ਦੇ ਪ੍ਰਸਿੱਧ ਅਧਿਆਤਮਕ ਅਤੇ ਰਹੱਸਵਾਦੀ ਕਵੀ ਭਾਈ ਵੀਰ ਸਿੰਘ ਦੀ ਬਿਰਤਾਂਤਕ ਕਵਿਤਾ 'ਅਟਕ' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਨੂੰ ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਬੀ.ਏ. ਭਾਗ ਦੂਜਾ (ਪੰਜਾਬੀ ਲਾਜ਼ਮੀ) ਲਈ ਨਿਸਚਿਤ ਪਾਠ-ਪੁਸਤਕ 'ਕਾਵਿ ਲਹਿਰਾਂ' ਵਿਚ ਸੰਕਲਿਤ ਕੀਤਾ ਹੈ।

**ਪ੍ਰਸੰਗ :** ਇਹ ਕਵਿਤਾ ਪ੍ਰਸ਼ਨ-ਉੱਤਰ ਸ਼ੈਲੀ ਵਿਚ ਲਿਖੀ ਗਈ ਹੈ। ਪ੍ਰਸ਼ਨਕਰਤਾ ਅਟਕ ਦਰਿਆ ਨੂੰ ਪੁੱਛਦਾ ਹੈ ਕਿ ਤੇਰਾ ਨਾਮ ਅਟਕ ਹੈ। ਤੂੰ ਲੋਕਾਂ ਨੂੰ ਰੋਕ ਸਕਦਾ ਹੈ, ਇਸੇ ਕਾਰਨ ਤੇਰਾ ਇਹ ਨਾਮ ਹੈ। ਪਰ ਤੂੰ ਪੱਛਮ ਤੋਂ ਭਾਰਤ ਵੱਲ ਆਉਣ ਵਾਲੇ ਅਨੇਕ ਹਮਲਾਵਰਾਂ ਨੂੰ ਕਦੇ ਰੋਕਿਆਂ ਨਹੀਂ। ਉਨ੍ਹਾਂ ਦੇ ਹਮਲਿਆਂ ਨੂੰ ਠੱਲ੍ਹ ਨਹੀਂ ਪਾਈ। ਫਿਰ ਤੇਰਾ ਇਹ ਨਾਮ ਕਿਵੇਂ ਸਹੀ ਹੋਇਆ। ਜਦੋਂ ਕਿ ਤੂੰ ਆਪਣੀ ਜ਼ਿੰਮੇਵਾਰੀ ਨੂੰ ਠੀਕ ਤਰ੍ਹਾਂ ਨਾਲ ਨਹੀਂ ਨਿਭਾਇਆ।

**ਵਿਆਖਿਆ :** ਇਸ ਪ੍ਰਸ਼ਨ ਦੇ ਉਤਰ ਵਿਚ ਅਟਕ ਦਰਿਆ ਉਤਰ ਦਿੰਦਾ ਹੈ ਕਿ ਅਟਕਣਾ ਜਾਂ ਅਟਕਾਉਣਾ (ਰੋਕਣਾ) ਮੇਰਾ ਕੰਮ ਨਹੀਂ ਹੈ। ਪ੍ਰਕਿਰਤੀ ਦਾ ਇਹੀ ਨਿਯਮ ਹੈ ਕਿ ਹਰ ਜੀਵ-ਜੰਤੂ ਅਤੇ ਨਰ-ਨਾਰੀ ਅੱਗੇ ਚਲਦੇ ਰਹੇ, ਵਿਕਾਸ ਕਰਦਾ ਰਹੇ। ਜੋ ਅਟਕ ਜਾਂਦਾ ਹੈ, ਉਹ ਮਰ ਜਾਂਦਾ ਹੈ। ਅਟਕ ਦਾ ਅਰਥ ਮੌਤ ਹੈ, ਜੀਵਨ ਨਹੀਂ। ਇਹੀ ਕਾਰਨ ਹੈ ਕਿ ਇਸ ਬ੍ਰਹਿਮੰਡ ਵਿਚ ਕੋਈ ਵੀ ਅਟਕਦਾ ਨਹੀਂ ਹੈ। ਪਰ ਭਾਰਤਵਾਸੀ ਜਰੂਰ ਅਟਕੇ ਰਹੇ, ਉਨ੍ਹਾਂ ਨੇ ਇਕੱਠੇ ਹੋ ਕੇ ਹਮਲਾਵਰ ਨੂੰ ਠੱਲ੍ਹ ਪਾਉਣ ਦੀ ਕੋਸ਼ਿਸ਼ ਹੀ ਨਾ ਕੀਤੀ। ਇਸੇ ਲਈ ਉਹ ਮਾਰੇ ਜਾਂਦੇ ਰਹੇ, ਗ਼ੁਲਾਮ ਬਣ ਗਏ।

2. ਸੁਹਣਿਆਂ! ਮੁੱਲ ਪਾ ਤੂੰ ਆਪਣਾ,
ਵੱਧ ਥੀਂ ਵੱਧ ਹੋਰ ਹਾਲੀ ਬਹੁੰ ਸਾਰਾ,
ਹੋਰ ਹਾਲੀ ਬਹੁੰ ਸਾਰਾ, ਹੋਰ ਵੀ ਹੋਰ
ਤੇਰਾ ਮੁੱਲ ਕੋਈ ਨਾਂਹ
ਤੂੰ ਕੀਮਤਾਂ ਥੀਂ ਪਰੇ
ਓ ਯੂਸਫ਼ਾਂ ਦੇ ਯੂਸਫ਼ਾ!

**ਕਵੀ ਤੇ ਕਵਿਤਾ :** ਵਿਆਖਿਆ ਅਧੀਨ ਕਾਵਿ ਪੰਕਤੀਆਂ ਪੰਜਾਬੀ ਦੇ ਪ੍ਰਮੁਖ ਰੋਮਾਂਸਵਾਦੀ ਕਵੀ ਪ੍ਰੋ. ਪੂਰਨ ਸਿੰਘ ਦੁਆਰਾ ਰਚਿਤ ਪ੍ਰਸਿੱਧ ਕਵਿਤਾ 'ਮੁੱਲ ਪਾ ਤੂੰ ਆਪਣਾ' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਨੂੰ ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਬੀ.ਏ. ਭਾਗ ਦੂਜਾ ਦੇ ਪਾਠਕ੍ਰਮ ਲਈ ਨਿਸਚਿਤ ਪੁਸਤਕ 'ਕਾਵਿ ਲਹਿਰਾਂ' ਵਿਚ ਸੰਕਲਿਤ ਕੀਤਾ ਹੈ।

**ਪ੍ਰਸੰਗ :** ਕਵੀ ਭਾਰਤੀ ਲੋਕਾਂ ਨੂੰ ਆਪਣਾ ਮੁੱਲ ਪਾਉਣ ਲਈ ਕਹਿੰਦਾ ਹੈ। ਉਹ ਅਨੁਭਵ ਕਰਦਾ ਹੈ ਕਿ ਗ਼ੁਲਾਮੀ ਦੇ ਕਾਰਨ ਲੋਕਾਂ ਵਿਚੋਂ ਸ੍ਵੈਮਾਨ ਦੀ ਭਾਵਨਾ ਖ਼ਤਮ ਹੋ ਗਈ ਹੈ। ਉਹ ਅੰਗਰੇਜ਼ਾਂ ਦੇ ਮੁਕਾਬਲੇ ਆਪਣੇ ਆਪ ਨੂੰ ਨੀਵੇਂ ਅਤੇ ਨਖਿੱਧ ਸਮਝਣ ਲੱਗ ਪਏ ਹਨ। ਕਵੀ ਜਾਣਦਾ ਹੈ ਕਿ ਸ੍ਵੈਮਾਨ ਧਾਰਨ ਕਰਨ ਤੋਂ ਬਗ਼ੈਰ ਲੋਕ ਆਜ਼ਾਦੀ ਲਈ ਜੰਗ ਨਹੀਂ ਲੜ ਸਕਣਗੇ; ਇਸ ਕਾਰਨ ਉਹ ਉਨ੍ਹਾਂ ਨੂੰ ਆਪਣਾ ਮੁੱਲ ਪਾਉਣ ਦੀ ਪ੍ਰੇਰਨਾ ਕਰਦਾ ਹੈ।

**ਵਿਆਖਿਆ :** ਕਵੀ ਨੌਜਵਾਨਾਂ ਨੂੰ ਸ੍ਵੈਮਾਨ ਦੀ ਭਾਵਨਾ ਵਿਕਸਿਤ ਕਰਨ ਦੀ ਪ੍ਰੇਰਨਾ ਦਿੰਦਾ ਹੈ। ਉਹ ਕਹਿੰਦਾ ਹੈ ਕਿ ਆਪਣੇ ਜੀਵਨ ਅਤੇ ਸੰਭਾਵਨਾਵਾਂ ਦਾ ਪੂਰਾ-ਪੂਰਾ ਮੁੱਲ ਪਾਉ। ਪਰਮਾਤਮਾ ਨੇ ਹਰ ਮਨੁੱਖ ਨੂੰ ਅਨੇਕ ਸੰਭਾਵਨਾਵਾਂ ਨਾਲ ਮਾਲਾਮਾਲ ਕਰ ਰਖਿਆ ਹੈ। ਉਸ ਨੂੰ ਚਾਹੀਦਾ ਹੈ ਕਿ ਉਹ ਆਪਣਾ ਵੱਧ ਤੋਂ ਵੱਧ ਮੁੱਲ ਪਾਵੇ। ਹਰ ਇਨਸਾਨ ਦਾ ਜੀਵਨ ਬਹੁਮੁੱਲਾ ਹੈ। ਕਿਸੇ ਵੀ ਮਨੁੱਖ ਨੂੰ ਖਰੀਦਿਆ ਨਹੀਂ ਜਾ ਸਕਦਾ। ਉਸ ਦਾ ਜੀਵਨ ਮਿਸਰ ਦੇ ਸੁੰਦਰ ਰਾਜਕੁਮਾਰ ਯੂਸਫ਼ ਨਾਲੋਂ ਵੀ ਵਧੇਰੇ ਅਨਮੋਲ ਹੈ। ਕਿਸੇ ਵੀ ਵਿਅਕਤੀ ਨੂੰ ਹੀਣ-ਭਾਵਨਾ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਕਿਉਂਕਿ ਪਰਮਾਤਮਾ ਨੇ ਹਰ ਵਿਅਕਤੀ ਨੂੰ ਵਿਲੱਖਣ ਅਤੇ ਦੁਰਲਭ ਬਣਾਇਆ ਹੈ। ਜੇ ਉਹ ਆਪਣੇ ਆਪ ਉਪਰ ਮਾਣ ਕਰੇਗਾ ਤਾਂ ਹੀ ਹੋਰ ਲੋਕ ਉਸਦਾ ਮਾਣ ਸਤਿਕਾਰ ਕਰਨਗੇ।

3. ਖੇਤ ਤੇਰੇ ਹੋਣ ਵਾਲੇ ਨੇ ਅਧੀਨ,
ਦੇਸ਼ ਤੇਰਾ ਹੋਣ ਵਾਲਾ ਏ ਗ਼ੁਲਾਮ,
ਜਾਗ ਜੀਵਨ ਦੀ ਕਲਾ ਦੇ ਇੰਤਕਾਮ!

**ਕਵੀ ਤੇ ਕਵਿਤਾ :** ਵਿਚਾਰ ਅਧੀਨ ਕਾਵਿ ਪੰਕਤੀਆਂ ਪੰਜਾਬੀ ਦੇ ਪ੍ਰਸਿੱਧ ਇਨਕਲਾਬੀ ਸ਼ਾਇਰ ਬਾਵਾ ਬਲਵੰਤ ਦੀ ਪ੍ਰਸਿੱਧ ਕਵਿਤਾ 'ਫੇਰ ਪਾਰੋ ਨੇ ਕਿਹਾ' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਨੂੰ 'ਕਾਵਿ ਲਹਿਰਾਂ' ਦੇ ਸੂਝਵਾਨ ਸੰਪਾਦਕਾਂ ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਬੀ.ਏ. ਭਾਗ ਦੂਜਾ ਲਈ ਨਿਸ਼ਚਿਤ ਪਾਠ-ਪੁਸਤਕ ਵਿਚ ਸੰਕਲਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਬਾਵਾ ਬਲਵੰਤ ਨੇ ਸ਼ਿਵਜੀ ਅਤੇ ਪਾਰਬਤੀ ਮਾਈ ਦੇ ਇਕ ਪੌਰਾਣਿਕ ਪ੍ਰਸੰਗ ਨੂੰ ਨਵੇਂ ਅਰਥਾਂ ਵਿਚ ਪੇਸ਼ ਕੀਤਾ ਹੈ। ਪਾਰਬਤੀ ਦੇਵੀ ਆਪਣੇ ਪਤੀ ਸ਼ਿਵਜੀ ਨੂੰ ਜਾਗਣ ਦਾ ਸੰਦੇਸ਼ ਦਿੰਦੀ ਹੈ। ਉਹ ਉਸ ਨੂੰ ਸਾਵਧਾਨ ਕਰਦੀ ਹੈ ਕਿ ਸਾਮਰਾਜੀ ਸ਼ਕਤੀਆਂ ਉਸ ਦੇ ਦੇਸ਼ ਉਪਰ ਕਬਜ਼ਾ ਕਰਨ ਵਾਲੀਆਂ ਹਨ। ਉਹ ਆਪਣਾ ਤੀਜਾ ਨੇਤਰ ਖੋਲ੍ਹੇ ਅਤੇ ਜ਼ਾਲਮਾਂ ਦਾ ਸੰਘਾਰ ਕਰ ਦੇਵੇ।

**ਵਿਆਖਿਆ :** ਪਾਰੋ (ਪਾਰਬਤੀ ਦੇਵੀ) ਸ਼ਿਵ ਜੀ ਨੂੰ ਕਹਿੰਦੀ ਹੈ ਕਿ ਤੇਰੇ ਖੇਤਾਂ ਉਪਰ ਵਿਦੇਸ਼ੀ ਤਾਕਤਾਂ ਦਾ ਕਬਜ਼ਾ ਹੋਣ ਵਾਲਾ ਹੈ। ਉਸ ਸੂਰਤ ਵਿਚ ਤੂੰ ਉਨ੍ਹਾਂ ਦੇ ਅਧੀਨ ਹੋ ਜਾਵੇਂਗਾ। ਸਰਮਾਏਦਾਰੀ ਸ਼ਕਤੀਆਂ ਤੇਰੇ ਦੇਸ਼ ਨੂੰ ਗ਼ੁਲਾਮ ਬਣਾ ਲੈਣਗੀਆਂ। ਹੇ ਸ਼ਿਵ! ਤੂੰ ਸਾਵਧਾਨ ਹੋ ਅਤੇ ਉਨ੍ਹਾਂ ਸ਼ਕਤੀਆਂ ਨੂੰ ਪਛਾੜ ਦੇ, ਜੋ ਤੇਰੇ ਦੇਸ਼ ਦੇ ਵਸੀਲਿਆਂ ਉਪਰ ਕਾਬਜ਼ ਹੋਣ ਦੇ ਕੋਝੇ ਮਨਸੂਬੇ ਬਣਾ ਰਹੀਆਂ ਹਨ। ਇਹ ਕਵਿਤਾ ਸਰਮਾਏਦਾਰੀ ਦੇ ਵਿਰੁੱਧ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਇਨਕਲਾਬ ਕਰਨ ਦੀ ਪ੍ਰੇਰਨਾ ਕਰਦੀ ਹੈ।

4. ਕੋਇਲ ਦੀਆਂ ਕੂਕਾਂ ਨੀ,
ਮਾਰਨ ਬੰਦੂਕਾਂ ਨੀ
ਪੀਹੜੇ ਨੂੰ ਭੰਨਾਂ ਮੈਂ,
ਚਰਖ਼ੀ ਨੂੰ ਫੂਕਾਂ ਨੀ।

**ਕਵੀ ਤੇ ਕਵਿਤਾ :** ਇਹ ਕਾਵਿ-ਪੰਕਤੀਆਂ ਪ੍ਰੋ. ਮੋਹਨ ਸਿੰਘ ਦੀ ਪ੍ਰਸਿੱਧ ਕਵਿਤਾ 'ਅੰਬੀ ਦੇ ਬੂਟੇ ਥੱਲੇ' ਵਿਚੋਂ ਲਈਆਂ ਗਈਆਂ ਹਨ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਸ ਕਵਿਤਾ ਨੂੰ ਬੀ.ਏ. ਭਾਗ ਦੂਜਾ ਦੇ ਪਾਠ-ਕ੍ਰਮ ਲਈ ਨਿਸ਼ਚਿਤ 'ਕਾਵਿ ਲਹਿਰਾਂ' ਵਿਚ ਸੰਪਾਦਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਪ੍ਰੋ. ਮੋਹਨ ਸਿੰਘ ਨੇ ਇਕ ਫੌਜੀ ਸਿਪਾਹੀ ਅਤੇ ਉਸ ਦੀ ਸੱਜ-ਵਿਆਹੀ ਪਤਨੀ ਦੇ ਪ੍ਰੇਮ-ਪ੍ਰਸੰਗਾਂ ਨੂੰ ਬਿਆਨ ਕੀਤਾ ਹੈ। ਫੌਜ ਦੇ ਸਿਪਾਹੀਆਂ ਨੂੰ ਸਾਲ ਵਿਚ ਇਕ ਵਾਰ, ਦੋ ਮਹੀਨਿਆਂ ਦੀ ਸਾਲਾਨਾ ਛੁੱਟੀ ਮਿਲਦੀ ਹੈ। ਇਨ੍ਹਾਂ ਛੁੱਟੀਆਂ ਵਿਚ ਇਕ ਫੌਜੀ ਜਵਾਨ ਦੀ ਸ਼ਾਦੀ ਹੋ ਗਈ। ਇਨ੍ਹਾਂ ਦਿਨਾਂ ਵਿਚ ਦੋਹਾਂ ਨੇ ਖ਼ੂਬ ਮੌਜਾਂ ਮਾਣੀਆਂ ਪਰ ਜਦੋਂ ਛੁੱਟੀਆਂ ਖ਼ਤਮ ਹੋ ਗਈਆਂ ਤਾਂ ਪਤਨੀ ਇਕੱਲੀ ਰਹਿ ਗਈ। ਹੁਣ ਉਸ ਨੂੰ ਅੰਬੀ ਦੇ ਬੂਟੇ ਥੱਲੇ ਬਿਤਾਏ ਪ੍ਰੇਮ ਭਰੇ ਦਿਨਾਂ ਦੀ ਯਾਦ ਆਉਂਦੀ ਹੈ।

**ਵਿਆਖਿਆ :** ਫੌਜੀ ਦੀ ਪਤਨੀ ਆਪਣੇ ਪਤੀ ਦੇ ਵਿਛੋੜੇ ਵਿਚ ਬਹੁਤ ਉਦਾਸ ਹੈ। ਹੁਣ ਉਸ ਨੂੰ ਨਾ ਕੋਇਲ ਦੀ ਆਵਾਜ਼ ਚੰਗੀ ਲੱਗਦੀ ਹੈ, ਨਾ ਪੀਹੜੀ ਅਤੇ ਨਾ ਚਰਖ਼ਾ। ਜਦੋਂ ਪਤੀ ਪਾਸ ਸੀ ਤਾਂ ਇਨ੍ਹਾਂ ਸਾਰੀਆਂ ਚੀਜ਼ਾਂ

ਦੇ ਅਰਥ ਸਨ। ਸਭ ਕੁਝ ਪਿਆਰਾ-ਪਿਆਰਾ ਲਗਦਾ ਸੀ ਪਰ ਹੁਣ ਕੋਇਲ ਦੀ ਕੂਕ ਬੰਦੂਕ ਦੀ ਗੋਲੀ ਵਾਂਗ ਉਸ ਦੇ ਸੀਨੇ ਵਿਚ ਵੱਜਦੀ ਹੈ। ਪੀਹੜੇ ਉਪਰ ਬੈਠ ਕੇ ਚਰਖ਼ੇ 'ਤੇ ਤੰਦ ਪਾਉਣ ਨੂੰ ਵੀ ਦਿਲ ਨਹੀਂ ਕਰਦਾ ਬਲਕਿ ਇਨ੍ਹਾਂ ਨੂੰ ਭੰਨਣ-ਤੋੜਨ ਦੀ ਇੱਛਾ ਹੁੰਦੀ ਹੈ। ਵਿਛੋੜਾ ਡਾਢਾ ਦੁਖਦਾਈ ਹੁੰਦਾ ਹੈ।

5. ਇਕ ਤੇਰੇ ਵਿਯੋਗ ਦਾ ਸੇਕ ਡਾਢਾ,
ਦੂਜਾ ਉਮਰ ਦੀ ਸਿਖ਼ਰ ਦੁਪਹਿਰ ਆਈ।
ਤੇਰਾ ਖ਼ਤ ਸਾਨੂੰ ਅਜ ਬਹੁੜਿਆ ਏ,
ਜਿਵੇਂ ਸੱਤਾਂ ਅਸਮਾਨਾਂ ਤੇ ਘਟਾ ਛਾਈ।
ਦੋਵੇਂ ਅੱਖੀਆਂ ਸਾਡੀਆਂ ਝੂਮ ਪਈਆਂ,
ਮੱਥੇ ਵਿਚ ਨਸੀਬਾਂ ਨੇ ਪੈਲ ਪਾਈ।

**ਕਵੀ ਤੇ ਕਵਿਤਾ :** ਇਹ ਕਾਵਿ-ਪੰਕਤੀਆਂ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਸੁਨੇਹੜੇ' ਵਿਚੋਂ ਲਈਆਂ ਗਈਆਂ ਹਨ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਸ ਕਵਿਤਾ ਨੂੰ ਬੀ.ਏ. ਭਾਗ ਦੂਜਾ (ਪੰਜਾਬੀ ਲਾਜ਼ਮੀ) ਦੀ ਪਾਠ-ਪੁਸਤਕ 'ਕਾਵਿ ਲਹਿਰਾਂ' ਵਿਚ ਸੰਪਾਦਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਨਾਇਕਾ ਆਪਣੇ ਪ੍ਰੇਮੀ ਵਜੋਂ ਮਿਲੇ ਇਕ ਪੱਤਰ ਦੇ ਜਵਾਬ ਵਿਚ ਕੁਝ ਪੰਕਤੀਆਂ ਲਿਖ ਰਹੀ ਹੈ। ਪ੍ਰੇਮੀ ਨੇ ਨਾਇਕਾ ਦਾ ਹਾਲ-ਚਾਲ ਪੁਛਿਆ ਸੀ। ਉਹ ਦੱਸਦੀ ਹੈ ਕਿ ਉਸ ਦੇ ਵਿਛੋੜੇ ਵਿਚ ਉਹ ਬਹੁਤ ਉਦਾਸ ਰਹਿੰਦੀ ਹੈ। ਕਾਸ਼! ਉਹ ਉਸ ਪਾਸ ਪਹੁੰਚ ਸਕਦੀ ਪਰ ਸਾਡਾ ਸਮਾਜ ਦੋ ਪ੍ਰੇਮੀਆਂ ਨੂੰ ਖੁੱਲ੍ਹੇ ਰੂਪ ਵਿਚ ਮਿਲਣ ਦੀ ਇਜਾਜ਼ਤ ਨਹੀਂ ਦਿੰਦਾ।

**ਵਿਆਖਿਆ :** ਨਾਇਕਾ ਲਿਖਦੀ ਹੈ ਕਿ ਇਕ ਤਾਂ ਉਹ ਆਪਣੇ ਪ੍ਰੇਮੀ ਦੇ ਵਿਛੋੜੇ ਦੀ ਪੀੜ ਵਿਚ ਤੜਪ ਰਹੀ ਹੈ ਅਤੇ ਦੂਸਰਾ ਉਹ ਭਰ ਜਵਾਨ ਹੈ। ਜਵਾਨੀ ਵਿਚ ਵਿਛੋੜਾ ਹੋਰ ਵੀ ਦੁਖਦਾਈ ਬਣ ਜਾਂਦਾ ਹੈ ਕਿਉਂਕਿ ਇਹ ਉਮਰ ਇਕੱਠੇ ਰਹਿਣ ਦੀ ਹੁੰਦੀ ਹੈ। ਉਸ ਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਉਸ ਦੇ ਪ੍ਰੇਮੀ ਨੇ ਖ਼ਤ ਰਾਹੀਂ ਉਸ ਦਾ ਹਾਲ-ਚਾਲ ਪੁੱਛਿਆ। ਖ਼ਤ ਮਿਲਣ ਤੇ ਉਸ ਨੂੰ ਇਉਂ ਪ੍ਰਤੀਤ ਹੋਇਆ ਹੈ ਜਿਵੇਂ ਸਾਰੇ ਅਸਮਾਨ ਵਿਚ ਸਾਵਣ ਦੇ ਬੱਦਲ ਛਾ ਗਏ ਹੋਣ ਅਤੇ ਮੌਸਮ ਅਤਿਅੰਤ ਸੁਹਾਵਣਾ ਹੋ ਗਿਆ ਹੋਵੇ। ਮੇਰੀਆਂ ਅੱਖਾਂ ਵਿਚ ਦੋਬਾਰਾ ਮਸਤੀ ਛਾਣ ਲੱਗ ਪਈ ਹੈ। ਹੰਝੂ-ਹਉਕੇ ਕੁਝ ਦੇਰ ਲਈ ਰੁਕ ਗਏ ਹਨ। ਇਉਂ ਲੱਗਦਾ ਹੈ ਜਿਵੇਂ ਮੇਰੀ ਬੁਰੀ ਕਿਸਮਤ ਬਦਲਣ ਲੱਗ ਪਈ ਹੋਵੇ। ਵਿਛੋੜੇ ਦੇ ਦਿਨ ਖ਼ਤਮ ਹੋਣ ਵਾਲੇ ਹੋਣ ਅਤੇ ਮਿਲਾਪ ਦੀਆਂ ਘੜੀਆਂ ਆਉਣ ਵਾਲੀਆਂ ਹੋਣ ਪਰ ਪ੍ਰੇਮੀਆਂ ਦੀ ਕਿਸਮਤ, ਸਾਡੇ ਸਮਾਜ ਵਿਚ ਕਦੋਂ ਏਨੀ ਛੇਤੀ ਬਦਲਦੀ ਹੈ!

6. ਦੋਸਤੋ ਓ ਮਹਿਰਮੋਂ
ਓ ਸਾਥੀਓ ਓ ਬੇਲੀਓ
ਮੈਂ ਮੁਹੱਬਤ ਦੀ ਕਸਮ ਖਾ ਕੇ
ਇਹ ਵਾਅਦਾ ਕਰ ਰਿਹਾਂ
ਮੈਂ ਦੋਸਤੀ ਦੇ ਨਾਮ ਤੋਂ
ਸਭ ਕੁਛ ਨਿਛਾਵਰ ਕਰ ਰਿਹਾਂ
ਤੇ ਇਨਕਲਾਬ ਆਉਣ ਤਕ
ਮੈਂ ਰੋਜ਼ ਸੂਲੀ ਚੜ੍ਹ ਰਿਹਾਂ।

**ਕਵੀ ਤੇ ਕਵਿਤਾ :** ਵਿਚਾਰ ਅਧੀਨ ਕਾਵਿ ਪੰਕਤੀਆਂ ਪੰਜਾਬੀ ਦੇ ਲੋਕਪ੍ਰਿਅ ਕਵੀ ਸ਼ਿਵ ਕੁਮਾਰ ਬਟਾਲਵੀ ਦੀ ਇਕ ਚਰਚਿਤ ਕਵਿਤਾ 'ਮਸੀਹਾ' ਵਿਚੋਂ ਲਈਆਂ ਗਈਆਂ ਹਨ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਹ ਕਵਿਤਾ ਬੀ.ਏ. ਭਾਗ ਦੂਜਾ ਦੀ ਪਾਠ-ਪੁਸਤਕ ਕਾਵਿ ਲਹਿਰਾਂ ਵਿਚ ਸੰਕਲਿਤ ਕੀਤੀ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਕਵੀ ਇਹ ਪ੍ਰਤਿਗਿਆ ਕਰਦਾ ਹੈ ਕਿ ਉਹ ਆਪਣੀਆਂ ਕਵਿਤਾਵਾਂ ਵਿਚ ਮਹਿਬੂਬ ਦੀਆਂ ਜ਼ੁਲਫ਼ਾਂ ਦੀ ਬਜਾਇ ਕਿਰਤੀਆਂ-ਕਿਸਾਨਾਂ ਦੇ ਦੁਖਾਂ-ਦਰਦਾਂ ਦਾ ਜ਼ਿਕਰ ਕਰੇਗਾ। ਉਹ ਉਨ੍ਹਾਂ ਦੇ ਦੁਖ-ਦਰਦ ਦੂਰ ਕਰਨ ਲਈ ਸੂਲੀ ਉਪਰ ਚੜ੍ਹਨ ਲਈ ਵੀ ਤਤਪਰ ਰਹੇਗਾ।

**ਵਿਆਖਿਆ :** ਕਵੀ ਆਪਣੇ ਸਾਥੀਆਂ ਨੂੰ ਸੰਬੋਧਿਤ ਕਰ ਕੇ ਕਹਿੰਦਾ ਹੈ ਕਿ ਮੈਂ ਤੁਹਾਡੇ ਨਾਲ ਆਪਣੀ ਮੁਹੱਬਤ ਦੀ ਸਹੁੰ ਖਾ ਕੇ ਕਹਿੰਦਾ ਹਾਂ, ਮੈਂ ਤੁਹਾਡੇ ਨਾਲ ਇਹ ਇਕਰਾਰ ਕਰਦਾ ਹਾਂ ਕਿ ਮੈਂ ਤੁਹਾਡੇ ਨਾਲ ਆਪਣੀ ਦੋਸਤੀ ਪੂਰੀ ਤਰ੍ਹਾਂ ਨਿਭਾਵਾਂਗਾ। ਮੈਂ ਆਪਣਾ ਸਭ ਕੁਝ ਤੁਹਾਡੇ ਤੋਂ ਕੁਰਬਾਨ ਕਰ ਦੇਵਾਂਗਾ। ਜਿੰਨੀ ਦੇਰ ਤਕ ਤੁਹਾਡੇ ਜੀਵਨ ਵਿਚ ਇਨਕਲਾਬ ਨਹੀਂ ਆ ਜਾਂਦਾ। ਤੁਹਾਨੂੰ ਤੁਹਾਡੇ ਅਧਿਕਾਰ ਅਤੇ ਸੁਖ ਦੇ ਸਾਧਨ ਪ੍ਰਾਪਤ ਨਹੀਂ ਹੋ ਜਾਂਦੇ, ਮੈਂ ਸੂਲੀ ਉਪਰ ਚੜ੍ਹਦਾ ਰਹਾਂਗਾ। ਮੈਂ ਕਦੇ ਪਿੱਛੇ ਨਹੀਂ ਹਟਾਂਗਾ ਅਤੇ ਤੁਹਾਡੇ ਨਾਲ ਆਪਣੀ ਦੋਸਤੀ ਨਿਭਾਉਣ ਲਈ ਆਪਣੀ ਪੂਰੀ ਵਾਹ ਲਾ ਦੇਵਾਂਗਾ। ਮੇਰੀ ਕਵਿਤਾ ਤੁਹਾਡੇ ਹੱਕਾਂ ਦੀ ਰਾਖੀ ਲਈ ਨਿਰੰਤਰ ਜੂਝਦੀ ਰਹੇਗੀ।

7. ਮੇਰੇ ਧੜ ਤੇ ਨਵੇਂ ਸੂਰਜ ਜਿਹਾ
ਜਦ ਸੀਸ ਉੱਗੇਗਾ
ਰੌਸ਼ਨੀ ਉਸ ਦੀ
ਗੁਰੂ ਦਾ ਨਾਮ ਲੈ ਕੇ, ਅਰਪ ਦੇਵਾਂਗਾ
ਨਿਰੀ ਨੰਗੀ ਨਿਕੱਦੀ ਹੀਣਤਾ
ਮੈਥੋਂ ਹੁਣ ਜੀਵੀ ਨਹੀਂ ਜਾਂਦੀ।

**ਕਵੀ ਤੇ ਕਵਿਤਾ :** ਵਿਆਖਿਆ ਅਧੀਨ ਕਾਵਿ ਪੰਕਤੀਆਂ ਡਾ. ਹਰਿਭਜਨ ਸਿੰਘ ਰਚਿਤ ਕਵਿਤਾ 'ਤੇਰੇ ਹਜ਼ੂਰ ਮੇਰੀ ਹਾਜ਼ਰੀ' ਦੀ ਦਾਸਤਾਨ ਵਿਚੋਂ ਲਈਆਂ ਗਈਆਂ ਹਨ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਹ ਕਵਿਤਾ ਬੀ.ਏ. ਭਾਗ ਦੂਜਾ (ਪੰਜਾਬੀ ਲਾਜ਼ਮੀ) ਲਈ ਨਿਸ਼ਚਿਤ ਪਾਠ-ਪੁਸਤਕ 'ਕਾਵਿ ਲਹਿਰਾਂ' ਵਿਚ ਸੰਪਾਦਿਤ ਕੀਤੀ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਕਵੀ ਇਹ ਕਲਪਨਾ ਕਰਦਾ ਹੈ ਜਿਵੇਂ ਉਹ ਗੁਰੂ ਗੋਬਿੰਦ ਸਿੰਘ ਦੁਆਰਾ 1699 ਈ. ਵਿਚ ਸਾਜੇ ਜਾ ਰਹੇ ਖਾਲਸੇ ਦੇ ਸਮਾਗਮ ਵਿਚ ਆਪ ਵੀ ਸ਼ਾਮਲ ਹੋਵੇ। ਜਦੋਂ ਗੁਰੂ ਸਾਹਿਬ ਨੇ ਆਪਣੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਸੀਸ ਦੀ ਮੰਗ ਕੀਤੀ ਸੀ ਤਾਂ ਬਹੁਤ ਸਾਰੇ ਹੋਰ ਸਿੱਖਾਂ ਵਾਂਗ ਉਹ ਵੀ ਬੇਹੱਦ ਭੈਭੀਤ ਹੋ ਗਿਆ ਸੀ। ਗੁਰੂ ਜੀ ਨੇ ਇਕ-ਤੋਂ-ਬਾਅਦ-ਇਕ ਪੰਜ ਵਾਰ ਸਿਰਾਂ ਦੀ ਮੰਗ ਕੀਤੀ ਸੀ ਅਤੇ ਹਰ ਇਕ ਨੂੰ ਧਰੂਹ ਕੇ ਤੰਬੂ ਵਿਚ ਲੈ ਗਏ ਸਨ। ਪਰ ਪੰਜਵੀਂ ਵਾਰ ਸਿਰ ਮੰਗਣ ਤੋਂ ਬਾਅਦ ਜਦ ਆਪ ਤੰਬੂ ਵਿਚੋਂ ਬਾਹਰ ਆਏ ਸਨ ਤਾਂ ਪੰਜੇ ਸਿੰਘ ਵੀ ਆਪ ਦੇ ਪਿਛੇ-ਪਿਛੇ ਬਾਹਰ ਆ ਗਏ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਸਤਿਕਾਰ ਦੇ ਕੇ ਆਪਣੇ ਕਰੀਬ ਬਿਠਾ ਲਿਆ ਸੀ। ਉਸ ਵਕਤ ਕਵੀ ਨੇ ਮਹਿਸੂਸ ਕੀਤਾ ਸੀ: ਕਾਸ਼! ਉਸ ਨੇ ਵੀ ਸੀਸ ਭੇਟ ਕਰ ਦਿੱਤਾ ਹੁੰਦਾ ਤਾਂ ਉਸ ਦਾ ਕਿੰਨਾ ਸਤਿਕਾਰ ਹੋਣਾ ਸੀ।

**ਵਿਆਖਿਆ :** ਕਵੀ ਸੋਚਦਾ ਹੈ ਕਿ ਉਹ ਸੀਸ ਕਿਵੇਂ ਭੇਟ ਕਰ ਦਿੰਦਾ? ਉਸ ਦੇ ਸਿਰ ਉਪਰ ਤਾਂ ਅਣਖੀਲਾ ਅਤੇ ਸੱਚਾ-ਸੁੱਚਾ ਸੀਸ ਹੀ ਨਹੀਂ ਸੀ। ਗੁਰੂ ਦੇ ਦਰਬਾਰ ਵਿਚ ਸੱਚੇ ਸੀਸ ਹੀ ਭੇਟਾ ਚੜ੍ਹ ਸਕਦੇ ਹਨ, ਪਾਖੰਡੀ ਸਿਰਾਂ ਦੀ ਗੁਰੂ ਦੇ ਦਰਬਾਰ ਵਿਚ ਕੋਈ ਕੀਮਤ ਨਹੀਂ। ਕਵੀ ਫ਼ੈਸਲਾ ਕਰਦਾ ਹੈ ਕਿ ਉਹ ਵੀ ਸਾਰੇ ਪਾਖੰਡਾਂ ਨੂੰ ਤਿਆਗ ਕੇ ਸੱਚਾ ਗੁਰਸਿਖ ਬਣਨ ਦੀ ਕੋਸ਼ਿਸ਼ ਕਰੇਗਾ। ਜਦੋਂ ਉਹ ਇਸ ਮੰਤਵ ਵਿਚ ਕਾਮਯਾਬ ਹੋ ਗਿਆ ਤਾਂ ਜ਼ਰੂਰ ਆਪਣਾ ਸਿਰ ਗੁਰੂ-ਚਰਨਾਂ ਵਿਚ ਭੇਟ ਕਰ ਕੇ ਗੁਰੂ-ਘਰ ਦੀ ਮੋਹਰ-ਛਾਪ ਲਵਾ ਲਵੇਗਾ। ਦੰਭੀ ਸਿਰ ਨੂੰ ਲੈ ਕੇ ਜਿਉਣਾ ਕਿੰਨਾ ਕਸ਼ਟਦਾਇਕ ਹੁੰਦਾ ਹੈ। ਇਸ ਗੱਲ ਨੂੰ ਕੇਵਲ ਦੰਭੀ ਲੋਕ ਹੀ ਜਾਣਦੇ ਹਨ। ਦੰਭੀ ਲੋਕ ਨਿਕੱਦੇ (ਬੌਣੇ) ਅਤੇ ਹੀਣਤਾ ਭਾਵ ਵਿਚ ਗ੍ਰਸਤ ਰਹਿੰਦੇ ਸਨ। ਇਹੋ ਜਿਹਾ ਅਪ੍ਰਮਾਣਿਕ (ਝੂਠਾ) ਜੀਵਨ ਕਿਸੇ ਬੁੱਧੀਮਾਨ ਵਿਅਕਤੀ ਨੂੰ ਸੋਭਦਾ ਨਹੀਂ ਹੈ। ਇਸ ਕਵਿਤਾ ਰਾਹੀਂ ਕਵੀ ਨੇ ਆਪਣੇ ਸਮੇਤ ਮੱਧਵਰਗੀ ਸੋਚ ਵਾਲੇ ਸਵਾਰਥੀ ਲੋਕਾਂ ਉਪਰ ਇਕ ਭਰਪੂਰ ਵਿਅੰਗ ਕੀਤਾ ਹੈ।

8. ਮੈਂ ਪਾਰਟੀਆਂ ਵਿਚ ਪੈਂਦਾ ਨਹੀਂ
ਇਹ ਖਸਮਾਂ ਖਾਣੇ ਇੱਕੋ ਨੇ
ਇਹ ਝੂਠੇ ਵਾਇਦੇ ਕਰਦੇ ਨੇ
ਇਹ ਦਲ ਦੇ ਕਾਣੇ ਇੱਕੋ ਨੇ
ਇਹ ਕੁਰਸੀ-ਪੂਜਕ ਇੱਕੋ ਨੇ
ਇਹ ਲੋਟੂ ਢਾਣੇ ਇੱਕੋ ਨੇ।

**ਕਵੀ ਤੇ ਕਵਿਤਾ :** ਇਹ ਕਾਵਿ ਪੰਕਤੀਆਂ ਪੰਜਾਬੀ ਦੇ ਵਿਅੰਗਾਤਮਕ ਕਵੀ ਤਾਰਾ ਸਿੰਘ ਦੀ ਇਕ ਕਵਿਤਾ 'ਲੋਕਾਂ ਨਾਲ ਗੱਲ' ਵਿਚੋਂ ਲਈਆਂ ਗਈਆਂ ਹਨ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਸ ਕਵਿਤਾ ਨੂੰ ਬੀ.ਏ. ਭਾਗ ਦੂਜਾ (ਪੰਜਾਬੀ ਲਾਜ਼ਮੀ) ਲਈ ਨਿਸ਼ਚਤ ਪੁਸਤਕ 'ਕਾਵਿ ਲਹਿਰਾਂ' ਵਿਚ ਸੰਗ੍ਰਹਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਕਵੀ ਨੇ ਭਾਰਤ ਦੀਆਂ ਰਾਜਸੀ ਪਾਰਟੀ ਦੇ ਸੰਚਾਲਕਾਂ ਅਤੇ ਅਫ਼ਸਰਸ਼ਾਹੀ ਦੇ ਚਰਿਤਰ ਉਪਰ ਵਿਅੰਗ ਕੀਤਾ ਹੈ। ਉਹ ਕਹਿੰਦਾ ਹੈ ਕਿ ਰਾਜਸੀ ਨੇਤਾ ਧਨ-ਜਾਇਦਾਦ ਬਣਾਉਣ ਵਿਚ ਰੁੱਝੇ ਰਹਿੰਦੇ ਹਨ ਅਤੇ ਅਫ਼ਸਰ ਲੋਕ ਰਿਸ਼ਵਤ ਲੈਣ ਤੋਂ ਬਿਨਾਂ ਕਿਸੇ ਵੀ ਆਦਮੀ ਦਾ ਕੰਮ ਨਹੀਂ ਕਰਦੇ। ਲੋਕ ਮੂਰਖ ਹਨ, ਜੋ ਬਾਰ-ਬਾਰ ਉਹੀ ਸਰਕਾਰਾਂ ਬਣਾਈ ਜਾਂਦੇ ਹਨ। ਭ੍ਰਿਸ਼ਟ ਨੇਤਾਵਾਂ ਨੂੰ ਚੁਣ ਲੈਂਦੇ ਹਨ ਅਤੇ ਫਿਰ ਉਹ ਪੰਜ ਸਾਲਾਂ ਤੱਕ ਲੋਕਾਂ ਨੂੰ ਆਪਣੀ ਸ਼ਕਲ ਤੱਕ ਨਹੀਂ ਵਿਖਾਉਂਦੇ। ਇਸ ਕਵਿਤਾ ਵਿਚ ਕਵੀ ਲੋਕਾਂ ਨਾਲ ਖਰੀਆਂ-ਖਰੀਆਂ ਗੱਲਾਂ ਕਰਦਾ ਹੈ ਅਤੇ ਉਨ੍ਹਾਂ ਨੂੰ ਸਾਵਧਾਨ ਕਰਦਾ ਹੈ।

**ਵਿਆਖਿਆ :** ਵਿਆਖਿਆ ਅਧੀਨ ਪੰਕਤੀਆਂ ਵਿਚ ਕਵੀ ਕਹਿੰਦਾ ਹੈ ਕਿ ਉਹ ਕਿਸੇ ਵੀ ਪਾਰਟੀ ਦਾ ਸਮਰਥਨ ਨਹੀਂ ਕਰਦਾ। ਕਿਸੇ ਦੇ ਵੀ ਪਿੱਛੇ ਨਹੀਂ ਲਗਦਾ ਕਿਉਂਕਿ ਉਹ ਜਾਣਦਾ ਹੈ ਕਿ ਸਾਰੀਆਂ ਪਾਰਟੀਆਂ ਇਕੋ ਜਿਹੀਆਂ ਹਨ। ਹਰ ਇਕ ਦਾ ਉਦੇਸ਼ ਧਨ-ਜਾਇਦਾਦ ਬਣਾਉਣਾ ਹੀ ਹੈ। ਵੋਟਾਂ ਤੋਂ ਪਹਿਲਾਂ ਇਹ ਲੋਕਾਂ ਨਾਲ ਝੂਠੇ ਵਾਅਦੇ ਕਰ ਕੇ ਉਨ੍ਹਾਂ ਨੂੰ ਭਰਮਾ ਲੈਂਦੇ ਹਨ ਅਤੇ ਫਿਰ ਆਪਣੇ ਸਵਾਰਥਾਂ ਦੀ ਪੂਰਤੀ ਵਿਚ ਰੁਝ ਜਾਂਦੇ ਹਨ। ਇਹ ਸਾਰੇ ਕੁਰਸੀ ਦੀ ਪੂਜਾ ਕਰਦੇ ਹਨ, ਕਾਰ-ਵਿਹਾਰ ਪੱਖੋਂ ਕਾਣੇ ਹਨ। ਸਿਰਫ਼ ਆਪਣੇ ਘਰ ਪਰਿਵਾਰ ਵੱਲ ਹੀ ਵੇਖਦੇ ਹਨ ਅਤੇ ਇਨ੍ਹਾਂ ਦਾ ਚਰਿਤਰ ਲੋਟੂ ਹੈ। ਇਹ ਜਨਤਾ ਦੇ ਸੇਵਕ ਨਹੀਂ ਬਲਕਿ ਲੁਟੇਰੇ ਹਨ। ਲੋਕਾਂ ਦੀ ਭਲਾਈ ਇਨ੍ਹਾਂ ਤੋਂ ਬਚ ਕੇ ਰਹਿਣ ਵਿਚ ਹੀ ਹੈ। ਭਾਰਤ ਵਿਚ ਲੋਕਤੰਤਰ ਫੇਲ੍ਹ ਹੋ ਚੁੱਕਾ ਹੈ ਕਿਉਂਕਿ ਇਹ ਲੋਕ-ਭਲਾਈ ਲਈ ਸਮਰਪਿਤ ਨਹੀਂ।

9. ਧੁੱਪਾਂ ਵਾਂਗ ਧਰਤੀ ਤੇ ਖਿੜ ਜਾਣਾ
ਤੇ ਫਿਰ ਗਲਵਕੜੀ ਵਿਚ ਸਿਮਟ ਜਾਣਾ
ਬਰੂਦ ਵਾਂਗ ਭੜਕ ਉੱਠਣਾ
ਤੇ ਚੌਹਾਂ ਕੂੰਟਾਂ ਅੰਦਰ ਗੂੰਜ ਜਾਣਾ-
ਜੀਣ ਦਾ ਇਹੋ ਹੀ ਸਲੀਕਾ ਹੁੰਦਾ ਹੈ।

**ਕਵੀ ਤੇ ਕਵਿਤਾ :** ਵਿਚਾਰ ਅਧੀਨ ਕਾਵਿ ਪੰਕਤੀਆਂ ਪੰਜਾਬੀ ਦੇ ਜੁਝਾਰਵਾਦੀ ਕਵੀ ਪਾਸ਼ ਦੀ ਪ੍ਰਸਿੱਧ ਕਵਿਤਾ 'ਮੈਂ ਹੁਣ ਵਿਦਾ ਹੁੰਦਾ ਹਾਂ' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਨੂੰ ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਬੀ.ਏ. ਭਾਗ ਦੂਜਾ ਦੇ ਪਾਠ-ਕ੍ਰਮ ਲਈ ਪ੍ਰਸਤਾਵਿਤ ਪੁਸਤਕ 'ਕਾਵਿ ਲਹਿਰਾਂ' ਵਿਚ ਸੰਕਲਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਕਵੀ ਆਪਣੀ ਮਿੱਤਰ-ਕੁੜੀ ਤੋਂ ਵਿਦਾ ਲੈਂਦਾ ਹੈ। ਉਹ ਉਸ ਨਾਲ ਬਿਤਾਏ ਪ੍ਰੇਮ ਭਰੇ ਛਿਣਾਂ ਲਈ ਉਸ ਦਾ ਧੰਨਵਾਦ ਕਰਦਾ ਹੈ। ਉਨ੍ਹਾਂ ਧੁੱਪਾਂ, ਧੁੰਦਾਂ, ਖੇਤਾਂ ਅਤੇ ਮੌਸਮਾਂ ਦਾ ਵੀ ਜ਼ਿਕਰ ਕਰਦਾ ਹੈ, ਜਦੋਂ ਉਹ ਲੋਕਾਂ ਤੋਂ ਛਿਪ-ਛਿਪ ਕੇ ਇਕ ਦੂਜੇ ਨਾਲ ਮਿਲਿਆ ਕਰਦੇ ਸਨ ਅਤੇ ਪ੍ਰੇਮ ਭਰੀ ਵਾਰਤਾਲਾਪ ਵਿਚ ਡੁੱਬ ਜਾਂਦੇ ਸਨ। ਪਰ ਛੇਤੀ ਹੀ ਕਵੀ ਨੂੰ ਇਹ ਅਹਿਸਾਸ ਹੋ ਗਿਆ ਕਿ ਮਨੁੱਖੀ ਜੀਵਨ ਦਾ ਸਲੀਕਾ ਛਿਪ-ਛਿਪ ਕੇ ਮਿਲਣਾ ਨਹੀਂ ਬਲਕਿ ਉਸ ਨਿਜ਼ਾਮ ਨੂੰ ਬਦਲਣਾ ਹੈ, ਜਿਸ ਵਿਚ ਕਿਰਤੀਆਂ-ਕਿਸਾਨਾਂ ਨੂੰ ਉਨ੍ਹਾਂ

ਦੇ ਅਧਿਕਾਰ ਨਹੀਂ ਮਿਲਦੇ ਅਤੇ ਦੋ ਪ੍ਰੇਮੀਆਂ ਨੂੰ ਆਜ਼ਾਦੀ ਨਾਲ ਮਿਲਣ ਨਹੀਂ ਦਿੱਤਾ ਜਾਂਦਾ; ਜਿਥੇ ਸਭ ਕੁਝ ਸਰਮਾਏਦਾਰੀ ਨੇ ਹਥਿਆ ਰੱਖਿਆ ਹੈ।

**ਵਿਆਖਿਆ :** ਕਵੀ ਲਿਖਦਾ ਹੈ ਕਿ ਜਿਉਣ ਦੇ ਦੋ ਹੀ ਸਲੀਕੇ ਹਨ; ਪਿਆਰ ਕਰੋ ਅਤੇ ਹਰ ਤਰ੍ਹਾਂ ਦੇ ਅਨਿਆਇ ਵਿਰੁੱਧ ਸੰਘਰਸ਼ ਕਰੋ। ਸਭ ਕੁਝ ਐਲਾਨੀਆ ਹੋਵੇ। ਛਿਪ-ਛਿਪਾ ਕੇ ਕੁਝ ਨਾ ਕੀਤਾ ਜਾਵੇ। ਜਿਵੇਂ ਆਕਾਸ਼ ਵਿਚ ਸੂਰਜ ਉਦੈ ਹੁੰਦਾ ਹੈ ਤਾਂ ਉਸ ਦੀ ਧੁੱਪ ਹਰ ਥਾਂ ਛਾ ਜਾਂਦੀ ਹੈ। ਸਭ ਨੂੰ ਦਿਸਦਾ ਹੈ। ਪ੍ਰੇਮੀਆਂ ਨੂੰ ਵੀ ਪ੍ਰੇਮ ਇਸ ਪ੍ਰਕਾਰ ਕਰਨਾ ਚਾਹੀਦਾ ਹੈ। ਉਹ ਇਕ ਦੂਜੇ ਨਾਲ ਖੁਲ੍ਹਮਖੁੱਲ੍ਹੇ ਗਲਵਕੜੀ ਪਾ ਸਕਣ। ਪਰ ਜੇ ਕੋਈ ਨਿਜ਼ਾਮ ਉਨ੍ਹਾਂ ਨੂੰ ਅਜਿਹਾ ਕਰਨ ਦੀ ਇਜਾਜ਼ਤ ਨਹੀਂ ਦਿੰਦਾ ਤਾਂ ਉਸ ਦੇ ਵਿਰੁੱਧ ਜੰਗ ਲੜਨਾ ਚਾਹੀਦਾ ਹੈ। ਬੰਬ ਬਣ ਕੇ ਫਟ ਜਾਣਾ ਚਾਹੀਦਾ ਹੈ, ਜਿਸ ਦੀ ਗੂੰਜ ਸਭ ਨੂੰ ਸੁਣਾਈ ਦੇਵੇ। ਆਜ਼ਾਦੀ ਅਸਲ ਵਿਚ ਉਹੀ ਹੈ, ਜਿਥੇ ਸਭ ਕੁਝ ਗੱਜ-ਵੱਜ ਕੇ ਕੀਤਾ ਜਾ ਸਕੇ। ਮਿਹਨਤੀ ਇਨਸਾਨ ਨੂੰ ਕੁਝ ਵੀ ਛੁਪਾਉਣ ਦੀ ਜ਼ਰੂਰਤ ਨਾ ਹੋਵੇ।

10. ਇਸ ਨਗਰੀ ਤੇਰਾ ਜੀ ਨਹੀਂ ਲਗਦਾ
ਇਕ ਚੜ੍ਹਦੀ ਇਕ ਲਹਿੰਦੀ ਏ
ਤੈਨੂੰ ਰੋਜ਼ ਉਡੀਕ ਖ਼ਤਾਂ ਦੀ
ਸਿਖ਼ਰ ਦੁਪਹਿਰੇ ਰਹਿੰਦੀ ਏ।

**ਕਵੀ ਤੇ ਕਵਿਤਾ :** ਇਹ ਕਾਵਿ-ਪੰਕਤੀਆਂ ਸਮਕਾਲੀ ਪੰਜਾਬ ਦੇ ਸੁਪ੍ਰਸਿੱਧ ਕਵੀ ਸੁਰਜੀਤ ਪਾਤਰ ਦੇ ਪ੍ਰਗੀਤ 'ਖ਼ਤਾਂ ਦੀ ਉਡੀਕ' ਵਿਚੋਂ ਲਈਆਂ ਗਈਆਂ ਹਨ। ਇਸ ਪ੍ਰਗੀਤ ਨੂੰ ਡਾ. ਜਸਵਿੰਦਰ ਸਿੰਘ ਡਾ. ਇੰਦਰਜੀਤ ਸਿੰਘ ਚੀਮਾ ਨੇ ਬੀ.ਏ. ਭਾਗ ਦੂਜਾ (ਪੰਜਾਬੀ ਲਾਜ਼ਮੀ) ਦੀ ਪਾਠ-ਪੁਸਤਕ 'ਕਾਵਿ ਲਹਿਰਾਂ' ਵਿਚ ਸੰਗ੍ਰਹਿ ਕੀਤਾ ਹੈ।

**ਪ੍ਰਸੰਗ :** ਆਧੁਨਿਕ ਯੁਗ ਵਿਚ ਵਿਅਕਤੀ ਬਿਲਕੁਲ ਇਕੱਲਾ ਅਤੇ ਅਜਨਬੀ ਬਣ ਕੇ ਰਹਿ ਗਿਆ ਹੈ। ਰੋਜ਼ਗਾਰ ਉਸ ਨੂੰ ਆਪਣੇ ਪਿੰਡ ਤੋਂ ਪੁੱਟ ਕੇ ਕਿਸੇ ਓਪਰੇ ਨਗਰ ਜਾਂ ਮਹਾਂਨਗਰ ਵਿਚ ਲੈ ਆਇਆ ਹੈ। ਹੁਣ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਵਾਸਤੇ ਉਸ ਨੂੰ ਆਪਣੇ ਮਿੱਤਰਾਂ ਅਤੇ ਸ਼ੁਭਚਿੰਤਕਾਂ ਦੇ ਖ਼ਤਾਂ ਦੀ ਇੰਤਜ਼ਾਰ ਰਹਿੰਦੀ ਹੈ।

**ਵਿਆਖਿਆ :** ਕਵੀ ਆਪਣੇ ਮਨ ਨੂੰ ਸੰਬੋਧਨ ਕਰ ਕੇ ਕਹਿੰਦਾ ਹੈ ਕਿ ਇਸ ਓਪਰੀ ਨਗਰੀ ਵਿਚ ਉਸ ਦਾ ਦਿਲ ਨਹੀਂ ਲਗਦਾ। ਇਥੇ ਉਸ ਦੀ ਕੋਈ ਸ਼ਨਾਖਤ ਜਾਂ ਪਹਿਚਾਣ ਨਹੀਂ ਬਣ ਸਕੀ ਜੋ ਇਕ ਵਿਅਕਤੀ ਦਾ ਦਿਲ ਲਗਾਉਣ ਲਈ ਜ਼ਰੂਰੀ ਹੁੰਦੀ ਹੈ। ਇਥੇ ਜਿਉਣ ਲਈ ਉਸ ਨੂੰ ਸਿਰਫ਼ ਖ਼ਤਾਂ (ਚਿੱਠੀ-ਪੱਤਰ) ਦਾ ਹੀ ਆਸਰਾ ਹੈ। ਦੁਪਹਿਰ ਸਮੇਂ ਜਦੋਂ ਡਾਕੀਆ ਆਉਂਦਾ ਹੈ ਤਾਂ ਉਸ ਨੂੰ ਉਡੀਕ ਹੁੰਦੀ ਹੈ ਕਿ ਉਸ ਦੇ ਨਾਮ ਦਾ ਵੀ ਕੋਈ ਖ਼ਤ ਆਵੇਗਾ। ਦੂਰ ਬੈਠਾ ਕੋਈ ਸਾਕ-ਸੰਬੰਧੀ, ਮਿੱਤਰ ਜਾਂ ਪਾਠਕ ਉਸ ਨੂੰ ਵੀ ਯਾਦ ਕਰਦਾ ਹੋਵੇਗਾ। ਯਾਦ ਰਖਣਾ ਵੀ ਜਿਉਂਦੇ ਰਹਿਣ ਦਾ ਇਕ ਪ੍ਰਮਾਣ ਬਣ ਜਾਂਦਾ ਹੈ।

11. ਵੱਧ-ਵੱਧ ਬੋਲਣਾ ਏਂ ਐਵੇਂ ਬੜਬੋਲਿਆ,
ਸਬਜ਼ੀਆਂ ਤੋਂ ਜਾ ਤੂੰ ਸਿਆਸਤਾਂ ਨੂੰ ਫੋਲਿਆ।
ਦੂਜੇ ਦੀ ਵੀ ਗੱਲ ਸੁਣ ਦੂਜੇ ਨੂੰ ਵੀ ਕਹਿਣ ਦੇ,
ਹਕੂਮਤਾਂ ਦੀ ਗੱਲ ਤੂੰ ਹਕੂਮਤਾਂ ਤੇ ਰਹਿਣ ਦੇ।

**ਕਵੀ ਤੇ ਕਵਿਤਾ :** ਇਹ ਕਵਿਤਾ ਪੱਛਮੀ ਪੰਜਾਬ ਦੇ ਪ੍ਰਸਿੱਧ ਜਨਵਾਦੀ ਕਵੀ ਤੇ ਕਵੀ ਦਰਬਾਰਾਂ ਦੇ ਸ਼ਹਿਨਸ਼ਾਹ ਜਨਾਬ ਅਨਵਰ ਮਸੂਦ ਦੀ ਲਿਖੀ ਹੋਈ ਹੈ। ਇਸ ਦਾ ਸਿਰਲੇਖ ਹੈ : ਅਜ ਕੀਹ ਪਕਾਈਏ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਸ ਨੂੰ ਪਾਠ-ਪੁਸਤਕ 'ਕਾਵਿ ਲਹਿਰਾਂ' ਵਿਚ ਸੰਗ੍ਰਹਿਤ ਕੀਤਾ ਹੈ।

**ਪ੍ਰਸੰਗ :** ਮਧ-ਸ਼੍ਰੇਣਿਕ ਘਰਾਂ ਵਿਚ ਸਵੇਰੇ ਸ਼ਾਮ ਇਹ ਮਸਲਾ ਬਣਿਆ ਰਹਿੰਦਾ ਹੈ ਕਿ ਅੱਜ ਕੀ ਧਰੀਏ (ਪਕਾਈਏ)? ਪਤੀ-ਪਤਨੀ ਅਤੇ ਬਾਲ-ਬੱਚੇ ਇਹੀ ਗੱਲ ਕਰਦੇ ਰਹਿੰਦੇ ਹਨ। ਹੋਰ ਕੋਈ ਮਸਲਾ ਜੋ ਨਾ

ਹੋਇਆ। ਪਹਿਲਾਂ ਲੋਕ ਘਰਾਂ ਵਿਚ ਖੇਤੀਬਾੜੀ, ਵਣਜ-ਵਪਾਰ ਜਾਂ ਰੋਜ਼ਗਾਰ ਦੀਆਂ ਹੋਰ ਜ਼ਰੂਰੀ ਗੱਲਾਂ ਕਰਦੇ ਸਨ ਪਰ ਅਜੋਕੀ ਮੱਧ ਸ਼੍ਰੇਣੀ ਲਈ ਦਾਲ-ਸਬਜ਼ੀ ਹੀ ਵੱਡਾ ਮਸਲਾ ਬਣ ਗਿਆ ਹੈ। ਇਸ ਕਵਿਤਾ ਵਿਚ ਮਾਲਕ ਅਤੇ ਨੌਕਰ, ਘਰ ਦੇ ਦੋ ਹੀ ਜੀਅ ਹਨ। ਮਾਲਕ ਨੌਕਰ ਨੂੰ ਕਿਸੇ ਸਬਜ਼ੀ ਦਾ ਨਾਮ ਸੁਝਾਉਂਦਾ ਹੈ ਤਾਂ ਨੌਕਰ ਰਹਿਮਾ ਫੌਰਨ ਉਸ ਸਬਜ਼ੀ ਦੇ ਗੁਣ-ਗਿਣਾਉਣ ਲਗਦਾ ਹੈ ਪਰ ਜੇ ਮਾਲਕ ਉਸੇ ਸਬਜ਼ੀ ਨੂੰ ਰੱਦ ਕਰ ਦਿੰਦਾ ਹੈ ਤਾਂ ਨੌਕਰ, ਮਾਲਕ ਦੀ ਖ਼ੁਸ਼ਾਮਦ ਕਰਨ ਲਈ ਉਸਦੇ ਔਗੁਣ ਦੱਸਣ ਲੱਗ ਪੈਂਦਾ ਹੈ। ਇਉਂ ਇਹ ਸਿਲਸਿਲਾ ਚਲਦਾ ਹੋਇਆ ਅੰਤ ਵਿਚ ਛੋਲਿਆਂ ਦੀ ਦਾਲ ਉਪਰ ਜਾ ਕੇ ਖ਼ਤਮ ਹੁੰਦਾ ਹੈ।

**ਵਿਆਖਿਆ :** ਚੌਧਰੀ ਆਪਣੇ ਨੌਕਰ ਰਹਿਮੇ ਦੀ ਸਬਜ਼ੀਆਂ ਬਾਰੇ ਨੋਕ-ਝੋਕ ਤੋਂ ਖਿਝ ਜਾਂਦਾ ਹੈ। ਪਹਿਲਾਂ ਉਸ ਨੇ ਬਤਾਊਂਆਂ ਦੇ ਗੁਣ ਦੱਸੇ ਸਨ ਅਤੇ ਬਾਅਦ ਵਿਚ ਔਗੁਣ ਗਿਣਦਾ-ਗਿਣਦਾ ਬਤਾਊਂਆਂ ਨੂੰ 'ਕਾਲੇ ਹਬਸ਼ੀ' ਕਹਿ ਦਿੰਦਾ ਹੈ। ਉਹ ਕਹਿੰਦਾ ਹੈ ਕਿ ਸਾਡੀ ਤਾਂ ਅਮਰੀਕਾ ਵਰਗੇ ਗੋਰੇ ਲੋਕਾਂ ਨਾਲ ਯਾਰੀ ਹੈ। ਅਸੀਂ ਅਫ਼ਰੀਕਾ ਦੇ ਕਾਲੇ-ਕਲੂਟੇ ਹਬਸ਼ੀਆਂ ਵਰਗੇ ਬਤਾਊਂ ਕਿਉਂ ਚਾੜ੍ਹੀਏ। ਚੌਧਰੀ ਇਕ ਸੰਵੇਦਨਸ਼ੀਲ ਇਨਸਾਨ ਲਗਦਾ ਹੈ। ਉਸ ਨੂੰ 'ਅਮਰੀਕਾ ਨਾਲ ਯਾਰੀ' ਵਾਲਾ ਜੁਮਲਾ ਪਸੰਦ ਨਹੀਂ ਆਉਂਦਾ। ਇਸ ਲਈ ਉਹ ਰਹਿਮੇ ਨੂੰ ਬੜਬੋਲਾ ਦੱਸ ਕੇ ਝਾੜ ਦਿੰਦਾ ਹੈ ਅਤੇ ਕਹਿੰਦਾ ਹੈ ਕਿ ਕਿਥੇ ਸਬਜ਼ੀ ਅਤੇ ਕਿਥੇ ਸਿਆਸਤ? ਤੂੰ ਦੂਜੇ ਬੰਦੇ ਨੂੰ ਤਾਂ ਗੱਲ ਪੂਰੀ ਕਰਨ ਦਾ ਮੌਕਾ ਹੀ ਨਹੀਂ ਦਿੰਦਾ। ਹਕੂਮਤਾਂ ਦੀਆਂ ਗੱਲਾਂ ਨੂੰ ਆਮ ਆਦਮੀ ਨਹੀਂ ਸਮਝ ਸਕਦੇ। ਅਸੀਂ ਆਪਣੇ ਛੋਟੇ-ਛੋਟੇ ਮਸਲਿਆਂ ਉਪਰ ਹੀ ਧਿਆਨ ਦੇਈਏ ਤਾਂ ਚੰਗਾ ਰਹੇਗਾ। ਕਵੀ ਜਾਣਦਾ ਹੈ ਕਿ ਅੱਜਕੱਲ੍ਹ ਅਖ਼ਬਾਰਾਂ ਪੜ੍ਹ ਕੇ ਹਰ ਬੰਦਾ ਸਿਆਸਤ ਨੂੰ ਮੂੰਹ ਮਾਰਨ ਲੱਗਾ ਹੈ। ਇਸ ਰੁਚੀ ਤੋਂ ਬਚਣ ਦੀ ਜ਼ਰੂਰਤ ਹੈ।

12. ਹੁਣ ਜਦੋਂ ਅਵਾਜ਼ਾਂ ਦਾ ਝੁੰਡ
ਆਖਣ ਲੱਗਦਾ ਹੈ
ਬਲੈਕ ਬਾਅ...ਬਲੈਕ ਬਾਅ...
ਤਾਂ ਸਾਡੇ ਬੁੱਲਾਂ ਦੀਆਂ ਤਲਵਾਰਾਂ
ਖਲੋ ਜਾਂਦੀਆਂ ਹਨ।
ਤੇ ਇਨ੍ਹਾਂ ਵਿਚੋਂ ਕੁਝ
ਇਹੋ ਜਿਹਾ ਨਿਕਲਦਾ ਹੈ
ਬਾਅ....ਬਾਅ...ਬਾਅ...ਬਾਸਟਰਡ

**ਕਵੀ ਤੇ ਕਵਿਤਾ :** ਵਿਚਾਰਾਧੀਨ ਕਾਵਿ ਪੰਕਤੀਆਂ ਪੰਜਾਬੀ ਦੇ ਪ੍ਰਮੁਖ ਪਰਵਾਸੀ ਕਵੀ ਅਵਤਾਰ ਜੰਡਿਆਲਵੀ ਦੀ ਰਚਨਾ 'ਬਲੈਕ ਬਾਅ...' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਨੂੰ ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਬੀ.ਏ. ਭਾਗ ਦੂਜਾ ਦੀ ਪਾਠ-ਪੁਸਤਕ 'ਕਾਵਿ ਲਹਿਰਾਂ' ਵਿਚ ਸੰਕਲਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਕਵੀ ਨੇ ਗੋਰੇ ਨਸਲਵਾਦੀਆਂ ਦੀਆਂ ਉਨ੍ਹਾਂ ਗਾਲ੍ਹਾਂ ਦਾ ਜ਼ਿਕਰ ਕੀਤਾ ਹੈ ਜੋ ਉਹ ਇਧਰੋਂ ਭਾਰਤ ਅਤੇ ਹੋਰ ਏਸ਼ਿਆਈ ਦੇਸ਼ਾਂ ਵਿਚੋਂ ਗਏ ਕਾਮਿਆਂ ਨੂੰ ਕੱਢਦੇ ਰਹਿੰਦੇ ਹਨ। ਗੋਰੇ ਲੋਕ ਇਨ੍ਹਾਂ ਕਾਮਿਆਂ ਨੂੰ 'ਬਲੈਕ ਬਾਸਟਰਡ' (ਕਾਲੇ ਹਰਾਮੀ ਲੋਕ) ਕਹਿ ਕੇ ਉਨ੍ਹਾਂ ਦਾ ਅਪਮਾਨ ਕਰਦੇ ਹਨ, ਉਨ੍ਹਾਂ ਦਾ ਸ੍ਵੈਮਾਨ ਤੋੜਨ ਦੀ ਸਾਜਿਸ਼ ਕਰਦੇ ਹਨ। ਪਰ ਕਵੀ ਅਨੁਸਾਰ ਹੁਣ ਏਸ਼ਿਆਈ ਕਾਮੇ ਨਿਡਰ ਅਤੇ ਦਲੇਰ ਹੋ ਗਏ ਹਨ। ਉਹ ਚੁਪ-ਚਾਪ ਉਨ੍ਹਾਂ ਦੀਆਂ ਗਾਲ੍ਹਾਂ ਨੂੰ ਸਹਾਰਨ ਦੀ ਬਜਾਇ ਗਾਲ੍ਹਾਂ ਵਿਚ ਹੀ ਉਨ੍ਹਾਂ ਨੂੰ ਪ੍ਰਤੀਉੱਤਰ ਦਿੰਦੇ ਹਨ। ਆਪਣੇ ਪੈਰਾਂ ਉਪਰ ਪੱਕੀ ਤਰ੍ਹਾਂ ਖੜ੍ਹੇ ਜਾਣ ਕਾਰਨ ਹੀ ਉਨ੍ਹਾਂ ਵਿਚ ਇਹ ਸਾਹਸ ਆਇਆ ਹੈ।

**ਵਿਆਖਿਆ :** ਕਵੀ ਲਿਖਦਾ ਹੈ ਕਿ ਏਸ਼ਿਆਈ ਕਾਮੇ ਜਦੋਂ ਬਜ਼ਾਰਾਂ ਵਿਚੋਂ ਗੁਜ਼ਰਦੇ ਹਨ ਤਾਂ ਆਸ-ਪਾਸ ਖੜ੍ਹੇ ਲੋਕ 'ਬਲੈਕ ਬਾਸਟਰਡ' ਕਹਿ ਕੇ ਉਨ੍ਹਾਂ ਉਪਰ ਆਵਾਜਾਂ ਕਸਦੇ ਹਨ, ਉਨ੍ਹਾਂ ਦਾ ਨਸਲਵਾਦੀ ਟਿੱਪਣੀਆਂ ਨਾਲ ਅਪਮਾਨ ਕਰਦੇ ਹਨ। ਪਹਿਲਾਂ-ਪਹਿਲਾਂ ਸਾਡੇ ਲੋਕ ਇਨ੍ਹਾਂ ਅਪਮਾਨਜਨਕ ਟਿੱਪਣੀਆਂ ਨੂੰ ਸੁਣ ਕੇ ਚੁਪ ਕਰ ਰਹਿੰਦੇ ਸਨ। ਪਰ ਹੁਣ ਏਸ਼ਿਆਈ ਕਾਮੇ ਸੰਗਠਿਤ ਅਤੇ ਜਾਗਰੂਕ ਹੋ ਗਏ ਹਨ। ਹੁਣ ਉਹ ਕਿਸੇ ਕਿਸਮ ਦੀ ਨਸਲਵਾਦੀ ਟਿੱਪਣੀ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਬਲਕਿ ਜਵਾਬ ਵਿਚ ਉਨ੍ਹਾਂ ਨੂੰ ਵੀ ਬਾਸਟਰਡ

(ਹਰਾਮੀ ਨਸਲ) ਕਹਿਣ ਦੀ ਜੁਰੱਅਤ ਕਰਨ ਲੱਗੇ ਹਨ। ਉਨ੍ਹਾਂ ਦੇ ਬੁੱਲ੍ਹਾਂ ਦੀਆਂ ਤਲਵਾਰਾਂ, ਗੋਰਿਆਂ ਦੀਆਂ ਆਵਾਜ਼ਾਂ ਰੂਪੀ ਇੱਲਾਂ ਦਾ ਸ਼ਿਕਾਰ ਕਰਨ ਲਈ ਤਿਆਰ ਰਹਿੰਦੀਆਂ ਹਨ। ਅਵਤਾਰ ਜੰਡਿਆਲਵੀ ਨੇ ਇਨ੍ਹਾਂ ਪੰਕਤੀਆਂ ਵਿਚ ਏਸ਼ਿਆਈ ਕਾਮਿਆਂ ਅੰਦਰ ਆ ਰਹੀ ਜਾਗ੍ਰਿਤੀ ਅਤੇ ਪ੍ਰਤੀਸ਼ੋਧ ਦੀ ਭਾਵਨਾ ਦਾ ਨਿਰੂਪਣ ਕੀਤਾ ਹੈ।

13. ਤੂੰ ਕਦੋਂ ਤਕ ਰਹੇਂਗਾ ਭਾਲਦਾ ਆਜ਼ਾਦੀ ਦੇ ਅਰਥ
ਟੁੱਟੀ ਹੋਈ ਪੰਜਾਬਲੀ ਤੇ ਖੁੰਢੀ ਹੋਈ ਦਾਤਰੀ ਕੋਲੋਂ
ਤੈਨੂੰ ਤੇ ਪਤਾ ਵੀ ਨਹੀਂ ਚੱਲਿਆ
ਕਿ ਰੂੜ ਸਿੰਘ ਦੇ ਬਲਦ ਕਿੰਝ ਹੌਲੀ ਹੌਲੀ ਹਾਰ ਗਏ।

**ਕਵੀ ਤੇ ਕਵਿਤਾ :** ਵਿਚਾਰ-ਅਧੀਨ ਕਾਵਿ ਪੰਕਤੀਆਂ ਪ੍ਰਗਤੀਵਾਦੀ ਪਰਵਾਸੀ ਕਵੀ ਸੁਖਵਿੰਦਰ ਕੰਬੋਜ ਦੀ ਰਚਨਾ 'ਪੰਜਾਬ ਕਥਾ' ਵਿਚੋਂ ਲਈਆਂ ਗਈਆਂ ਹਨ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਹ ਕਵਿਤਾ ਬੀ.ਏ. ਭਾਗ ਦੂਜਾ (ਪੰਜਾਬੀ ਲਾਜ਼ਮੀ) ਲਈ ਨਿਸ਼ਚਿਤ ਪੁਸਤਕ 'ਕਾਵਿ ਲਹਿਰਾਂ' ਵਿਚ ਸੰਪਾਦਿਤ ਕੀਤੀ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਸੁਖਵਿੰਦਰ ਕੰਬੋਜ ਨੇ ਆਜ਼ਾਦੀ ਉਪਰੰਤ ਪੰਜਾਬ ਦੀ ਛੋਟੀ ਕਿਸਾਨੀ ਅਤੇ ਆਮ ਲੋਕਾਂ ਦੀ ਹੋਈ ਲੁਟ-ਖਸੁੱਟ ਅਤੇ ਦੁਰਦਸ਼ਾ ਦਾ ਨਿਰੂਪਣ ਕੀਤਾ ਹੈ। ਕਵੀ ਪੁੱਛਦਾ ਹੈ ਕਿ ਆਮ ਲੋਕ ਕਦੋਂ ਤੱਕ ਨੇਤਾਵਾਂ ਦੇ ਮੂੰਹ ਵੱਲ ਵੇਖਦੇ ਰਹਿਣਗੇ? ਭ੍ਰਸ਼ਟ ਨੇਤਾਵਾਂ ਅਤੇ ਸਵਾਰਥੀ ਲੋਕਾਂ ਨੇ ਕਿਸੇ ਗਰੀਬ ਅਤੇ ਕਿਰਤੀ ਨੂੰ ਉਨ੍ਹਾਂ ਨੂੰ ਬਣਦੇ ਹੱਕ ਨਹੀਂ ਦੇਣੇ। ਸ਼ਹੀਦਾਂ ਦੀਆਂ ਰੂਹਾਂ ਨੇ ਵਿਲਕਦਿਆਂ ਹੀ ਰਹਿ ਜਾਣਾ ਹੈ। ਸਰਮਾਏਦਾਰ ਅਤੇ ਜਾਗੀਰਦਾਰ ਦਿਨੋਂ-ਦਿਨ ਹੋਰ ਅਮੀਰ ਹੁੰਦੇ ਜਾਣਗੇ ਅਤੇ ਗਰੀਬਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾਣੀ ਹੈ। ਲੋਕਾਂ ਨੂੰ ਆਪਣੀ ਹਾਲਤ ਸੁਧਾਰਨ ਲਈ ਸੰਘਰਸ਼ ਕਰਨ ਤੋਂ ਬਗ਼ੈਰ ਹੋਰ ਕੋਈ ਚਾਰਾ ਨਹੀਂ ਹੈ।

**ਵਿਆਖਿਆ :** ਕਵੀ ਆਮ ਆਦਮੀ ਕੋਲੋਂ ਇਹ ਸਵਾਲ ਪੁੱਛਦਾ ਹੈ ਕਿ ਉਹ ਕਦੋਂ ਤਕ ਆਜ਼ਾਦੀ ਵਿਚੋਂ ਪ੍ਰਾਪਤ ਹੋਣ ਵਾਲੀਆਂ ਸੁਖ-ਸਹੂਲਤਾਂ ਦਾ ਇੰਤਜ਼ਾਰ ਕਰਦਾ ਰਹੇਗਾ? ਕੀ ਕਿਸਾਨਾਂ ਦੀ ਟੁੱਟੀ ਹੋਈ ਪੰਜਾਬੀ ਅਤੇ ਖੁੰਢੀ ਦਾਤਰੀ ਉਨ੍ਹਾਂ ਦੀ ਤਰਸਯੋਗ ਹਾਲਤ ਨੂੰ ਬਿਆਨ ਕਰਨ ਲਈ ਕਾਫ਼ੀ ਨਹੀਂ ਹੈ? ਆਜ਼ਾਦੀ ਤੋਂ ਬਾਅਦ ਆਏ ਹਰੇ ਇਨਕਲਾਬ ਦੁਆਰਾ ਧਨੀ ਜਾਗੀਰਦਾਰਾਂ ਦੇ ਟ੍ਰੈਕਟਰਾਂ ਨੇ ਰੂੜ ਸਿੰਘ ਵਰਗੇ ਛੋਟੇ ਕਿਸਾਨਾਂ ਨੂੰ ਖੇਤੀ ਦੇ ਧੰਦੇ ਵਿਚੋਂ ਬਾਹਰ ਕੱਢ ਦਿੱਤਾ ਹੈ। ਉਸ ਦੇ ਪੁੱਤਰਾਂ ਨੂੰ ਦੋ ਡੰਗ ਦੀ ਰੋਟੀ ਕਮਾਉਣ ਲਈ ਮੰਡੀਆਂ ਵਿਚ ਜਾ ਕੇ ਮਜ਼ਦੂਰੀ ਕਰਨੀ ਪੈ ਰਹੀ ਹੈ। ਸਿਆਸਤਦਾਨਾਂ, ਅਫ਼ਸਰਾਂ ਅਤੇ ਸਰਮਾਏਦਾਰਾਂ ਦੀ ਜੁੰਡਲੀ ਨੇ ਕਿਰਤੀਆਂ-ਕਿਸਾਨਾਂ ਨੂੰ ਭਿਖਾਰੀ ਬਣਾ ਕੇ ਰੱਖ ਦਿੱਤਾ ਹੈ। ਪੰਜਾਬ ਦੀ ਕਥਾ ਬੇਹੱਦ ਤ੍ਰਾਸਦਕ ਅਤੇ ਕਰੁਣਾਭਰਪੂਰ ਹੈ।

14. ਤੁਸੀਂ ਕਮੀਨੇ ਹੋ!
ਸਾਡੀਆਂ ਜਾਇਦਾਦਾਂ ਦਬਦੇ
ਰਿਸ਼ਵਤਾਂ ਖਾਂਦੇ
ਗੰਦਗੀ 'ਚ ਰਹਿੰਦੇ ਨਰਕ ਭੋਗਦੇ ਹੋ!
ਅਸੀਂ ਭਾਰਤ ਨੂੰ ਸਵਰਗ ਬਣਾਉਣਾ ਚਾਹੁੰਦੇ ਹਾਂ
ਤੁਸੀਂ ਬਣਨ ਨਹੀਂ ਦਿੰਦੇ!

**ਕਵੀ ਤੇ ਕਵਿਤਾ :** ਵਿਚਾਰਾਧੀਨ ਕਾਵਿ ਪੰਕਤੀਆਂ ਜਸਵੰਤ ਦੀਦ ਰਚਿਤ ਕਵਿਤ 'ਭਾਣਜੇ ਦੀ ਵਲੈਤ ਫ਼ੇਰੀ' ਵਿਚੋਂ ਲਈਆਂ ਗਈਆਂ ਹਨ। ਇਹ ਕਵਿਤਾ ਬੀ.ਏ. ਭਾਗ ਦੂਜਾ ਦੀ ਪਾਠਕ ਪੁਸਤਕ 'ਕਾਵਿ ਲਹਿਰਾਂ' ਵਿਚ ਸੰਗ੍ਰਹਿਤ ਹੈ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਸ ਪੁਸਤਕ ਦਾ ਸੰਪਾਦਨ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਦਾ ਵਾਚਕ ਆਪਣੇ ਕਾਮਿਆਂ ਪਾਸ ਇੰਗਲੈਂਡ ਜਾਂਦਾ ਹੈ ਤਾਂ ਮਾਮੇ ਦੇ ਬਹੁਤ ਸਾਰੇ ਦੋਸਤ ਉਸ ਦੇ ਸਵਾਗਤ ਲਈ ਇਕੱਠੇ ਹੋ ਜਾਂਦੇ ਹਨ। ਉਹ ਉਸ ਦੀ ਖ਼ੂਬ ਖਾਤਰਦਾਰੀ ਕਰਦੇ ਹਨ ਪਰ ਨਾਲ-ਨਾਲ

ਇਹ ਜ਼ਰੂਰ ਕਹੀ ਜਾਂਦੇ ਹਨ ਕਿ ਇੰਡੀਆ ਨਰਕ ਹੈ। ਉਹ ਆਪਣੀਆਂ ਪ੍ਰਾਪਤੀਆਂ ਨੂੰ ਬਹੁਤ ਵਧਾ-ਚੜ੍ਹਾ ਕੇ ਦੱਸਦੇ ਹਨ। ਕਵੀ ਉਨ੍ਹਾਂ ਦੀਆਂ ਬੇਤੁਕੀਆਂ ਗੱਲਾਂ ਸੁਣਕੇ ਹੈਰਾਨ ਰਹਿ ਜਾਂਦਾ ਹੈ। ਉਸ ਨੂੰ ਇਨ੍ਹਾਂ ਉਪਰ ਤਰਸ ਆਉਂਦਾ ਹੈ। ਉਹ ਫ਼ੈਸਲਾ ਨਹੀਂ ਕਰ ਪਾਉਂਦਾ ਕਿ ਇਹ ਲੋਕ ਆਪਣੀਆਂ ਪ੍ਰਾਪਤੀਆਂ ਉਪਰ ਹੱਸ ਰਹੇ ਹਨ ਜਾਂ ਵਿਗੋਚਿਆਂ ਉਪਰ ਰੋ ਰਹੇ ਹਨ।

**ਵਿਆਖਿਆ :** ਇਕ ਐਨ.ਆਰ.ਆਈ. ਬੰਦਾ ਕਵੀ ਨੂੰ ਸੰਬੋਧਨ ਕਰ ਕੇ ਕਹਿੰਦਾ ਹੈ ਕਿ ਭਾਰਤੀ ਲੋਕ ਬੜੇ ਕਮੀਨੇ ਹੁੰਦੇ ਹਨ। ਉਹ ਬਾਹਰ ਗਏ ਲੋਕਾਂ ਦੀਆਂ ਜਾਇਦਾਦਾਂ ਉਪਰ ਨਾਜਾਇਜ਼ ਕਬਜ਼ਾ ਕਰ ਲੈਂਦੇ ਹਨ। ਉਹ ਆਪਣਾ ਕੰਮ ਈਮਾਨਦਾਰੀ ਨਾਲ ਨਹੀਂ ਕਰਦੇ। ਰਿਸ਼ਵਤ ਲੈਣ ਤੋਂ ਬਗ਼ੈਰ ਉਹ ਕਿਸੇ ਦੇ ਕੰਮ ਨੂੰ ਹੱਥ ਵੀ ਨਹੀਂ ਲਾਉਂਦੇ। ਉਨ੍ਹਾਂ ਨੇ ਆਪਣੇ ਦੇਸ਼ ਵਿਚ ਗੰਦ ਪਾ ਰੱਖਿਆ ਹੈ।ਸੜਕਾਂ, ਚੌਰਾਹੇ ਅਤੇ ਬਸਤੀਆਂ ਕੂੜੇ ਦੇ ਢੇਰਾਂ ਨਾਲ ਲੱਦੇ ਹੋਏ ਹਨ। ਉਨ੍ਹਾਂ ਨੇ ਆਪਣੇ ਜੀਵਨ ਨੂੰ ਨਰਕ ਬਣਾ ਰੱਖਿਆ ਹੈ। ਅਸੀਂ ਐਨ.ਆਰ.ਆਈ. ਲੋਕ ਜਦੋਂ ਵੀ ਆਪਣੇ ਪਿੰਡਾਂ ਵਿਚ ਚੱਕਰ ਮਾਰਦੇ ਹਾਂ ਤਾਂ ਵਿਕਾਸ ਦੇ ਕੰਮਾਂ ਲਈ ਬਹੁਤ ਸਾਰੀ ਚੈਰਿਟੀ (ਦਾਨ) ਦੇ ਕੇ ਜਾਂਦੇ ਹਾਂ ਪਰ ਤੁਸੀਂ ਉਹ ਰਕਮ ਵੀ ਖਾ-ਪੀ ਜਾਂਦੇ ਹੋ। ਤੁਹਾਡੇ ਵਿਚ ਇਨਸਾਨੀਅਤ ਨਹੀਂ ਹੈ। ਕਵੀ ਦਸਦਾ ਹੈ ਕਿ ਸਾਰੇ ਅਮੀਰ ਆਦਮੀ, ਗਰੀਬਾਂ ਨੂੰ ਨਸੀਹਤ ਦੇਣਾ ਅਤੇ ਉਨ੍ਹਾਂ ਦੀ ਲਾਹ-ਪਾਹ ਕਰਨੀ ਆਪਣਾ ਬੁਨਿਆਦੀ ਹੱਕ ਸਮਝਦੇ ਹਨ। ਆਪ ਉਹ ਭਾਵੇਂ ਕਿੰਨੇ ਵੀ ਮੂਰਖ ਹੋਣ, ਇਸ ਗੱਲ ਦੀ ਪ੍ਰਵਾਹ ਨਹੀਂ ਕਰਦੇ।

15. ਹੋਈ ਹਾਂ ਮੈਂ ਮੁਕਤ ਇਸ ਭਰਮ ਤੋਂ
ਕਿ ਤੂੰ ਪਰਮਾਤਮਾ ਪਤੀ ਹੈਂ
ਤੇ ਮੈਂ ਪਤੀਵ੍ਰਤਾ ਪਤਨੀਂ।

**ਕਵੀ ਤੇ ਕਵਿਤਾ :** ਵਿਚਾਰਧੀਨ ਕਾਵਿ ਪੰਕਤੀਆਂ ਪੰਜਾਬੀ ਦੀ ਪ੍ਰਮੁਖ ਕਵਿੱਤਰੀ ਸ੍ਰੀਮਤੀ ਵਨੀਤਾ ਦੀ ਕਵਿਤਾ 'ਅਹੱਲਿਆ' ਵਿਚੋਂ ਲਈਆਂ ਗਈਆਂ ਹਨ। ਇਹ ਕਵਿਤਾ ਸਾਡੇ ਕਾਵਿ ਸੰਗ੍ਰਹਿ 'ਕਾਵਿ ਲਹਿਰਾਂ' ਵਿਚ ਸੰਕਲਿਤ ਹੈ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਸ ਪਾਠ-ਪੁਸਤਕ ਦਾ ਸੰਪਾਦਨ ਕੀਤਾ ਹੈ।

**ਪ੍ਰਸੰਗ :** 'ਅਹੱਲਿਆ' ਵਿਚ ਕਵਿੱਤਰੀ ਨੇ ਇਕ ਪੌਰਾਣਿਕ ਪ੍ਰਸੰਗ ਦਾ ਆਧੁਨਿਕ ਸੰਦਰਭ ਵਿਚ ਪੁਨਰ-ਲੇਖਣ ਕੀਤਾ ਹੈ। ਅਹੱਲਿਆ ਮਹਾਂਰਿਸ਼ੀ ਗੌਤਮ ਦੀ ਸੁੰਦਰ ਪਤਨੀ ਸੀ, ਜਿਸ ਦੇ ਰੂਪ ਨੂੰ ਭੋਗਣ ਲਈ ਦੇਵਰਾਜ ਇੰਦਰ ਨੇ ਚੰਦਰਮਾ ਦੀ ਸਹਾਇਤਾ ਨਾਲ ਗੌਤਮ ਨੂੰ ਨਦੀ-ਇਸ਼ਨਾਨ ਲਈ ਕੁਟੀਆ ਤੋਂ ਬਾਹਰ ਭੇਜਿਆ ਅਤੇ ਫਿਰ ਉਹ ਆਪਣਾ ਰੂਪ ਗੌਤਮ ਵਰਗਾ ਬਣਾ ਕੇ ਆ ਗਿਆ ਤਾਂ ਉਸ ਨੇ ਇੰਦਰ ਅਤੇ ਅਹੱਲਿਆ ਨੂੰ ਇਕੱਠਿਆਂ ਦੇਖ ਕੇ ਸਰਾਪ ਦੇ ਦਿੱਤਾ। ਅਹੱਲਿਆ ਨੇ ਇਹ ਸ਼ਬਦ ਗੌਤਮ ਦੇ ਸਰਾਪ ਦੇ ਉੱਤਰ ਵਜੋਂ ਬੋਲੇ ਹਨ।

**ਵਿਆਖਿਆ :** ਅਹੱਲਿਆ ਗੌਤਮ ਨੂੰ ਦਸਦੀ ਹੈ ਕਿ ਪਤੀ ਅਤੇ ਪਤਨੀ ਦਾ ਰਿਸ਼ਤਾ ਪਰਸਪਰ ਵਿਸ਼ਵਾਸ ਉਪਰ ਖੜੋਤਾ ਹੁੰਦਾ ਹੈ। ਜੇ ਦੋਹਾਂ ਨੂੰ ਇਕ-ਦੂਜੇ ਉਪਰ ਵਿਸ਼ਵਾਸ ਹੀ ਨਾ ਰਹੇ ਤਾਂ ਇਸ ਰਿਸ਼ਤੇ ਦੇ ਕੋਈ ਅਰਥ ਨਹੀਂ ਰਹਿੰਦੇ। ਗੌਤਮ ਦੇ ਸਰਾਪ ਉਪਰ ਅਹੱਲਿਆ ਦਾ ਇਹ ਭਰਮ ਖ਼ਤਮ ਹੋ ਗਿਆ ਕਿ ਪਤੀ ਨੂੰ ਪਰਮਾਤਮਾ ਜਾਣ ਕੇ ਪ੍ਰੇਮ ਕਰਨਾ ਚਾਹੀਦਾ ਹੈ। ਜੇ ਪਤੀ ਛੋਟੀਆਂ-ਛੋਟੀਆਂ ਗੱਲਾਂ ਉਪਰ ਆਪਣੀ ਪਤਨੀ ਦੀ ਪਰੀਖਿਆ ਲੈਂਦਾ ਰਹੇ ਤਾਂ ਉਹ ਕੈਸਾ ਪਰਮਾਤਮਾ ਹੋਇਆ? ਇਹੋ ਜਿਹੇ ਪਤੀ ਦੀ ਖ਼ਾਤਰ ਅਹੱਲਿਆ ਵੀ ਪਤੀਵ੍ਰਤਾ ਬਣ ਕੇ ਆਪਣੇ ਜੀਵਨ ਨੂੰ ਬਰਬਾਦ ਨਹੀਂ ਕਰਨਾ ਚਾਹੁੰਦੀ। ਉਹ ਵਿਦਰੋਹ ਉਪਰ ਉਤਰ ਆਉਂਦੀ ਹੈ ਅਤੇ ਪ੍ਰਵਾਨਿਤ ਮਰਯਾਦਾ ਨੂੰ ਨਕਾਰ ਦਿੰਦੀ ਹੈ।

16. ਸੁੰਘਣ ਲਈ...
ਬਾਰੂਦ ਦੀ ਗੰਧ ਭਾਲਦਾ ਹਾਂ
ਖਾਣ ਲਈ....
ਅੱਗ ਦੀ ਤਲਾਸ਼ ਕਰਦਾ ਹਾਂ
ਮੈਂ ਸਮਾਂ ਹਾਂ।

**ਕਵੀ ਤੇ ਕਵਿਤਾ :** ਵਿਚਾਰਾਧੀਨ ਕਾਵਿ-ਪੰਕਤੀਆਂ ਸ੍ਰੀ ਦਰਸ਼ਨ ਬੁੱਟਰ ਦੀ ਕਵਿਤਾ 'ਮੈਂ ਸਮਾਂ ਹਾਂ...' ਵਿਚੋਂ ਲਈਆਂ ਗਈਆਂ ਹਨ। ਇਸ ਕਵਿਤਾ ਨੂੰ ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਬੀ.ਏ. ਭਾਗ ਦੂਜਾ (ਪੰਜਾਬੀ ਲਾਜ਼ਮੀ) ਦੇ ਪਾਠ-ਕ੍ਰਮ ਲਈ ਨਿਸ਼ਚਿਤ ਕਾਵਿ ਸੰਗ੍ਰਹਿ 'ਕਾਵਿ ਲਹਿਰਾਂ' ਵਿਚ ਸੰਕਲਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਕਵੀ ਆਧੁਨਿਕ ਦੌਰ ਦੇ ਪ੍ਰਦੂਸ਼ਣ ਅਤੇ ਆਤਮ-ਕੇਂਦ੍ਰਿਤ ਰੁਚੀਆਂ ਬਾਰੇ ਆਪਣੇ ਭਾਵ ਵਿਅਕਤ ਕਰਦਾ ਹੈ। ਉਹ ਲਿਖਦਾ ਹੈ ਕਿ ਸਮਾਂ ਆਪਣੀ ਚਾਲ ਚਲਦਾ ਹੋਇਆ ਅਜਿਹੇ ਨਾਜ਼ਕ ਦੌਰ ਵਿਚ ਪ੍ਰਵੇਸ਼ ਕਰ ਲਿਆ ਹੈ। ਜਿੱਥੇ ਪੂੰਜੀਵਾਦ ਨੇ ਸਾਰੇ ਰਿਸ਼ਤਿਆਂ ਅਤੇ ਕਦਰਾਂ-ਕੀਮਤਾਂ ਦਾ ਵਿਨਾਸ਼ ਕਰ ਦਿੱਤਾ ਹੈ। ਹੁਣ ਕੋਈ ਮਨੁੱਖ ਆਪਣੇ ਫਰਜ਼ਾਂ ਦੀ ਗੱਲ ਨਹੀਂ ਕਰਦਾ ਬਲਕਿ ਅਧਿਕਾਰਾਂ ਦੀ ਖਾਤਰ ਲੜਦਾ ਹੈ। ਯੁਵਾ ਵਰਗ ਬੇਰੁਜ਼ਗਾਰ ਹੈ। ਉਹ ਪਾਸ ਭਵਿੱਖ ਦੇ ਰੰਗੀਨ ਸੁਪਨੇ ਵੀ ਨਹੀਂ ਹਨ। ਇਸ ਸੂਰਤ ਵਿਚ ਉਹ ਬੇਜਾਨ ਅਤੇ ਉਪਰਾਮ ਹੋ ਚੁੱਕਾ ਹੈ। ਉਸ ਦੇ ਚਾਰੇ ਪਾਸੇ ਹਿੰਸਕ ਵਾਤਾਵਰਣ ਹੈ। ਉਹ ਕਿਧਰੇ ਵੀ ਸੁਰੱਖਿਅਤ ਨਹੀਂ ਹੈ।

**ਵਿਆਖਿਆ :** ਸਾਰੀ ਦੁਨੀਆਂ ਆਤੰਕਵਾਦ ਅਤੇ ਯੁੱਧ ਦੇ ਵਾਤਾਵਰਣ ਵਿਚ ਸਹਿਮੀ ਹੋਈ ਹੈ। ਕਿਧਰੇ ਆਤੰਕਵਾਦੀ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਕਰ ਰਹੇ ਹਨ ਅਤੇ ਕਿਧਰੇ ਇਕ ਦੇਸ਼, ਦੂਜੇ ਦੇਸ਼ ਉਪਰ ਹਵਾਈ ਹਮਲੇ ਕਰ ਰਿਹਾ ਹੈ। ਮਾਸੂਮਾਂ ਨੂੰ ਮਾਰਨ ਲਈ ਬੰਬ ਵਰਸਾਏ ਜਾ ਰਹੇ ਹਨ, ਮਿਜ਼ਾਈਲਾਂ ਦਾਗੀਆਂ ਜਾ ਰਹੀਆਂ ਹਨ। ਚਾਰੇ ਪਾਸੇ ਫਿਜ਼ਾਵਾਂ ਵਿਚ ਬਾਰੂਦ ਦੀ ਗੰਧ ਪਸਰੀ ਹੋਈ ਹੈ ਅਤੇ ਅੱਗਾਂ ਲੱਗੀਆਂ ਹੋਈਆਂ ਹਨ। ਇਹੋ ਜਿਹੇ ਖੌਫ਼ਨਾਕ ਮਾਹੌਲ ਵਿਚ ਜੀਵਨ ਦੇ ਕੀ ਅਰਥ ਹਨ? ਸਮਾਂ ਤਾਂਡਵ ਨਾਚ ਨੱਚ ਰਿਹਾ ਹੈ।

17. ਪਰ ਸ਼ਾਇਦ...
ਮੈਂ ਆਪਣੀ ਮਾਂ ਦੀ
ਕਾਇਰਤਾਂ ਤੋਂ ਹੀ ਸਿੱਖਿਆ ਹੈ
ਕਿ ਕਾਇਰ ਹੋਣਾ ਗੁਨਾਹ ਹੈ।

**ਕਵਿ ਤੇ ਕਵਿਤਾ :** ਉਕਤ ਕਾਵਿ-ਪੰਕਤੀਆਂ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਸ੍ਰੀਮਤੀ ਸੁਖਵਿੰਦਰ ਅੰਮ੍ਰਿਤ ਦੀ ਕਵਿਤਾ 'ਹੁਣ ਮਾਂ...' ਵਿਚੋਂ ਲਈਆਂ ਗਈਆਂ ਹਨ। ਡਾ. ਜਸਵਿੰਦਰ ਸਿੰਘ ਅਤੇ ਡਾ. ਇੰਦਰਜੀਤ ਸਿੰਘ ਚੀਮਾ ਨੇ ਇਸ ਕਵਿਤਾ ਨੂੰ ਬੀ.ਏ. ਭਾਗ ਦੂਜਾ ਦੀ ਪਾਠ-ਪੁਸਤਕ 'ਕਾਵਿ ਲਹਿਰਾਂ' ਵਿਚ ਸੰਕਲਿਤ ਕੀਤਾ ਹੈ।

**ਪ੍ਰਸੰਗ :** ਇਸ ਕਵਿਤਾ ਵਿਚ ਸੁਖਵਿੰਦਰ ਅੰਮ੍ਰਿਤ ਨੇ ਆਪਣੀ ਮਾਂ ਦੇ ਹਵਾਲੇ ਨਾਲ ਪੰਜਾਬੀ ਸਮਾਜ ਵਿਚ ਇਕ ਔਰਤ ਦੀ ਤਰਸਯੋਗ ਸਥਿਤੀ ਦਾ ਨਿਰੂਪਣ ਕੀਤਾ ਹੈ। ਉਸ ਦੀ ਮਾਂ ਸੰਵੇਦਨਸ਼ੀਲ ਰੁਚੀਆਂ ਵਾਲੀ ਇਕ ਖੂਬਸੂਰਤ ਔਰਤ ਸੀ ਪਰ ਉਸ ਨੂੰ ਸ਼ਰਾਬੀ ਅਤੇ ਕੁਰੱਖਤ ਵਿਅਕਤੀ ਦੀ ਬੀਵੀ ਬਣ ਕੇ ਆਪਣਾ ਜੀਵਨ ਬਿਤਾਉਣਾ ਪਿਆ। ਉਸ ਦੀ ਮਾਂ ਨੇ ਕਈ ਧੀਆਂ ਨੂੰ ਜਨਮ ਦਿੱਤਾ, ਉਹ ਕੋਈ ਪੁੱਤਰ ਨਾ ਜਣ ਸਕੀ। ਇਸੇ ਕਾਰਨ ਉਸ ਨੂੰ ਹਰ ਰੋਜ਼ ਆਪਣੇ ਪਤੀ ਦੀਆਂ ਗਾਲ੍ਹਾਂ ਅਤੇ ਧੌਲ-ਧੱਫ਼ੇ ਦਾ ਸਾਹਮਣਾ ਕਰਨਾ ਪੈਂਦਾ ਸੀ। ਹੁਣ ਉਹ ਬੁੱਢੀ ਹੋ ਗਈ ਸੀ। ਉਸ ਦੀਆਂ ਸਾਰੀਆਂ ਧੀਆਂ ਵੀ ਵਿਆਹੀਆਂ ਜਾ ਚੁਕੀਆਂ ਸਨ। ਜਦੋਂ ਵੀ ਕਿਸੇ ਧੀ ਨੇ ਆਉਣਾ, ਮਾਂ ਨੇ ਉਸ ਨੂੰ ਬੁੱਕਲ ਵਿਚ ਲੈ ਕੇ ਰੋਣ ਲੱਗ ਪੈਣਾ ਪਰ ਸਭ ਤੋਂ ਛੋਟੀ ਧੀ ਫੈਸਲਾ ਕਰਦੀ ਹੈ ਕਿ ਉਹ ਆਪਣੀ ਮਾਂ ਨਾਲ ਕੋਈ ਹਮਦਰਦੀ ਨਹੀਂ ਕਰੇਗੀ ਕਿਉਂਕਿ ਉਹ ਆਪਣੇ ਪਤੀ ਦੇ ਜ਼ੁਲਮਾਂ ਦੇ ਵਿਰੁੱਧ ਕਦੇ ਵੀ ਆਪਣੀ ਆਵਾਜ਼ ਨਾ ਉਠਾ ਸਕੀ।

**ਵਿਆਖਿਆ :** ਧੀ ਸੋਚਦੀ ਹੈ ਕਿ ਉਹ ਆਪਣੀ ਮਾਂ ਨਾਲ ਹਮਦਰਦੀ ਨਹੀਂ ਕਰੇਗੀ ਕਿਉਂਕਿ ਉਹ ਇਕ ਕਾਇਰ ਔਰਤ ਰਹੀ ਹੈ। ਉਸ ਦੇ ਪਤੀ ਨੇ ਅਨੇਕ ਵਾਰ ਉਸ ਦੀ ਗੁਤ ਪੁੱਟੀ, ਉਸ ਨੂੰ ਕੁੱਟਿਆ-ਮਾਰਿਆ ਵੀ ਪਰ ਉਹ ਚੁਪ-ਚਾਪ ਆਪਣੇ ਹੰਝੂ ਪੀ ਜਾਂਦੀ ਰਹੀ। ਉਹ ਆਪਣੇ ਸ਼ਰਾਬੀ ਪਤੀ ਤੋਂ ਆਪਣੀ ਗੀਤਾਂ ਵਾਲੀ ਕਾਪੀ ਦੀ ਰੱਖਿਆ ਵੀ ਨਾ ਕਰ ਸਕੀ। ਉਸ ਨੇ ਕਦੇ ਕੋਈ ਗੀਤ ਗੁਣਗੁਣਾ ਕੇ ਆਪਣੇ ਸੁਪਨਿਆਂ ਨੂੰ ਜ਼ਿੰਦਾ ਰੱਖਣ ਦਾ ਯਤਨ ਨਾ ਕੀਤਾ। ਇਸ ਲਈ ਉਹ ਕਿਸੇ ਹਮਦਰਦੀ ਦੀ ਅਧਿਕਾਰੀ ਨਹੀਂ ਹੈ ਪਰ ਫਿਰ ਉਹ ਸੋਚਦੀ ਹੈ ਕਿ ਉਹ ਆਪ ਅੱਜ ਜੋ ਕੁਝ ਵੀ ਹੈ, ਆਪਣੇ ਅਧਿਕਾਰਾਂ ਪ੍ਰਤੀ ਜਿਤਨੀ ਚੇਤੰਨ ਹੈ, ਇਕ ਸੁਤੰਤਰ

ਵਿਚਾਰਾਂ ਵਾਲੀ ਕਵਿੱਤਰੀ ਹੈ ਤਾਂ ਉਸ ਦੇ ਪਿੱਛੇ ਉਸ ਦੀ ਮਾਂ ਦੀ ਅਹਿਮ ਭੂਮਿਕਾ ਹੈ। ਉਸ ਨੂੰ ਦੁਖੀ ਅਤੇ ਮਜ਼ਲੂਮ ਦੇਖ ਕੇ ਹੀ ਕਵਿੱਤਰੀ ਨੂੰ ਸੁਤੰਤਰਤਾ ਅਤੇ ਸ੍ਵੈਮਾਨ ਆਦਿਕ ਮੁੱਲਾਂ ਬਾਰੇ ਗਿਆਨ ਹੋਇਆ ਹੈ। ਇਸ ਲਈ ਉਸ ਨੂੰ ਸਗੋਂ ਆਪਣੀ ਮਾਂ ਦਾ ਕਰਜ਼ਦਾਰ ਹੋਣਾ ਚਾਹੀਦਾ ਹੈ, ਜਿਸ ਨੇ ਖ਼ੁਦ ਅਪਮਾਨ ਸਹਿ ਲਿਆ ਪਰ ਆਪਣੀਆਂ ਧੀਆਂ ਨੂੰ ਜ਼ਰੂਰ ਜੁਝਾਰੂ ਅਤੇ ਸ੍ਵੈਮਾਨ ਵਾਲੇ ਸੰਸਕਾਰ ਪ੍ਰਦਾਨ ਕਰ ਦਿੱਤੇ ਸਨ।

ਪਾਠ ਨੰ. 1.4

## 4. 'ਕਾਵਿ-ਲਹਿਰਾਂ' ਪੁਸਤਕ ਤੇ ਆਧਾਰਿਤ ਸੰਖੇਪ ਪ੍ਰਸ਼ਨ-ਉਤਰ

**ਉਦੇਸ਼**

ਇਸ ਪਾਠ ਦਾ ਉਦੇਸ਼ ਬੀ.ਏ. ਭਾਗ ਦੂਜਾ ਦੇ ਵਿਦਿਆਰਥੀਆਂ ਨੂੰ 'ਕਾਵਿ ਲਹਿਰਾਂ' ਪੁਸਤਕ ਦੀਆਂ ਕਵਿਤਾਵਾਂ ਵਿਚੋਂ ਪੁੱਛੇ ਜਾ ਸਕਣ ਵਾਲੇ ਸੰਖੇਪ ਉੱਤਰਾਂ ਵਾਲੇ ਪ੍ਰਸ਼ਨਾਂ ਬਾਰੇ ਸੰਪੂਰਨ ਜਾਣਕਾਰੀ ਪ੍ਰਦਾਨ ਕਰਨਾ ਹੈ। ਵੇਖਣ ਵਿਚ ਆਇਆ ਹੈ ਕਿ ਕਈ ਵਿਦਿਆਰਥੀ ਪਾਠ-ਕ੍ਰਮ ਵਿਚ ਨਿਸ਼ਚਿਤ ਪੁਸਤਕਾਂ ਨੂੰ ਧਿਆਨ ਨਾਲ ਨਹੀਂ ਪੜ੍ਹਦੇ। ਇਸ ਕਾਰਨ ਉਹ ਪੁੱਛੇ ਜਾਣ ਵਾਲੇ ਪ੍ਰਸ਼ਨਾਂ ਦੇ ਢੁੱਕਵੇਂ ਅਤੇ ਸਹੀ ਉੱਤਰ ਨਹੀਂ ਦੇ ਸਕਦੇ। ਇਸ ਭੈੜੀ ਰੁਚੀ ਤੋਂ ਬਚਣ ਦੀ ਜ਼ਰੂਰਤ ਹੈ ਅਤੇ ਪਾਠ-ਪੁਸਤਕ ਨੂੰ ਧਿਆਨ ਨਾਲ ਪੜ੍ਹਨ ਉਪਰੰਤ ਹੀ ਵਿਦਿਆਰਥੀਆਂ ਵਿਚ ਆਤਮ-ਵਿਸ਼ਵਾਸ਼ ਪੈਦਾ ਹੋ ਸਕਦਾ ਹੈ। ਸੋ ਹਰ ਪਾਠ-ਪੁਸਤਕ ਨੂੰ ਪੂਰੀ ਲਗਨ ਨਾਲ ਪੜ੍ਹੋ।

**ਰੂਪ ਰੇਖਾ**

ਇਸ ਪਾਠ ਵਿਚ ਹਰ ਕਵਿਤਾ ਬਾਰੇ ਪੁੱਛੇ ਜਾ ਸਕਣ ਵਾਲੇ ਸੰਖੇਪ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹਨ। ਵਿਦਿਆਰਥੀਆਂ ਨੂੰ ਇਹ ਉੱਤਰ ਪੜ੍ਹ ਕੇ ਸਾਰੀਆਂ ਕਵਿਤਾਵਾਂ ਦਾ ਪਾਠ ਇਕ ਵਾਰ ਫੇਰ ਕਰਨਾ ਚਾਹੀਦਾ ਹੈ ਤਾਂ ਜੋ ਹਰ ਉੱਤਰ ਵਿਦਿਆਰਥੀ ਦੀ ਸਿਮ੍ਰਤੀ ਵਿਚ ਪੱਕੇ ਤੌਰ ਨਾਲ ਅੰਕਿਤ ਹੋ ਜਾਵੇ।

### 1. ਅਟਕ : ਭਾਈ ਵੀਰ ਸਿੰਘ

ਪ੍ਰਸ਼ਨ : ਕਵੀ ਅਨੁਸਾਰ ਅਟਕ ਤੋਂ ਕੀ ਭਾਵ ਹੈ?

ਉੱਤਰ : ਅਟਕ ਤੋਂ ਭਾਵ ਹੈ ਜੋ ਕਿਧਰੇ ਅਟਕਦਾ ਜਾਂ ਰੁਕਦਾ ਨਹੀਂ ਹੈ ਸਗੋਂ ਨਿਰੰਤਰ ਆਪਣੀ ਮੰਜ਼ਲ ਵੱਲ ਅਗੇ ਵਧੀ ਜਾਂਦਾ ਹੈ। ਕਵੀ ਅਨੁਸਾਰ ਗਤੀ ਜਾਂ ਅੱਗੇ ਵਧਣਾ ਹੀ ਜ਼ਿੰਦਗੀ ਹੈ। ਰੁਕ ਜਾਣ ਦਾ ਅਰਥ ਮੌਤ ਹੈ।

ਪ੍ਰਸ਼ਨ : ਇਸ ਨਜ਼ਮ ਦੀ ਕਾਵਿ-ਵਿਧੀ ਦਸੋ?

ਉੱਤਰ : ਇਹ ਨਜ਼ਮ ਪ੍ਰਸ਼ਨ-ਉੱਤਰ ਸ਼ੈਲੀ ਵਿਚ ਲਿਖੀ ਗਈ ਹੈ। ਕਵਿਤਾ ਦੇ ਕੁਲ 7 ਖੰਡ ਹਨ। ਹਰ ਖੰਡ ਵਿਚ ਚਾਰ ਟੁਕੜੀਆਂ ਹਨ ਅਤੇ ਹਰ ਟੁਕੜੀ ਵਿਚਲਾ ਵਾਕ ਅਗੋਂ ਚਾਰ ਵਾਕ-ਅੰਸ਼ਾਂ ਵਿਚ ਵੰਡਿਆ ਹੋਇਆ ਹੈ। ਹਰ ਵਾਕ-ਅੰਸ਼ ਵਿਚ 8 ਵਰਣ ਹਨ ਅਰਥਾਤ 8+8+8+8=32 ਵਰਣ। ਇਹ ਤੋਲ ਕਬਿੱਤ ਛੰਦ ਦਾ ਹੈ।

ਪ੍ਰਸ਼ਨ : ਅਟਕ ਨਜ਼ਮ ਰਾਹੀਂ ਕਵੀ ਕੀ ਸੰਦੇਸ਼ ਦੇਣਾ ਚਾਹ ਰਿਹਾ ਹੈ?

ਉੱਤਰ : ਇਸ ਨਜ਼ਮ ਰਾਹੀਂ ਕਵੀ ਮਿਲ ਜੁਲ ਕੇ, ਵਿਉਂਤ ਅਤੇ ਸਾਹਸ ਨਾਲ ਜਰਵਾਣਿਆਂ ਦਾ ਮੁਕਾਬਲਾ ਕਰਨ ਲਈ ਅਗੇ ਵਧਣ ਦਾ ਸੰਦੇਸ਼ ਦਿੰਦਾ ਹੈ। ਭੂਤ ਕਾਲ ਵਿਚ ਹੋਈਆਂ ਗ਼ਲਤੀਆਂ ਤੋਂ ਬਚਣ ਦੀ ਨਸੀਹਤ ਦਿੰਦਾ ਹੈ।

ਪ੍ਰਸ਼ਨ : ਕਵੀ ਨੇ ਜੀਵਨ ਦੀ ਸਫ਼ਲਤਾ ਦੇ ਕੀ ਗੁਰ ਦੱਸੇ ਹਨ?

ਉੱਤਰ : ਕਵੀ ਨੇ ਦੱਸਿਆ ਹੈ ਕਿ ਜਿਹੜੀਆਂ ਕੌਮਾਂ ਜਾਂ ਵਿਅਕਤੀ ਸਦਾ ਅੱਗੇ ਵਧੀ ਜਾਂਦੇ ਹਨ, ਕਿਧਰੇ ਵੀ ਰੁਕਦੇ ਨਹੀਂ, ਉਹ ਆਪਣੀ ਮੰਜ਼ਲ ਉਪਰ ਪਹੁੰਚ ਜਾਂਦੇ ਹਨ। ਉਨ੍ਹਾਂ ਨੂੰ ਕੋਈ ਵੀ ਰੋਕ ਨਹੀਂ ਸਕਦਾ।

ਪ੍ਰਸ਼ਨ : ਇਸ ਨਜ਼ਮ ਦੀ ਕਾਵਿ-ਭਾਸ਼ਾ ਦੀ ਵੱਖਰਤਾ ਦੱਸੋ?

ਉੱਤਰ : ਇਸ ਨਜ਼ਮ ਦੀ ਕਾਵਿ ਭਾਸ਼ਾ ਉਪਰ ਗੁਰਬਾਣੀ ਸ਼ਬਦਾਵਲੀ ਅਤੇ ਸ਼ਬਦ-ਜੋੜਾਂ ਦਾ ਪ੍ਰਭਾਵ ਹੈ। ਬੁਧਿ, ਜੁਗਤਿ, ਬਿਨਸ, ਆਦਿਕ ਸ਼ਬਦ ਗੁਰਬਾਣੀ ਅਨੁਸਾਰ ਹਨ। ਅਟਕਯਾ, ਤੁਰਯਾ, ਹਟਯਾ ਆਦਿ ਸ਼ਬਦ ਵੀ ਪੁਰਾਤਨ ਪੰਜਾਬੀ ਵਾਲੀ ਝਲਕ ਦਿੰਦੇ ਹਨ।

## 2. ਮੁੱਲ ਪਾ ਤੂੰ ਆਪਣਾ: ਪ੍ਰੋ. ਪੂਰਨ ਸਿੰਘ

ਪ੍ਰਸ਼ਨ : ਕਵੀ ਨੌਜੁਆਨਾ ਨੂੰ ਆਪਣਾ ਮੁੱਲ ਪਾਉਣ ਲਈ ਕਿਉਂ ਕਹਿੰਦਾ ਹੈ?

ਉੱਤਰ : ਕਵੀ ਨੌਜਵਾਨਾਂ ਨੂੰ ਆਪਣਾ ਮੁੱਲ ਪਾਉਣ ਲਈ ਇਸ ਕਾਰਨ ਕਹਿੰਦਾ ਹੈ ਕਿਉਂਕਿ ਹਰ ਵਿਅਕਤੀ ਨੂੰ ਪਰਮਾਤਮਾ ਨੇ ਆਪ ਬਣਾਇਆ ਹੈ, ਉਸ ਵਿਚ ਅਨੇਕ ਸੰਭਾਵਨਾਵਾਂ ਪੈਦਾ ਕੀਤੀਆਂ ਹਨ। ਉਹ ਬਹੁਤ ਕੁਝ ਕਰ ਸਕਦਾ ਹੈ। ਇਸ ਲਈ ਹਰ ਇਨਸਾਨ ਨੂੰ ਆਪਣੇ ਜੀਵਨ ਦਾ ਮੁੱਲ ਪਾਉਣਾ ਚਾਹੀਦਾ ਹੈ।

ਪ੍ਰਸ਼ਨ : ਰੱਬ ਅਤੇ ਪ੍ਰਕਿਰਤੀ ਨੂੰ ਪਿਆਰ ਕਰਨ ਨਾਲ ਕੀ ਹਾਸਿਲ ਹੁੰਦਾ ਹੈ?

ਉੱਤਰ : ਰੱਬ ਅਤੇ ਪ੍ਰਕਿਰਤੀ ਨੂੰ ਪਿਆਰ ਕਰਨ ਨਾਲ ਆਤਮ-ਵਿਸ਼ਵਾਸ ਪੈਦਾ ਹੋ ਜਾਂਦਾ ਹੈ। ਬੰਦਾ ਨਿਰਾਸਤਾ ਅਤੇ ਉਦਾਸੀ ਵਿਚੋਂ ਬਾਹਰ ਨਿਕਲ ਆਉਂਦਾ ਹੈ ਅਤੇ ਜੀਵਨ ਨਾਲ ਇਕਸੁਰ ਹੋ ਜਾਂਦਾ ਹੈ। ਫਿਰ ਉਹ ਕੁਝ ਵੀ ਕਰ ਸਕਦਾ ਹੈ।

ਪ੍ਰਸ਼ਨ : ਕਵੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਕਿਸ 'ਤੇ ਭਰੋਸਾ ਕਰਨ ਲਈ ਕਹਿੰਦਾ ਹੈ ਅਤੇ ਕਿਉਂ?

ਉੱਤਰ : ਕਵੀ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਿਰਫ਼ ਪਰਮਾਤਮਾ ਉਪਰ ਭਰੋਸਾ ਕਰਨ ਲਈ ਕਹਿੰਦਾ ਹੈ ਕਿਉਂਕਿ ਪਰਮਾਤਮਾ ਹਰ ਵਿਅਕਤੀ ਦੀਆਂ ਜ਼ਰੂਰਤਾ ਪੂਰੀਆਂ ਕਰਦਾ ਹੈ। ਉਹ ਦਾਤਾ ਹੈ।

ਪ੍ਰਸ਼ਨ : ਕਵੀ ਨੌਜੁਆਨਾਂ ਨੂੰ ਕਮਲ ਦੇ ਫੁੱਲ ਵਾਂਗ ਖਿੜਨ ਲਈ ਕਿਉਂ ਪ੍ਰੇਰਦਾ ਹੈ?

ਉੱਤਰ : ਕਮਲ ਦਾ ਫੁੱਲ ਚਿੱਕੜ ਵਿਚ ਉੱਗ ਕੇ ਵੀ ਇਸ ਤੋਂ ਨਿਰਲੇਪ ਰਹਿੰਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਵੀ ਵਿਕਾਰਾਂ ਦੀ ਮਲੀਨਤਾ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਖਿੜਨਾ ਅਤੇ ਖੁਸ਼ ਰਹਿਣਾ ਹੀ ਸਫ਼ਲ ਜੀਵਨ ਦਾ ਭੇਤ ਹੈ।

ਪ੍ਰਸ਼ਨ : ਯੂਸਫ ਅਤੇ ਸੁਲੇਮਾਨ ਕੌਣ ਸਨ?

ਉਤਰ : ਯੂਸਫ ਇਕ ਸੁੰਦਰ ਰਾਜਕੁਮਾਰ ਸੀ, ਜੋ ਜ਼ੁਲੈਖਾ ਨੂੰ ਪਿਆਰ ਕਰਦਾ ਸੀ ਪਰ ਉਸ ਨੂੰ ਇਕ ਗ਼ੁਲਾਮ ਵਾਂਗ ਮੰਡੀ ਵਿਚ ਵਿਕਣਾ ਪਿਆ ਸੀ। ਸੁਲੇਮਾਨ ਇਕ ਬਾਦਸ਼ਾਹ ਸੀ ਜੋ ਬਹੁਤ ਬੁੱਧੀਮਾਨ ਅਤੇ ਇਨਸਾਫ ਪਸੰਦ ਸੀ। ਦੋਵੇਂ ਚੰਗੇ ਮਨੁੱਖਾਂ ਦੇ ਪ੍ਰਤੀਕ ਵਜੋਂ ਪੇਸ਼ ਕੀਤੇ ਗਏ ਹਨ।

## 3. ਫੇਰ ਪਾਰੋ ਨੇ ਕਿਹਾ: ਬਾਵਾ ਬਲਵੰਤ

ਪ੍ਰਸ਼ਨ : ਕਵੀ ਨੇ ਕਵਿਤਾ ਵਿਚ ਕਿਸ ਨੂੰ ਜਗਾਉਣ ਲਈ ਕਿਹਾ ਹੈ?

ਉੱਤਰ : ਕਵੀ ਸ਼ਿਵ ਜੀ ਨੂੰ ਜਾਗਣ ਦਾ ਸੁਨੇਹਾ ਦਿੰਦਾ ਹੈ। ਇਹ ਸੁਨੇਹਾ ਪਾਰਬਤੀ ਦੇਵੀ ਰਾਹੀਂ ਦਿੱਤਾ ਗਿਆ ਹੈ। ਪਾਰਬਤੀ ਕਹਿੰਦੀ ਹੈ ਕਿ ਸ਼ਿਵ ਜੀ ਜਾਗ ਕੇ ਆਪਣੇ ਖੇਤਾਂ, ਦੇਸ਼ ਅਤੇ ਹੋਰ ਵਸੀਲਿਆਂ ਨੂੰ ਸੰਭਾਲੇ।

ਪ੍ਰਸ਼ਨ : ਕਵੀ ਨੇ ਤੀਜਾ ਨੇਤਰ ਖੋਲ੍ਹਣ ਲਈ ਕਿਉਂ ਕਿਹਾ ਹੈ?

ਉੱਤਰ : ਜਦੋਂ ਸ਼ਿਵ ਜੀ ਦਾ ਤੀਜਾ ਨੇਤਰ ਖੁੱਲ੍ਹਦਾ ਹੈ ਤਾਂ ਇਕ ਤੂਫ਼ਾਨ ਆ ਜਾਂਦਾ ਹੈ। ਜ਼ੁਲਮ ਅਤੇ ਬੇਇਨਸਾਫੀ ਖ਼ਤਮ ਹੋ ਜਾਂਦੀ ਹੈ। ਸ਼ਿਵ ਜੀ ਦਾ ਤੀਜਾ ਨੇਤਰ ਵਿਵੇਕ ਅਤੇ ਪ੍ਰਤੀਸ਼ੋਧ (ਬਦਲੇ) ਦਾ ਹੈ। ਇਸ ਦੇ ਖੁਲ੍ਹਣ ਨਾਲ ਲੋਕਾਂ ਨੂੰ ਇਨਸਾਫ ਮਿਲਦਾ ਹੈ। ਉਨ੍ਹਾਂ ਦੀ ਗ਼ੁਲਾਮੀ ਖ਼ਤਮ ਹੋ ਜਾਂਦੀ ਹੈ।

ਪ੍ਰਸ਼ਨ : ਕਵਿਤਾ ਵਿਚ ਸੋਮਨਾਥ ਅਤੇ ਪਾਰੋ ਕਿਸਨੂੰ ਕਿਹਾ ਗਿਆ?

ਉੱਤਰ : ਇਸ ਕਵਿਤਾ ਵਿਚ ਸ਼ਿਵ ਜੀ ਨੂੰ ਸੋਮਨਾਥ ਅਤੇ ਪਾਰਬਤੀ ਦੇਵੀ ਨੂੰ ਪਾਰੋ ਕਿਹਾ ਗਿਆ ਹੈ। ਦੋਹਾਂ ਨੂੰ ਕਿਰਸਾਨ ਸ਼੍ਰੇਣੀ ਦੇ ਪ੍ਰਤੀਕ ਬਣਾਇਆ ਗਿਆ ਹੈ।

ਪ੍ਰਸ਼ਨ : ਕਵੀ ਨੇ ਔਰਤ ਨੂੰ ਕਿਹੜੇ-ਕਿਹੜੇ ਰੂਪਾਂ ਵਿਚ ਦਰਸਾਇਆ ਹੈ?

ਉੱਤਰ : ਕਵੀ ਅਨੁਸਾਰ ਔਰਤ ਇਕ ਸ਼ਕਤੀ ਹੈ। ਉਹ ਜਗਤ ਦਾ ਕਲਿਆਣ ਕਰ ਸਕਦਾ ਹੈ। ਉਸ ਦੀ ਕੁੱਖ ਵਿਚੋਂ ਪੈਦਾ ਹੋਣ ਵਾਲਾ ਬੱਚਾ ਨਰਕਾਂ ਨੂੰ ਵੀ ਸੁਰਗ ਬਣਾ ਸਕਦਾ ਹੈ। ਉਹ ਮੌਤ ਨੂੰ ਜ਼ਿੰਦਗੀ ਵਿਚ ਬਦਲ ਸਕਦੀ ਹੈ। ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਪ੍ਰਸ਼ਨ : ਜਾਗਰਿਤ ਮਨੁੱਖ ਕੀ ਕਰ ਸਕਦਾ ਹੈ?

ਉੱਤਰ : ਜਾਗਰਿਤ ਮਨੁੱਖ ਆਪਣੇ ਵਿਰੁੱਧ ਹੋ ਰਹੀਆਂ ਸਾਜ਼ਿਸ਼ਾਂ ਨੂੰ ਸਮਝ ਸਕਦਾ ਹੈ। ਉਹ ਪਸ਼ੂ ਤੋਂ ਪੂਰਨ ਮਨੁੱਖ ਬਣ ਜਾਂਦਾ ਹੈ। ਉਸ ਦੇ ਜਾਗਣ ਨਾਲ ਦੁਨੀਆਂ ਦਾ ਨਕਸ਼ਾ ਬਦਲ ਜਾਂਦਾ ਹੈ। ਬੇਇਨਸਾਫੀ ਅਤੇ ਜ਼ੁਲਮ ਖ਼ਤਮ ਹੋ ਜਾਂਦੇ ਹਨ ਅਤੇ ਇਕ ਲੋਕਪੱਖੀ ਇਨਕਲਾਬ ਆ ਜਾਂਦਾ ਹੈ।

### 4. ਅੰਬੀ ਦੇ ਬੂਟੇ ਥੱਲੇ: ਪ੍ਰੋ. ਮੋਹਨ ਸਿੰਘ

ਪ੍ਰਸ਼ਨ : 'ਅੰਬੀ ਦੇ ਬੂਟੇ ਥੱਲੇ' ਕਵਿਤਾ ਦਾ ਮੁਖ ਵਿਸ਼ਾ ਕੀ ਹੈ?

ਉਤਰ : ਇਸ ਕਵਿਤਾ ਦਾ ਮੁੱਖ ਵਿਸ਼ਾ ਇਕ ਫੌਜੀ ਦੀ ਪਤਨੀ ਦੀਆਂ ਯਾਦਾਂ ਨਾਲ ਸੰਬੰਧਿਤ ਹੈ। ਜਦੋਂ ਪਤੀ ਸਾਲਾਨਾ ਛੁੱਟੀ ਕਾਰਨ ਘਰ ਵਿਚ ਸੀ ਤਾਂ ਪਤਨੀ ਕਿੰਨੀ ਖੁਸ਼ ਸੀ ਪਰ ਉਸ ਦੀ ਗ਼ੈਰ ਹਾਜ਼ਰੀ ਵਿਚ ਉਹ ਬਹੁਤ ਉਦਾਸ ਹੈ।

ਪ੍ਰਸ਼ਨ : ਕਵਿਤਾ ਦੀ ਨਾਇਕਾ ਕਿਸ ਦੀ ਯਾਦ ਵਿਚ ਤੜਫ ਰਹੀ ਹੈ?

ਉੱਤਰ : ਕਵਿਤਾ ਦੀ ਨਾਇਕਾ ਆਪਣੇ ਪਤੀ ਦੀ ਯਾਦ ਵਿਚ ਤੜਫ ਰਹੀ ਹੈ। ਪਤੀ ਸਲਾਨਾ ਛੁੱਟੀ ਕੱਟਣ ਮਗਰੋਂ ਵਾਪਸ ਚਲਾ ਗਿਆ ਅਤੇ ਹੁਣ ਬੀਤੇ ਦੀਆਂ ਮਿੱਠੀਆਂ ਯਾਦਾਂ ਉਸ ਨੂੰ ਦੁੱਖ ਦੇ ਰਹੀਆਂ ਹਨ।

ਪ੍ਰਸ਼ਨ : ਕਵਿਤਾ ਦੀ ਨਾਇਕਾ ਪ੍ਰੇਮੀ ਨਾਲ ਬਿਤਾਏ ਕਿਹੜੇ ਪਲ ਯਾਦ ਕਰ ਰਹੀ ਹੈ?

ਉੱਤਰ : ਕਵਿਤਾ ਦੀ ਨਾਇਕਾ ਨੂੰ ਉਹ ਪਲ ਯਾਦ ਆ ਰਹੇ ਹਨ ਜਦੋਂ ਉਸ ਨੇ ਆਪਣੇ ਸੁੱਤੇ ਪਏ ਪਤੀ ਦੇ ਮਥੇ ਉਪਰ ਚਰਖ਼ੇ ਦੀ ਚਰਮਖ਼ ਤੋਂ ਕਾਲਖ ਉਤਾਰ ਕੇ ਲਾ ਦਿੱਤੀ ਸੀ। ਫਿਰ ਉਹ ਦੋਵੇਂ ਜਣੇ ਇਕ ਦੂਸਰੇ ਦੇ ਅੱਗੇ-ਪਿੱਛੇ ਨਠਦੇ ਰਹੇ ਸਨ। ਇਸ ਖੇਡ ਵਿਚੋਂ ਦੋਹਾਂ ਨੂੰ ਬਹੁਤ ਆਨੰਦ ਆਇਆ ਸੀ। ਦੋਵੇਂ ਬਹੁਤ ਖੁਸ਼ ਹੋਏ ਸਨ।

ਪ੍ਰਸ਼ਨ : ਕਵਿਤਾ ਵਿਚ ਨਾਇਕਾ ਅੰਬੀ ਦੇ ਬੂਟੇ ਨੂੰ ਕਿਉਂ ਵੱਢਣਾ ਚਾਹੁੰਦੀ ਹੈ?

ਉੱਤਰ : ਨਾਇਕਾ ਇਸ ਲਈ ਅੰਬੀ ਦੇ ਬੂਟੇ ਨੂੰ ਵੱਢਣਾ ਚਾਹੁੰਦੀ ਹੈ ਕਿਉਂਕਿ ਇਸ ਨੂੰ ਵੇਖ ਕੇ ਉਸ ਨੂੰ ਆਪਣੇ ਪਤੀ ਦੀ ਯਾਦ ਆ ਜਾਂਦੀ ਹੈ, ਜੋ ਉਸ ਤੋਂ ਬਰਦਾਸ਼ਤ ਨਹੀਂ ਹੁੰਦੀ।

ਪ੍ਰਸ਼ਨ : ਕਵਿਤਾ ਵਿਚ ਕਵੀ ਪ੍ਰਕਿਰਤੀ-ਚਿਤ੍ਰਣ ਕਿਸ ਤਰ੍ਹਾਂ ਦਾ ਹੈ?

ਉੱਤਰ : ਕਵੀ ਕੋਇਲ ਦੀਆਂ ਕੂਕਾਂ, ਸਾਵਣ ਦੀਆਂ ਝੜੀਆਂ ਅਤੇ ਪੱਤਿਆਂ ਦੀ ਖੜ-ਖੜ ਆਦਿਕ ਦ੍ਰਿਸ਼ਾਂ ਰਾਹੀਂ ਪ੍ਰਕਿਰਤੀ ਚਿਤ੍ਰਣ ਕਰਦਾ ਹੈ। ਇਹ ਦ੍ਰਿਸ਼ ਨਾਇਕਾ ਦੇ ਦੁੱਖ ਵਿਚ ਹੋਰ ਵਾਧਾ ਕਰ ਦਿੰਦੇ ਦਿੰਦੇ ਹਨ।

### 5. ਸੁਨੇਹੜੇ: ਅੰਮ੍ਰਿਤਾ ਪ੍ਰੀਤਮ

ਪ੍ਰਸ਼ਨ : 'ਸੁਨੇਹੜੇ' ਕਵਿਤਾ ਦਾ ਵਿਸ਼ਾ ਕੀ ਹੈ?

ਉੱਤਰ : 'ਸੁਨੇਹੜੇ' ਵਿਚ ਕਵਿੱਤਰੀ ਨੇ ਇਕ ਪ੍ਰੇਮਿਕਾ ਦੇ ਵਿਛੋੜੇ ਨੂੰ ਬਿਆਨ ਕੀਤਾ ਹੈ। ਸਾਡਾ ਮਰਦ ਪ੍ਰਧਾਨ ਸਮਾਜ ਪ੍ਰੇਮੀਆਂ ਨੂੰ ਇਕ ਦੂਜੇ ਨਾਲ ਮਿਲਣ ਦੀ ਇਜ਼ਾਜ਼ਤ ਨਹੀਂ ਦਿੰਦਾ। ਅਜ ਦੀ ਨਾਰੀ ਵੀ ਹੀਰ, ਸੱਸੀ ਅਤੇ ਸੋਹਣੀ ਵਾਂਗ ਬੇਬਸ ਹੈ।

ਪ੍ਰਸ਼ਨ : ਕਵਿਤਾ ਦੀ ਨਾਇਕਾ ਕਿਸ ਦੀ ਯਾਦ ਵਿਚ ਤੜਫ਼ ਰਹੀ ਹੈ?

ਉੱਤਰ : ਇਸ ਕਵਿਤਾ ਦੀ ਨਇਕਾ ਆਪਣੇ ਪ੍ਰੇਮੀ ਦੀ ਯਾਦ ਵਿਚ ਤੜਫ਼ ਰਹੀ ਹੈ। ਸਮਾਜ ਉਸ ਨੂੰ ਪ੍ਰੇਮੀ ਨਾਲ ਮਿਲਣ ਦੀ ਇਜ਼ਾਜ਼ਤ ਨਹੀਂ ਦਿੰਦਾ। ਉਹ ਉਸ ਦੀ ਯਾਦ ਵਿਚ ਰੋ-ਰੋ ਕੇ ਆਪਣੀ ਜ਼ਿੰਦਗੀ ਬਿਤਾ ਰਹੀ ਹੈ, ਮਜ਼ਬੂਰ ਹੈ।

ਪ੍ਰਸ਼ਨ : ਕਵਿਤਰੀ ਦਾ ਭਾਰਤੀ ਨਾਰੀ ਪ੍ਰਤੀ ਦ੍ਰਿਸ਼ਟੀਕੋਣ ਕੀ ਹੈ?

ਉੱਤਰ : ਭਾਰਤੀ ਨਾਰੀ ਪੂਰੀ ਤਰ੍ਹਾਂ ਨਾਲ ਬੇਬਸ ਅਤੇ ਮਜ਼ਬੂਰ ਹੈ। ਉਹ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਲਈ ਆਪ ਜੰਗ ਨਹੀਂ ਲੜਦੀ ਬਲਕਿ ਆਪਣੇ ਪ੍ਰੇਮੀ ਉਪਰ ਆਸ ਲਗਾਈ ਬੈਠੀ ਹੈ ਕਿ ਉਹ ਆਪਣੀ ਕਲਮ ਦੀ ਤਾਕਤ ਨਾਲ ਯੁਗ ਨੂੰ ਬਦਲ ਦੇਵੇਗਾ ਅਤੇ ਨਵੇਂ ਯੁੱਗ ਵਿਚ ਉਹ ਪੂਰੀ ਆਜ਼ਾਦੀ ਨਾਲ ਮਿਲ ਸਕਣਗੇ।

ਪ੍ਰਸ਼ਨ : ਬਿਰਹਾ ਵਿਚ ਤੜਪਦੀ ਨਾਰੀ ਨੂੰ ਕਦੋਂ ਖੁਸ਼ੀ ਮਿਲਦੀ ਹੈ?

ਉੱਤਰ : ਬਿਰਹਾ ਵਿਚ ਤੜਪਦੀ ਨਾਰੀ ਨੂੰ ਉਸ ਸਮੇਂ ਖੁਸ਼ੀ ਮਿਲਦੀ ਹੈ। ਜਦੋਂ ਉਸ ਦਾ ਪ੍ਰੇਮੀ ਮਿਲਣ ਲਈ ਆ ਜਾਵੇ। ਉਸ ਦਾ ਹਾਲ-ਚਾਲ ਪੁੱਛੇ ਅਤੇ ਦਰਦ ਵੰਡਾਵੇ।

ਪ੍ਰਸ਼ਨ : ਕਵਿਤਾ ਵਿਚ ਕਿਹੜੇ-ਕਿੜੇ ਲੋਕ ਨਾਇਕਾਂ ਦਾ ਜ਼ਿਕਰ ਹੈ।

ਉੱਤਰ : ਇਸ ਕਵਿਤਾ ਵਿਚ ਹੀਰ-ਰਾਂਝਾ, ਸੱਸੀ-ਪੁੰਨੂੰ ਅਤੇ ਸੋਹਣੀ, ਮਹੀਂਵਾਲ ਵਰਗੇ ਲੋਕ-ਨਾਇਕਾਂ ਦਾ ਜ਼ਿਕਰ ਹੋਇਆ ਹੈ। ਕੈਂਦੋ ਵਰਗੇ ਖਲਨਾਇਕ ਦਾ ਵੀ ਉਲੇਖ ਹੋਇਆ ਹੈ।

## 6. ਮਸੀਹਾ: ਸ਼ਿਵ ਕੁਮਾਰ

ਪ੍ਰਸ਼ਨ : ਮਸੀਹਾ ਤੋਂ ਕੀ ਭਾਵ ਹੈ?

ਉੱਤਰ : ਮਸੀਹਾ ਦਾ ਅਰਥ ਹੈ ਪੈਗੰਬਰ। ਉਹ ਮਹਾਂਪੁਰਸ਼, ਜੋ ਆਮ ਲੋਕਾਂ ਦੇ ਕਲਿਆਣ ਲਈ ਪਰਮਾਤਮਾ ਤੇ ਕੋਈ ਨਵ-ਸੰਦੇਸ਼ ਲੈ ਕੇ ਇਸ ਧਰਤੀ ਉਪਰ ਆਉਂਦਾ ਹੈ। ਹਜ਼ਰਤ ਈਸਾ ਨੂੰ 'ਮਸੀਹਾ' ਕਿਹਾ ਜਾਂਦਾ ਹੈ।

ਪ੍ਰਸ਼ਨ : ਕਵੀ ਜ਼ਿੰਦਗੀ ਦੇ ਕਿਹੜੇ-ਕਿਹੜੇ ਅਮਲਾਂ ਦੀ ਗੱਲ ਕਰਦਾ ਹੈ?

ਉੱਤਰ : ਕਵੀ ਦੇਖਦਾ ਹੈ ਕਿ ਲੋਕਾਂ ਹੱਕਾਂ ਅਤੇ ਅਧਿਕਾਰਾਂ ਲਈ ਜੂਝਣਾ ਭੁੱਲ ਗਏ ਹਨ। ਉਹ ਨਾਇਨਸਾਫ਼ੀ ਅਤੇ ਸਮਾਜਿਕ ਨਿਆਇ ਦੇ ਵਿਰੁੱਧ ਸੰਘਰਸ਼ ਨਹੀਂ ਕਰਦੇ। ਜੂਝਣਾ ਅਤੇ ਸੰਘਰਸ਼ ਕਰਦੇ ਰਹਿਣਾ ਹੀ ਜ਼ਿੰਦਗੀ ਹੈ।

ਪ੍ਰਸ਼ਨ : ਕਵੀ ਅਨੁਸਾਰ ਜ਼ਿੰਦਗੀ ਕੀ ਹੈ?

ਉੱਤਰ : ਕਵੀ ਅਨੁਸਾਰ ਜ਼ਿੰਦਗੀ ਇਕ ਫ਼ਰਜ਼ ਹੈ, ਇਕ ਜ਼ਿੰਮੇਵਾਰੀ ਹੈ। ਹਰ ਮਨੁੱਖ ਨੂੰ ਲੋਕ-ਕਲਿਆਣ ਵਾਸਤੇ ਕੰਮ ਕਰਦੇ ਰਹਿਣ ਦਾ ਫ਼ਰਜ਼ ਨਿਭਾਉਣਾ ਚਾਹੀਦਾ ਹੈ। ਜ਼ਿੰਦਗੀ ਕੋਈ ਸੁਪਨਾ ਨਹੀਂ, ਹਕੀਕਤ ਹੈ।

ਪ੍ਰਸ਼ਨ : ਕਵੀ ਅਨੁਸਾਰ ਅਜ ਦੋਸਤੀ ਦਾ ਸਰੂਪ ਕਿਸ ਤਰ੍ਹਾਂ ਦਾ ਹੈ?

ਉੱਤਰ : ਕਵੀ ਅਨੁਸਾਰ ਬਹੁਤੇ ਲੋਕ ਦੋਸਤੀ ਦੇ ਅਰਥ ਨਹੀਂ ਜਾਣਦੇ। ਉਹ ਸਵਾਰਥੀ ਬਣ ਜਾਂਦੇ ਹਨ ਅਤੇ ਇਸ ਪ੍ਰਕਾਰ 'ਦੋਸਤੀ' ਦੇ ਸ਼ਬਦ ਨੂੰ ਕਲੰਕਿਤ ਕਰ ਦਿੰਦੇ ਹਨ। ਇਹ ਅਨੁਚਿਤ ਵਤੀਰਾ ਹੈ।

ਪ੍ਰਸ਼ਨ : ਕਵਿਤਾ ਵਿਚ ਕਵੀ ਮਸੀਹੇ ਦੇ ਰੂਪ ਵਿਚ ਕੀ ਸੁਨੇਹਾ ਦੇਣਾ ਚਾਹੁੰਦਾ ਹੈ?

ਉੱਤਰ : ਕਵੀ ਇਹ ਸੁਨੇਹਾ ਦਿੰਦਾ ਹੈ ਕਿ ਮੈਂ ਦੋਸਤਾਂ ਲਈ ਮਰਾਂਗਾ ਅਤੇ ਉਨ੍ਹਾਂ ਦੇ ਅਧਿਕਾਰਾਂ ਲਈ ਜੇ ਉਸ ਨੂੰ ਸੂਲੀ ਉਪਰ ਵੀ ਚੜ੍ਹਨਾ ਪਿਆ ਤਾਂ ਉਹ ਝਿਜਕੇਗਾ ਨਹੀਂ।

## 7. ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ: ਹਰਿਭਜਨ ਸਿੰਘ

ਪ੍ਰਸ਼ਨ : 'ਤੇਰੇ ਹਜ਼ੂਰ ਮੇਰੀ ਹਾਜ਼ਰੀ ਦੀ ਦਾਸਤਾਨ' ਤੋਂ ਕੀ ਭਾਵ ਹੈ?

ਉੱਤਰ : ਇਨ੍ਹਾਂ ਸ਼ਬਦਾਂ ਤੋਂ ਕਵੀ ਦਾ ਇਹ ਭਾਵ ਹੈ ਕਿ 1999 ਈ. ਵਿਚ ਵਿਸਾਖੀ ਦੇ ਸ਼ੁਭ ਅਵਸਰ ਉਪਰ ਗੁਰੂ ਜੀ ਨੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਜਦੋਂ ਖਾਲਸੇ ਦੀ ਸਿਰਜਣਾ ਕੀਤੀ ਸੀ ਤਾਂ ਕਵੀ ਵੀ ਉਥੇ ਮੌਜੂਦ ਸੀ। ਉਸ ਨੇ ਕੀ ਮਹਿਸੂਸ ਕੀਤਾ ਸੀ, ਇਸ ਕਵਿਤਾ ਵਿਚ ਉਸ ਦੇ ਆਪਣੇ ਅਹਿਸਾਸਾਂ ਦਾ ਵਰਣਨ ਕੀਤਾ ਗਿਆ ਹੈ।

ਪ੍ਰਸ਼ਨ : ਸੀਸ ਕੁਰਬਾਨ ਕਰਨ ਦੀ ਮੰਗ ਕੌਣ ਕਰ ਰਿਹਾ ਹੈ ਅਤੇ ਕਿਉਂ?

ਉੱਤਰ : ਸੀਸ ਕੁਰਬਾਨ ਕਰਨ ਦੀ ਮੰਗ ਗੁਰੂ ਗੋਬਿੰਦ ਸਿੰਘ ਜੀ ਕਰ ਰਹੇ ਸਨ ਕਿਉਂਕਿ ਕੁਰਬਾਨੀ ਤੋਂ ਬਿਨ੍ਹਾਂ ਦੇਸ਼ ਅਤੇ ਕੌਮ ਦੇ ਇਤਿਹਾਸ ਨੂੰ ਬਦਲਿਆ ਨਹੀਂ ਜਾ ਸਕਦਾ। ਗ਼ੁਲਾਮੀ, ਜ਼ੁਲਮ ਅਤੇ ਧੱਕੇਸ਼ਾਹੀ ਨੂੰ ਦੂਰ ਕਰਨ ਲਈ ਕੁਰਬਾਨੀ ਦੇਣੀ ਪੈਂਦੀ ਹੈ।

ਪ੍ਰਸ਼ਨ : 'ਮੈਂ' ਪਾਤਰ ਖ਼ੁਦ ਨੂੰ ਕਿਸ ਤਰ੍ਹਾਂ ਦਾ ਸਮਝਦਾ ਹੈ?

ਉੱਤਰ : ਇਹ ਪਾਤਰ ਆਪਣੀ ਕਾਇਰਤਾ, ਸਵਾਰਥ ਅਤੇ ਆਤਮ ਹੀਣਤਾ ਨੂੰ ਪਹਿਚਾਣ ਲੈਂਦਾ ਹੈ। ਉਸ ਨੂੰ ਗਿਆਨ ਹੋ ਜਾਂਦਾ ਹੈ ਕਿ ਗੁਰੂ ਦੇ ਦਰਬਾਰ ਵਿਚ ਬਹਾਦਰ, ਸੱਚੇ-ਸੁੱਚੇ ਅਤੇ ਆਤਮ-ਗੌਰਵ ਵਾਲੇ ਵਿਅਕਤੀ ਹੀ ਪ੍ਰਵਾਨ ਚੜ੍ਹਦੇ ਹਨ। ਉਨ੍ਹਾਂ ਦਾ ਹੀ ਮੁੱਲ ਪੈਂਦਾ ਹੈ।

ਪ੍ਰਸ਼ਨ : 'ਮੈਂ' ਪਾਤਰ ਕਿਉਂ ਪਛਤਾਉਂਦਾ ਹੈ?

ਉੱਤਰ : ਇਹ ਪਾਤਰ ਜਦੋਂ ਵੇਖਦਾ ਹੈ ਕਿ ਗੁਰੂ ਸਾਹਿਬ ਨੇ ਸੀਸ ਭੇਟ ਕਰਨ ਵਾਲੇ ਪੰਜਾਂ ਸਿੰਘਾਂ ਨੂੰ ਸਾਬਤ-ਸੂਰਤ ਸਾਹਮਣੇ ਲੈ ਆਂਦਾ ਹੈ ਅਤੇ ਏਨਾ ਸਤਿਕਾਰ ਦਿੱਤਾ ਹੈ ਤਾਂ ਉਹ ਸੋਚਦਾ ਹੈ ਕਿ ਉਸ ਨੇ ਆਪਣਾ ਸੀਸ ਭੇਟ ਕਿਉਂ ਨਾ ਕੀਤਾ? ਉਸ ਨੂੰ ਇਸ ਗੱਲ ਦਾ ਪਛਤਾਵਾ ਹੁੰਦਾ ਹੈ। ਮੱਧ-ਸ਼੍ਰੇਣੀ ਵਾਲੇ ਲੋਕ ਇਵੇਂ ਸੋਚਦੇ ਹੁੰਦੇ ਹਨ। ਉਨ੍ਹਾਂ ਨੂੰ ਇਨਾਮਾਂ-ਸਨਮਾਨਾਂ ਦੀ ਝਾਕ ਰਹਿੰਦੀ ਹੈ।

ਪ੍ਰਸ਼ਨ : 'ਨਵੇਂ ਸੂਰਜ ਜਿਹਾ ਸੀਸ' ਤੋਂ ਕੀ ਭਾਵ ਹੈ?

ਉੱਤਰ : ਇਸ ਵਾਕੰਸ਼ ਤੋਂ ਇਹ ਭਾਵ ਹੈ ਕਿ ਜਿਵੇਂ ਸੂਰਜ ਹਰ ਸ਼ਾਮ ਨੂੰ ਪੱਛਮ ਵਿਚ ਛਿਪ ਜਾਂਦਾ ਹੈ ਪਰ ਅਗਲੀ ਸਵੇਰ ਪੂਰਬ ਦੀ ਦਿਸ਼ਾ ਵਿਚੋਂ ਫਿਰ ਉਗਮ ਪੈਂਦਾ ਹੈ, ਇਸੇ ਪ੍ਰਕਾਰ ਗੁਰੂ ਜੀ ਨੇ ਆਪਣੇ ਸਿਖਾਂ ਤੋਂ ਪੁਰਾਣੇ ਸੀਸ ਲੈ ਕੇ ਉਨ੍ਹਾਂ ਨਵੇਂ ਸੀਸ ਦੇ ਕੇ ਦਰਬਾਰ ਵਿਚ ਲੈ ਆਂਦਾ ਸੀ। ਹੁਣ ਇਹ ਨਵੇਂ ਵਿਅਕਤੀ ਸਨ, ਜੋ ਆਤਮ-ਗੌਰਵ ਅਤੇ ਬੀਰਤਾ ਨਾਲ ਭਰਪੂਰ ਸਨ।

## 8. ਲੋਕਾਂ ਨਾਲ ਗੱਲ: ਤਾਰਾ ਸਿੰਘ

ਪ੍ਰਸ਼ਨ : ਕਵੀ ਲੋਕਾਂ ਨਾਲ ਕੀ ਗੱਲ ਕਰਨੀ ਚਾਹੁੰਦਾ ਹੈ?

ਉੱਤਰ : ਕਵੀ ਲੋਕਾਂ ਨਾਲ ਉਨ੍ਹਾਂ ਦੇ ਅਧਿਕਾਰਾਂ ਦੀ ਗੱਲ ਕਰਦਾ ਹੈ। ਉਨ੍ਹਾਂ ਨੂੰ ਅਜਿਹੀ ਸਰਕਾਰ ਚੁਣਨ ਦਾ ਸੰਦੇਸ਼ ਦਿੰਦਾ ਹੈ, ਜੋ ਲੋਕ-ਭਲਾਈ ਦੇ ਕੰਮ ਕਰ ਸਕੇ। ਜਿਹੜੇ ਉਮੀਦਵਾਰ ਦੇਸ਼ ਅਤੇ ਸਮਾਜ ਦੀ ਸੇਵਾ ਕਰ ਸਕਣ। ਉਨ੍ਹਾਂ ਨੂੰ ਵੋਟ ਪਾਉਣੀ ਚਾਹੀਦੀ ਹੈ।

ਪ੍ਰਸ਼ਨ : ਕਵੀ ਲੋਕਾਂ ਨੂੰ ਕਿਹੜੇ ਸਵਾਲ ਪੁੱਛਦਾ ਹੈ?

ਉੱਤਰ : ਕਵੀ ਲੋਕਾਂ ਨੂੰ ਪੁੱਛਦਾ ਹੈ ਕਿ ਉਨ੍ਹਾਂ ਦੀਆਂ ਮੁਢਲੀਆਂ ਜ਼ਰੂਰਤਾਂ ਪੂਰੀਆਂ ਹੋ ਗਈਆਂ ਹਨ? ਰਹਿਣ ਲਈ ਘਰ, ਪਹਿਨਣ ਲਈ ਕੱਪੜੇ ਅਤੇ ਖਾਣ ਲਈ ਦੋ ਵਕਤ ਦੀ ਰੋਟੀ ਮਿਲ ਜਾਂਦੀ ਹੈ? ਕੀ ਉਨ੍ਹਾਂ ਦੀਆਂ ਬਹੁ-ਬੇਟੀਆਂ ਮਹਿਫ਼ੂਜ਼ ਹਨ? ਉਹ ਸਿਰ ਉਠਾ ਕੇ ਸ੍ਵੈਮਾਨ ਨਾਲ ਚੱਲ ਸਕਦਾ ਹੈ?

ਪ੍ਰਸ਼ਨ : ਕਵੀ ਅਫ਼ਸਰਾਂ ਅਤੇ ਲੀਡਰਾਂ ਦੇ ਚਰਿੱਤਰ ਬਾਰੇ ਕੀ ਕਹਿੰਦਾਹੈ?

ਉੱਤਰ : ਕਵੀ ਅਨੁਸਾਰ ਅਫ਼ਸਰ ਲੋਕ ਰਿਸ਼ਤਵ ਲੈਣ ਤੋਂ ਬਿਨਾਂ ਕੋਈ ਕੰਮ ਨਹੀਂ ਕਰਦੇ। ਲੀਡਰ ਲੋਕ ਨਿੱਜੀ ਜਾਇਦਾਦਾਂ ਵਿਚ ਵਾਧਾ ਕਰਦੇ ਰਹਿੰਦੇ ਹਨ। ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਅਨੇਕ ਵਾਅਦੇ ਕਰਦੇ ਹਨ ਪਰ ਚੋਣਾਂ ਤੋਂ ਬਾਅਦ ਪੰਜ ਸਾਲਾਂ ਤਕ ਆਪਣੀ ਸ਼ਕਲ ਵੀ ਨਹੀਂ ਦਿਖਾਉਂਦੇ।

ਪ੍ਰਸ਼ਨ : ਕਵੀ ਸਰਕਾਰ ਬਣਾਉਣ ਬਾਰੇ ਲੋਕਾਂ ਨੂੰ ਕਿਵੇਂ ਚੇਤਨ ਕਰਨਾ ਚਾਹੁੰਦਾ ਹੈ?

ਉੱਤਰ : ਕਵੀ ਲੋਕਾਂ ਨੂੰ ਸਮਝਾਉਂਦਾ ਹੈ ਕਿ ਸਾਰੀਆਂ ਪਾਰਟੀਆਂ ਇਕੋ ਜਿਹੀਆਂ ਸਵਾਰਥੀ ਅਤੇ ਭ੍ਰਸ਼ਟ ਹਨ। ਇਹ ਸਾਰੇ ਲੁਟੇਰੇ ਹਨ। ਇਨ੍ਹਾਂ ਦੇ ਝੰਡੇ ਹੀ ਵੱਖ-ਵੱਖ ਹਨ, ਕਿਰਦਾਰ ਇਕੋ ਜਿਹਾ ਹੈ। ਲੋਕਾਂ ਨੂੰ ਚਾਹੀਦਾ ਹੈ ਕਿ ਇਨ੍ਹਾਂ ਨੂੰ ਹੀ ਵਾਰ-ਵਾਰ ਨਾ ਅਜ਼ਮਾਵੇ ਬਲਕਿ ਨਵੇਂ ਲੀਡਰ ਲੱਭੇ ਜੋ ਲੋਕ-ਸੇਵਕ ਹੋਣ।

ਪ੍ਰਸ਼ਨ : ਸਰਕਾਰਾਂ ਦੁਆਰਾ ਕਾਨੂੰਨ ਕਿਸ ਤਰ੍ਹਾਂ ਬਣਾਏ ਜਾਂਦੇ ਹਨ?

ਉੱਤਰ : ਸਰਕਾਰ ਗੁੰਡਾਗਰਦੀ ਉਪਰ ਉਤਰ ਆਉਂਦੀ ਹੈ। ਇਹ ਲੋਕਾਂ ਤੋਂ ਵੋਟਾਂ ਬਟੋਰ ਕੇ ਆਪਣੀ ਸਰਕਾਰ ਬਣਾ ਲੈਂਦੀ ਹੈ ਅਤੇ ਫਿਰ ਆਪਣੀ ਮਰਜ਼ੀ ਦੇ ਕਾਨੂੰਨ ਬਣਾ ਕੇ ਲੋਕਾਂ ਨੂੰ ਲੁੱਟਣਾ ਸ਼ੁਰੂ ਕਰ ਦਿੰਦੀ ਹੈ।

ਕੋਈ ਵੀ ਸਰਕਾਰ ਲੋਕ-ਹਿਤ ਨੂੰ ਮੁੱਖ ਰਖ ਕੇ ਕਾਨੂੰਨ ਨਹੀਂ ਬਣਾਉਂਦੀ ਬਲਕਿ ਆਪਣੇ ਹਿੱਤਾਂ ਨੂੰ ਮੁਖ ਰਖਦੀ ਹੈ।

## 9. ਮੈਂ ਹੁਣ ਵਿਦਾ ਹੁੰਦਾ ਹਾਂ: ਪਾਸ਼

ਪ੍ਰਸ਼ਨ : ਕਵਿਤਾ ਵਿਚ ਕਵੀ ਕਿਸ ਨੂੰ ਸੰਬੋਧਿਤ ਹੈ?

ਉੱਤਰ : ਇਸ ਕਵਿਤਾ ਵਿਚ ਕਵੀ ਆਪਣੀ ਮਿਤਰ-ਕੁੜੀ (ਪ੍ਰੇਮਿਕਾ) ਨੂੰ ਸੰਬੋਧਿਤ ਹੈ ਅਤੇ ਉਸ ਤੋਂ ਵਿਛੜਨ ਲਈ ਇਜਾਜ਼ਤ ਮੰਗਦਾ ਹੈ।

ਪ੍ਰਸ਼ਨ : ਕਵੀ ਕਿਸ ਤਰ੍ਹਾਂ ਦੀ ਕਵਿਤਾ ਲਿਖਣੀ ਚਾਹੁੰਦਾ ਹੈ?

ਉੱਤਰ : ਕਵੀ ਇਸ ਪ੍ਰਕਾਰ ਦੀ ਕਵਿਤਾ ਲਿਖਣੀ ਚਾਹੁੰਦਾ ਸੀ, ਜਿਸ ਵਿਚ ਧਣੀਏ ਦੀ ਮਹਿਕ, ਰੁੱਖਾਂ ਤੋਂ ਡਿਗਦੀ ਧੁੰਦ, ਦੁੱਧ ਦੀ ਬਾਲਟੀ ਵਿਚੋਂ ਉੱਠਦੀ ਝੱਗ ਅਤੇ ਆਪਣੀ ਪ੍ਰੇਮਿਕਾ ਦੇ ਹੁਸਨ ਬਾਰੇ ਕਵਿਤਾ ਲਿਖਣੀ ਚਾਹੁੰਦਾ ਸੀ ਪਰ ਬੇਰਹਿਮ ਸਮੇਂ ਨੇ ਉਸ ਨੂੰ ਇਸ ਪ੍ਰਕਾਰ ਦੀ ਪ੍ਰੇਮ ਭਰੀ ਕਵਿਤਾ ਲਿਖਣ ਦੀ ਆਗਿਆ ਨਾ ਦਿੱਤੀ।

ਪ੍ਰਸ਼ਨ : ਕਵੀ ਕਿਨ੍ਹਾਂ ਚੀਜ਼ਾਂ ਦਾ ਧੰਨਵਾਦ ਕਰਦਾ ਹੈ?

ਉੱਤਰ : ਕਵੀ ਉਨ੍ਹਾਂ ਸਭ ਚੀਜ਼ਾਂ ਦਾ ਧੰਨਵਾਦ ਕਰਦਾ ਹੈ ਜੋ ਉਸ ਦੇ ਪ੍ਰੇਮ ਦੀਆਂ ਗਵਾਹ ਬਣੀਆਂ। ਹੌਲੀ-ਹੌਲੀ ਰੁਮਕਦੀ ਹਵਾ, ਟੀਂਡਿਆ ਵਿਚੋਂ ਕਿਰਦੀ ਕਪਾਹ, ਸਰ੍ਹੋਂ ਦੇ ਛੋਟੇ ਪੀਲੇ ਫੁੱਲ, ਕਣਕ ਦੀ ਫਸਲ ਅਤੇ ਗੰਨਿਆਂ ਉਪਰ ਬੈਠੀਆਂ ਛੋਟੀਆਂ-ਛੋਟੀਆਂ ਚਿੜੀਆਂ ਉਸ ਦੇ ਧੰਨਵਾਦ ਦੀਆਂ ਪਾਤਰ ਹਨ।

ਪ੍ਰਸ਼ਨ : ਕਵਿਤਾ ਵਿਚ ਜ਼ਿੰਦਗੀ ਜੀਣ ਦਾ ਕਿਹੋ ਜਿਹਾ ਸਲੀਕਾ ਦੱਸਿਆ ਗਿਆ ਹੈ?

ਉੱਤਰ : ਕਵੀ ਅਨੁਸਾਰ ਧੁੱਪਾਂ ਵਾਂਗ ਖਿੜੇ ਰਹਿਣਾ, ਮਹਿਬੂਬਾ ਨੂੰ ਗਲਵਕੜੀ ਪਾ ਕੇ ਪ੍ਰੇਮ ਜਤਾਉਣਾ, ਬਰੂਦ ਵਾਂਗ ਭੜਕਣਾ ਅਤੇ ਦੁਸ਼ਮਣ ਨੂੰ ਲਲਕਾਰਨਾ ਹੀ ਜ਼ਿੰਦਗੀ ਜੀਣ ਦਾ ਅਸਲ ਸਲੀਕਾ ਹੁੰਦਾਹੈ। ਲੁਕ-ਛਿਪ ਕੇ ਜੀਣਾ ਕੋਈ ਜੀਣਾ ਨਹੀਂ ਹੁੰਦਾ।

ਪ੍ਰਸ਼ਨ : ਕਵੀ ਸਚੀ ਮੁਚੀਂ ਦਾ ਕੀ ਦੇਖਣਾ ਚਾਹੁੰਦਾ ਹੈ?

ਉੱਤਰ : ਕਵੀ ਜ਼ਿੰਦਗੀ, ਸਮਾਜਵਾਦ ਜਾਂ ਜੀਵਨ ਦੀਆਂ ਸਾਰੀ ਬੁਨਿਆਦੀ ਸਚਾਈਆਂ ਨੂੰ ਸਚੀ ਮੁਚੀਂ ਦਾ ਦੇਖਣਾ ਚਾਹੁੰਦਾ ਹੈ। ਉਹ ਸੁਪਨਿਆਂ ਅਤੇ ਖ਼ਿਆਲੀ ਘੋੜਿਆਂ ਨਾਲ ਸੰਤੁਸ਼ਟ ਹੋਣ ਵਾਲਾ ਸੁਪਨੇਸਾਜ਼ ਨਹੀਂ ਹੈ।

## 10. ਖ਼ਤਾਂ ਦੀ ਉਡੀਕ: ਸੁਰਜੀਤ ਪਾਤਰ

ਪ੍ਰਸ਼ਨ : ਨੌਜੁਆਨ ਨੂੰ ਕਿਸ-ਕਿਸ ਦੇ ਖ਼ਤਾਂ ਦੀ ਉਡੀਕ ਹੈ?

ਉੱਤਰ : ਨੌਜੁਆਨ ਨੂੰ ਆਪਣੀ ਮਹਿਬੂਬ, ਆਪਣੀ ਭੈਣ ਅਤੇ ਆਪਣੇ ਪ੍ਰਸ਼ੰਸ਼ਕਾਂ ਦੇ ਖ਼ਤਾਂ ਦੀ ਉਡੀਕ ਹੈ। ਉਸ ਨੂੰ ਮਹਿਬੂਬ ਵਲੋਂ ਪ੍ਰੇਮ ਦਾ ਇਕਰਾਰ, ਭੈਣ ਵਲੋਂ ਪੁੱਤਰ ਦੇ ਜਨਮ ਅਤੇ ਪ੍ਰਸ਼ੰਸ਼ਕਾਂ ਵਲੋਂ ਮਹਿਮਾ ਅਤੇ ਵਡਿਆਈ ਭਰੇ ਖ਼ਤਾਂ ਦੀ ਇੰਤਜ਼ਾਰ ਹੈ।

ਪ੍ਰਸ਼ਨ : ਕਵੀ ਨੌਜੁਆਨ ਨੂੰ ਖ਼ਤ ਆਉਣ ਬਾਰੇ ਕੀ ਤਸੱਲੀ ਦਿੰਦਾ ਹੈ?

ਉੱਤਰ : ਕਵੀ ਕਹਿੰਦਾ ਹੈ ਕਿ ਨੌਜੁਆਨ ਨੂੰ ਆਸ ਨਹੀਂ ਛੱਡਣੀ ਚਾਹੀਦੀ। ਉਸ ਦਾ ਕੋਈ ਚਾਹੁਣ ਵਾਲਾ, ਸਾਕ-ਸੰਬੰਧੀ ਅਤੇ ਪ੍ਰਸ਼ੰਸ਼ਕ ਜ਼ਰੂਰ ਉਸ ਨੂੰ ਖ਼ਤ ਪਾਵੇਗਾ।

ਪ੍ਰਸ਼ਨ : ਰਾਤ-ਬਰਾਤੇ ਕਿਸ ਦਾ ਖ਼ਤ ਆਉਣ ਦੀ ਆਸ ਹੈ?

ਉੱਤਰ : ਕਵੀ ਨੂੰ ਆਸ ਹੈ ਕਿ ਰਾਤ-ਬਰਾਤੇ ਉਸ ਨੂੰ ਬੁੱਢੀ ਮਾਂ ਦਾ ਖ਼ਤ ਆਵੇਗਾ। ਜਿਸ ਵਿਚ ਲਿਖਿਆ ਹੋਵੇਗਾ ਕਿ ਪੁੱਤਰਾਂ ਨੂੰ ਆਪਣੀ ਮਾਂ ਨੂੰ ਭੁਲਾਉਣਾ ਨਹੀਂ ਚਾਹੀਦਾ ਬਲਕਿ ਸਦਾ ਯਾਦ ਰੱਖਣਾ ਚਾਹੀਦਾ ਹੈ।

ਪ੍ਰਸ਼ਨ : ਮਾਂ ਬਾਰੇ ਖ਼ਤ ਮਿਲਣ ਤੇ ਨੌਜੁਆਨ ਦਾ ਪ੍ਰਤੀਕਰਮ ਕੀ ਹੋਵੇਗਾ?

ਉੱਤਰ : ਨੌਜਵਾਨ ਦਾ ਪ੍ਰਤੀਕਰਮ ਹੋਵੇਗਾ ਕਿ ਉਹ ਆਪਣੀ ਮਾਂ ਦਾ ਹਾਲ-ਚਾਲ ਪੁੱਛਣ ਜਾਵੇ ਪਰ ਉਸ ਦੇ ਅੰਦਰ ਏਨਾ ਸ਼ੋਰ ਮੱਚ ਜਾਵੇਗਾ ਕਿ ਉਹ ਪੀੜ ਨਾਲ ਚੀਕ ਉਠੇਗਾ ਪਰ ਛੇਤੀ ਹੀ ਉਸ ਦੀ ਆਤਮਾ ਨੂੰ ਆਰਾਮ ਆ ਜਾਵੇਗਾ।

ਪ੍ਰਸ਼ਨ : 'ਖਤ ਖੁਲ੍ਹੇਗਾ ਖ਼ਤ ਵਿਚੋਂ ਇਕ ਹੱਥ ਉਠੇਗਾ' ਤੋਂ ਕੀ ਭਾਵ ਹੈ?

ਉਤਰ : ਇਸ ਕਥਨ ਤੋਂ ਕਵੀ ਦਾ ਭਾਵ ਹੈ ਕਿ ਮਾਂ ਆਪਣੇ ਪੁੱਤਰ ਨੂੰ ਸਦਾ ਦੁਆਵਾਂ ਦਿੰਦੀ ਹੈ। ਮਾਂ ਦੇ ਲਿਖੇ ਹੋਏ ਸ਼ਬਦਾਂ ਵਿਚ ਕਵੀ ਲਈ ਅਨੇਕ ਦੁਆਵਾਂ ਹੋਣਗੀਆਂ ਜਿਨ੍ਹ ਨੂੰ ਪੜ੍ਹ ਕੇ ਕਵੀ ਦੀ ਉਦਾਸੀ ਅਤੇ ਇਕਲਾਪੇ ਨੂੰ ਚੈਨ ਮਿਲ ਜਾਵੇਗਾ।

## 11. ਅਜ ਕੀਹ ਪਕਾਈਏ: ਅਨਵਰ ਮਸੂਦ

ਪ੍ਰਸ਼ਨ : 'ਅਜ ਕੀਹ ਪਕਾਈਏ' ਦੀ ਕਾਵਿ-ਸ਼ੈਲੀ ਦੱਸੋ?

ਉੱਤਰ : ਇਸ ਕਵਿਤਾ ਦੀ ਸ਼ੈਲੀ ਪ੍ਰਸ਼ਨ-ਉੱਤਰ ਵਾਲੀ ਹੈ। ਮਾਲਕ ਸਵਾਲ ਕਰਦਾ ਹੈ ਅਤੇ ਨੌਕਰ ਜਵਾਬ ਦਿੰਦਾ ਰਹਿੰਦਾ ਹੈ। ਸ਼ੈਲੀ ਵਿਅੰਗਾਤਮਕ ਹੈ। ਕਵੀ ਮਾਲਕ ਦੀ ਸੋਚ ਉਪਰ ਵਿਅੰਗ ਕਰਦਾ ਹੈ। ਉਸ ਨੇ ਖਾਣੀ ਤਾਂ ਛੋਲਿਆਂ ਦੀ ਦਾਲ ਹੈ ਪਰ ਵੱਖ-ਵੱਖ ਸਬਜ਼ੀਆਂ ਦੇ ਨਾਮ ਲੈ ਕੇ ਆਪਣਾ ਤੇ ਨੌਕਰ ਦਾ ਦਿਲ ਖੁਸ਼ ਕਰ ਲੈਂਦਾ ਹੈ।

ਪ੍ਰਸ਼ਨ : ਇਸ ਨਜ਼ਮ ਦਾ ਮੁਖ ਵਿਸ਼ਾ ਦੱਸੋ?

ਉੱਤਰ : ਇਸ ਨਜ਼ਮ ਦਾ ਮੁਖ ਵਿਸ਼ਾ ਇਹ ਹੈ ਕਿ ਮਧ ਸ਼੍ਰੇਣੀ ਦੇ ਲੋਕ ਉੱਚੀਆਂ-ਉੱਚੀਆਂ ਡੀਂਗਾਂ ਤਾਂ ਜ਼ਰੂਰ ਮਾਰ ਲੈਂਦੇ ਹਨ ਪਰ ਉਨ੍ਹਾਂ ਦੇ ਹੱਥ ਪੱਲੇ ਕੁਝ ਨਹੀਂ ਹੁੰਦਾ। ਉਨ੍ਹਾਂ ਨੂੰ ਆਪਣੇ ਸੀਮਿਤ ਸਾਧਨਾਂ ਵਿਚ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਉਹ ਬੱਕਰੇ ਦੀ ਪੁੱਠ ਜਾਂ ਕੀਮੇ ਵਾਲੇ ਕਰੇਲੇ ਕਿਵੇਂ ਖਾ ਸਕਦੇ ਹਨ।

ਪ੍ਰਸ਼ਨ : ਕਵੀ ਨੇ ਕਰੇਲੇ ਦੀ ਸਬਜ਼ੀ ਨੂੰ ਭੈੜੀ ਕਿਉਂ ਦੱਸਿਆ ਹੈ?

ਉੱਤਰ : ਕਵੀ ਅਨੁਸਾਰ ਕਰੇਲੇ ਦੀ ਸਬਜ਼ੀ ਬਹੁਤ ਕੌੜੀ ਹੁੰਦੀ ਹੈ। ਇਸ ਨਾਲੋਂ ਤਾਂ ਬੰਦਾ ਕੌੜ-ਤੁੰਮੇ ਜਾਂ ਕੁਨੀਨ ਦੀਆਂ ਗੋਲੀਆਂ ਹੀ ਫੱਕ ਲਵੇ। ਕਰੇਲਾ ਨਿੰਮ ਅਤੇ ਧਰੇਕ ਦਾ ਭਰਾ ਹੁੰਦਾ ਹੈ। ਖਾਣ ਵਾਲੇ ਨੂੰ ਵਾਰ-ਵਾਰ ਪਾਣੀ ਪੀਣਾ ਪੈਂਦਾ ਹੈ।

ਪ੍ਰਸ਼ਨ : ਕਵੀ ਨੇ ਬਤਾਊਂ ਦੇ ਕੀ ਗੁਣ ਤੇ ਔਗੁਣ ਦੱਸੇ ਹਨ?

ਉੱਤਰ : ਬਤਾਊਂਆਂ ਦਾ ਰੰਗ ਬੜਾ ਚਮਕਦਾਰ ਹੁੰਦਾ ਹੈ। ਇਹ ਵੇਖਣ ਵਿਚ ਬਹੁਤ ਸੋਹਣੇ ਲੱਗਦੇ ਹਨ ਪਰ ਇਨ੍ਹਾਂ ਦੀ ਤਾਸੀਰ ਡਾਢੀ ਗਰਮ ਹੁੰਦੀ ਹੈ। ਇਹ ਕਾਲਜੇ ਨੂੰ ਅੱਗ ਲਾ ਦਿੰਦੇ ਹਨ। ਇਨ੍ਹਾਂ ਦਾ ਰੰਗ ਵੀ ਹਬਸ਼ੀਆਂ ਵਰਗਾ ਹੁੰਦਾ ਜਦੋਂ ਕਿ ਲੋਕ ਗੋਰੀਆਂ ਚੀਜ਼ਾਂ ਨੂੰ ਪਸੰਦ ਕਰਦੇ ਹਨ।

ਪ੍ਰਸ਼ਨ : ਕਵੀ ਨੇ ਭਿੰਡੀ ਦੀ ਸਬਜ਼ੀ ਦੀਆਂ ਕੀ ਚੰਗੀਆਂ ਤੇ ਕੀ ਮਾੜੀਆਂ ਗੱਲਾਂ ਦੱਸੀਆਂ ਹਨ?

ਉੱਤਰ : ਕਵੀ ਅਨੁਸਾਰ ਜੇ ਛੋਟੀਆਂ ਅਤੇ ਹਰੀਆਂ ਕਚੂਰ ਭਿੰਡੀਆਂ ਵਿਚ ਬੱਕਰੇ ਦੀ ਪੁੱਠ ਦੀਆਂ ਬੋਟੀਆਂ ਪਾ ਕੇ ਚਾੜ੍ਹੀਆਂ ਜਾਣ ਅਤੇ ਨਾਲ ਮੱਖਣ ਤੇ ਲੱਸੀ ਹੋਵੇ ਤਾਂ ਖਾਣ ਦਾ ਸਵਾਦ ਆ ਜਾਂਦਾ ਹੈ ਪਰ ਇਨ੍ਹਾਂ ਦੀ ਮਾੜੀ ਗੱਲ ਇਹ ਹੈ ਕਿ ਇਹ ਲੇਸਦਾਰ ਹੁੰਦੀਆਂ ਹਨ। ਇਹ ਲਸੂੜਿਆਂ ਵਰਗਾ ਸਵਾਦ ਦਿੰਦੀਆਂ ਹਨ।

## 12. ਬਲੈਕ ਬਾਅ...: ਅਵਤਾਰ ਜੰਡਿਆਲਵੀ

ਪ੍ਰਸ਼ਨ : 'ਬਲੈਕ ਬਾਅ...' ਤੋਂ ਕੀ ਭਾਵ ਹੈ?

ਉੱਤਰ : 'ਬਲੈਕ ਬਾਅ...' ਤੋਂ ਭਾਵ ਹੈ: ਕਾਲੇ ਹਰਾਮੀ। ਅੰਗਰੇਜ਼ ਲੋਕ ਭਾਰਤੀਆਂ ਅਤੇ ਹੋਰ ਗ਼ਰੀਬ ਦੇਸ਼ਾਂ ਦੇ ਲੋਕਾਂ ਨੂੰ ਕਾਲੇ ਹਰਾਮੀ ਕਹਿ ਕੇ ਉਸ ਦਾ ਤ੍ਰਿਸਕਾਰ ਕਰਦੇ ਸਨ। ਇਹ ਇਕ ਨਸਲਵਾਦੀ ਟਿੱਪਣੀ ਹੈ।

ਪ੍ਰਸ਼ਨ : ਕਵੀ ਨੇ ਇੱਲਾਂ ਸ਼ਬਦ ਕਿਸ ਲਈ ਵਰਤਿਆ ਹੈ?

ਉੱਤਰ : ਕਵੀ ਨੇ ਇੱਲਾਂ ਸ਼ਬਦ ਗੋਰੇ ਅੰਗਰੇਜ਼ਾਂ ਅਤੇ ਸਾਮਰਾਜੀਆਂ ਲਈ ਵਰਤਿਆ ਹੈ, ਜਿਨ੍ਹਾਂ ਨੇ ਅਠਾਰ੍ਹਵੀਂ-ਉਨੀਵੀਂ ਸਦੀ ਵਿਚ ਏਸ਼ੀਆ ਅਤੇ ਅਫ਼ਰੀਕਾ ਦੇ ਬਹੁਤ ਸਾਰੇ ਦੇਸ਼ਾਂ ਉਪਰ ਕਬਜ਼ਾ ਕਰ ਕੇ ਉਨ੍ਹਾਂ ਨੂੰ ਖ਼ੂਬ ਲੁੱਟਿਆ-ਪੁੱਟਿਆ ਸੀ।

ਪ੍ਰਸ਼ਨ : 'ਆਵਾਜ਼ਾਂ ਦੇ ਜਾਨਣਹਾਰੇ' ਕਿਸ ਗੱਲ ਤੋਂ ਵਾਕਿਫ਼ ਹਨ?

ਉੱਤਰ : 'ਆਵਾਜ਼ਾਂ ਦੇ ਜਾਨਣਹਾਰੇ' ਇਸ ਗੱਲ ਤੋਂ ਵਾਕਿਫ਼ ਹਨ ਕਿ ਜਦੋਂ ਕੋਈ ਬੰਦਾ ਗਾਲ੍ਹ ਨੂੰ ਸੁਣ ਕੇ ਚੁਪ ਕਰ ਜਾਂਦਾ ਹੈ ਤਾਂ ਉਸ ਦੇ ਅੰਦਰ ਇਕ ਕਾਇਰਤਾ ਪੱਸਰ ਜਾਂਦੀ ਹੈ। ਫਿਰ ਉਹ ਜ਼ਾਲਮ ਦਾ ਮੁਕਾਬਲਾ ਕਰਨ ਦੇ ਸਮਰੱਥ ਨਹੀਂ ਰਹਿੰਦਾ। ਉਸ ਦੀ ਸਰਦਾਰੀ ਖੁੱਸ ਜਾਂਦੀ ਹੈ। ਉਹ ਹਾਲਾਤ ਨਾਲ ਸਮਝੌਤਾ ਕਰ ਲੈਂਦਾ ਹੈ।

ਪ੍ਰਸ਼ਨ : 'ਗੋਅ ਬੈਕ ਗੋਅ ਬੈਕ' ਤੁਕ ਦੇ ਅਰਥ ਸਪਸ਼ਟ ਕਰੋ?

ਉੱਤਰ : 'ਗੋਅ ਬੈਕ' ਦਾ ਅਰਥ ਹੈ: ਪਿਛੇ ਹਟੋ। ਜਦੋਂ ਲੋਕ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਸੜਕਾਂ ਉਪਰ ਨਿਕਲ ਆਉਂਦੇ ਹਨ ਤਾਂ ਸਾਮਰਾਜੀ ਸਰਕਾਰ ਉਨ੍ਹਾਂ ਉਪਰ ਕੋਰੜੇ ਅਤੇ ਲਾਠੀਆਂ ਬਰਸਾ ਕੇ ਉਨ੍ਹਾਂ ਨੂੰ ਪਿਛੇ ਹਟਣ ਲਈ ਮਜ਼ਬੂਰ ਕਰ ਦਿੰਦੀ ਸੀ।

ਪ੍ਰਸ਼ਨ : 'ਆਵਾਜ਼ਾਂ ਦੇ ਸੱਪ' ਕੀ ਕਰਨਾ ਚਾਹੁੰਦੇ ਹਨ?

ਉੱਤਰ : 'ਆਵਾਜ਼ਾਂ ਦੇ ਸੱਪ' ਕਾਲੇ ਹਰਾਮੀ ਕਹਿ ਕੇ ਸਾਡਾ ਅਪਮਾਨ ਕਰਦੇ ਹਨ। ਸਾਨੂੰ ਡੰਗ ਮਾਰ ਕੇ ਖ਼ਤਮ ਕਰ ਦੇਣਾ ਚਾਹੁੰਦੇ ਹਨ। ਇਹ ਬਹੁਤ ਜ਼ਹਿਰੀਲੇ ਸ਼ਬਦ ਹਨ।

## 13. ਪੰਜਾਬ ਕਥਾ: ਸੁਖਵਿੰਦਰ ਕੰਬੋਜ

ਪ੍ਰਸ਼ਨ : ਕਵੀ ਆਜ਼ਾਦੀ ਬਾਰੇ ਕੀ ਪ੍ਰਤੀਕਰਮ ਪੇਸ਼ ਕਰਦਾ ਹੈ।

ਉੱਤਰ : ਕਵੀ ਦਸਦਾ ਹੈ ਕਿ ਜਦੋਂ ਦੇਸ਼ ਆਜ਼ਾਦ ਹੋਇਆ ਤਾਂ ਆਮ ਆਦਮੀਆਂ ਨੂੰ ਬੜੀ ਖੁਸ਼ੀ ਹੋਈ। ਉਹ ਆਪਣੀ ਗ਼ਰੀਬੀ ਅਤੇ ਸੰਤਾਪ ਨੂੰ ਭੁੱਲ ਕੇ ਆਜ਼ਾਦੀ ਦੇ ਨਗ਼ਮੇ ਗਾਉਣ ਲੱਗ ਪਏ। ਉਸ ਨੂੰ ਇਹ ਯਾਦ ਹੀ ਨਾ ਰਿਹਾ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਕਿੰਨੇ ਲੋਕ ਸ਼ਹੀਦ ਹੋਏ ਸਨ ਅਤੇ ਲੱਖਾਂ ਲੋਕਾਂ ਨੂੰ ਉਜੜ ਕੇ ਇਧਰ ਆਉਣਾ ਪਿਆ ਸੀ।

ਪ੍ਰਸ਼ਨ : ਕਵੀ ਦੇਸ਼-ਵੰਡ ਸਮੇਂ ਦੇ ਹਾਲਾਤ ਕਿਸ ਤਰ੍ਹਾਂ ਸਿਜਦਾ ਹੈ?

ਉੱਤਰ : ਦੇਸ਼ ਵੰਡ ਸਮੇਂ ਲੱਖਾਂ ਲੋਕ ਉਜੜ ਗਏ। ਉਨ੍ਹਾਂ ਨੂੰ ਆਪਣੀਆਂ ਜ਼ਮੀਨਾਂ ਅਤੇ ਘਰ-ਬਾਰ ਛੱਡ ਕੇ ਇਧਰ ਪੂਰਬੀ ਪੰਜਾਬ ਵਿਚ ਪਨਾਹ ਲੈਣੀ ਪਈ। ਬਹੂ-ਬੇਟੀਆਂ ਦੇ ਸੁਹਾਗ ਉਜੜ ਗਏ ਅਤੇ ਕਈਆਂ ਦੀ ਪੱਤ ਲੁੱਟੀ ਗਈ। ਕਿੰਦਰ ਅਤੇ ਬਿਸ਼ਨੇ ਵਰਗੇ ਅਨੇਕ ਬੇਗੁਨਾਹ ਲੋਕ ਤ੍ਰਾਸਦੀ ਦਾ ਸ਼ਿਕਾਰ ਹੋ ਗਏ।

ਪ੍ਰਸ਼ਨ : ਆਧੁਨਿਕੀਕਰਨ ਨੇ ਪਰੰਪਰਾਗਤ ਵਸਤਾਂ ਨੂੰ ਕਿਵੇਂ ਨਿਗਲਿਆ?

ਉੱਤਰ : ਆਧੁਨਿਕੀਕਰਨ ਨੇ ਘਰੇਲੂ ਦਸਤਕਾਰੀ ਅਤੇ ਪਰੰਪਰਾਗਤ ਕਿੱਤਿਆਂ ਨੂੰ ਤਬਾਹ ਕਰ ਦਿੱਤਾ। ਹਰੀਏ ਮੋਚੀ ਵਰਗੇ ਲੋਕ ਬਾਟਾ ਅਤੇ ਕਰੋਨਾ ਦੇ ਉਤਪਾਦਨਾਂ ਦਾ ਕਿਵੇਂ ਮੁਕਾਬਲਾ ਕਰ ਸਕਦੇ ਸਨ। ਮੁਣਸ਼ੀ ਟਾਂਗੇ ਵਾਲੇ ਦਾ ਰੋਜ਼ਗਾਰ ਥਰੀ ਵੀਲ੍ਹਰਾਂ ਨੇ ਖੋਹ ਲਿਆ। ਰਿਕਸ਼ੇ ਚਾਲਕ ਭਈਏ ਵੀ ਥਰੀ-ਵੀਲ੍ਹਰਾਂ ਵਾਲਿਆਂ ਤੋਂ ਹਾਰ ਗਏ।

ਪ੍ਰਸ਼ਨ : ਕਵੀ ਦਿੱਲੀ ਦੰਗਿਆਂ ਬਾਰੇ ਕੀ ਦੱਸਦਾ ਹੈ?

ਉੱਤਰ : ਕਵੀ ਜਾਣਦਾ ਹੈ ਕਿ ਦਿੱਲੀ-ਦੰਗੇ ਸੱਤਾਧਾਰੀਆਂ ਲਈ ਸੌਗਾਤ ਬਣ ਕੇ ਆਏ। ਉਨ੍ਹਾਂ ਨੇ ਇਨ੍ਹਾਂ ਦੰਗਿਆਂ ਵਿਚ ਮਰੇ ਲੋਕਾਂ ਦੇ ਨਾਮ ਉਛਾਲ ਕੇ ਆਪਣੀਆਂ ਕੁਰਸੀਆਂ ਬਚਾਈ ਰੱਖੀਆਂ ਹਨ। ਉਨ੍ਹਾਂ ਦੀ ਮੱਕਾਰੀ ਦਾ ਇਸ ਗੱਲ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਿਚ ਹਰ ਰੋਜ਼ ਲੋਕ ਮਰ ਰਹੇ ਅਤੇ ਮਰ ਚੁਕੇ ਲੋਕਾਂ ਬਾਰੇ ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਹੈ।

ਪ੍ਰਸ਼ਨ : ਕਵਿਤਾ ਅਤੇ ਸ਼ਾਇਰਾਂ ਬਾਰੇ ਕਵੀ ਦੇ ਕੀ ਵਿਚਾਰ ਹਨ?

ਉੱਤਰ : ਕਵੀ ਗੁਰੂ ਨਾਨਕ ਦੀ ਪਰੰਪਰਾ ਦਾ ਸ਼ਾਇਰ ਹੈ। ਉਹ ਸੱਤਾਧਾਰੀਆਂ ਨੂੰ ਵੰਗਾਰਦਾ ਹੈ। ਉਹ ਉਨ੍ਹਾਂ ਲੋਕਾਂ ਨਾਲ ਕੋਈ ਵਾਹ-ਵਾਸਤਾ ਨਹੀਂ ਰਖਣਾ ਚਾਹੁੰਦਾ ਜਿਹੜੇ ਕਿਸੇ ਵੀ ਵਧੀਕੀ ਨੂੰ 'ਹਊ ਪਰ੍ਹੇ' ਕਹਿ ਕੇ ਭੁਲਾ ਦਿੰਦੇ ਹਨ। ਉਹ ਕਿਸੇ ਇਨਾਮ ਜਾਂ ਮੈਡਲਾਂ ਦੀ ਪ੍ਰਾਪਤੀ ਲਈ ਕਵਿਤਾ ਨਹੀਂ ਲਿਖਦਾ ਬਲਕਿ ਆਪਣੀ ਗ਼ੈਰਤ ਦਾ ਪ੍ਰਮਾਣ ਦੇਣ ਵਾਸਤੇ ਕਵਿਤਾ ਰਚਦਾ ਹੈ। ਉਹ ਆਪਣੇ ਅਧਿਕਾਰਾਂ ਲਈ ਚੇਤੰਨ ਸ਼ਾਇਰ ਹੈ।

## 14. ਭਾਣਜੇ ਦੀ ਵਲੈਤ ਫੇਰੀ: ਜਸਵੰਤ ਦੀਦ

ਪ੍ਰਸ਼ਨ : ਐਨ.ਆਰ.ਆਈ. ਲਈ ਇੰਡੀਆ ਨਰਕ ਕਿਉਂ ਹੈ?

ਉੱਤਰ : ਐਨ.ਆਰ.ਆਈ. ਲਈ ਇੰਡੀਆ ਨਰਕ ਇਸ ਲਈ ਕਿ ਭਾਰਤੀ ਲੋਕ ਉਨ੍ਹਾਂ ਦੀ ਜ਼ਮੀਨ-ਜਾਇਦਾਦ ਉਪਰ ਨਾਜਾਇਜ਼ ਕਬਜ਼ੇ ਕਰ ਲੈਂਦੇ ਹਨ। ਸਫ਼ਾਈ ਵੱਲ ਧਿਆਨ ਨਹੀਂ ਦਿੰਦੇ। ਰਿਸ਼ਵਤ ਖੋਰ ਹਨ। ਸਾਡੀ ਕਮਾਈ ਉਪਰ ਐਸ਼ ਕਰਦੇ ਹਨ। ਪਰ ਸਾਡਾ ਅਹਿਸਾਨ ਨਹੀਂ ਮੰਨਦੇ। ਇੰਡੀਆ ਵਿਚ ਮਿਹਨਤੀ ਬੰਦਿਆਂ ਦੀ ਕੋਈ ਕਦਰ ਨਹੀਂ ਹੈ।

ਪ੍ਰਸ਼ਨ : ਐਨ.ਆਰ.ਆਈ. ਭਾਰਤੀਆਂ ਦੇ ਚਰਿੱਤਰ ਬਾਰੇ ਕੀ ਸੋਚਦੇ ਹਨ?

ਉੱਤਰ : ਉਨ੍ਹਾਂ ਅਨੁਸਾਰ ਭਾਰਤੀਆਂ ਦਾ ਕੋਈ ਚਰਿੱਤਰ ਨਹੀਂ ਹੈ। ਇਹ ਲੋਕ ਅਹਿਸਾਨ ਫਰਾਮੋਸ਼ ਹਨ। ਚੋਰੀ-ਠੱਗੀ ਤੋਂ ਬਾਜ਼ ਨਹੀਂ ਆਉਂਦੇ। ਜਿਹੜਾ ਬੰਦਾ ਇਨ੍ਹਾਂ ਦਾ ਭਲਾ ਕਰਦਾ ਹੈ, ਉਸ ਨਾਲ ਵੀ ਬੁਰਾ ਵਿਹਾਰ ਕਰਦੇ ਹਨ। ਝੂਠੇ ਅਤੇ ਕਮੀਨੇ ਹਨ। ਭਾਰਤੀ ਔਰਤਾਂ ਦਾ ਵੀ ਕੋਈ ਚਰਿੱਤਰ ਨਹੀਂ ਹੈ। ਨੋਟਾਂ ਦੀ ਝਲਕ ਵਿਖਾਓ ਅਤੇ ਆਪਣੇ ਨਾਲ ਤੋਰ ਲਵੋ। ਇੰਡੀਆ ਦੇ ਲੋਕ ਗੰਦਗੀ ਹੰਢਾਉਣ ਦੇ ਆਦੀ ਹੋ ਚੁੱਕੇ ਹਨ।

ਪ੍ਰਸ਼ਨ : ਐਨ.ਆਰ.ਆਈ. ਭਾਰਤੀ ਚੈਰਿਟੀ ਸਰਵਿਸ ਬਾਰੇ ਕੀ ਦਸਦਾ ਹੈ?

ਉੱਤਰ : ਉਹ ਦਸਦਾ ਹੈ ਕਿ ਉਸਨੇ ਪਿਛਲੇ ਵਰ੍ਹੇ ਗ਼ਰੀਬ ਵਿਧਵਾਵਾਂ ਦੀ ਸ਼ਾਦੀ ਅਤੇ ਨੇਤਰਹੀਣਾਂ ਦੇ ਕੈਂਪ ਲਈ 25 ਹਜ਼ਾਰ ਪਾਊਂਡ ਭੇਜੇ ਸਨ। ਇਸ ਵਾਰ ਹੋਰ ਭੇਜੇਗਾ। ਇਕ ਸੁੰਦਰ ਵਿਧਵਾ ਨਾਲ ਉਸ ਦੇ ਜਿਨਸੀ ਸੰਬੰਧ ਵੀ ਹਨ, ਉਹ ਉਸਨੂੰ ਖ਼ੂਬ ਐਸ਼ ਕਰਵਾਉਂਦੀ ਹੈ। ਤੁਸੀਂ ਵੀ ਵਾਪਸ ਜਾ ਕੇ ਉਸ ਨੂੰ ਮਿਲ ਲੈਣਾ, ਤੁਹਾਨੂੰ ਵੀ ਐਸ਼ ਕਰਵਾ ਦੇਵੇਗੀ।

ਪ੍ਰਸ਼ਨ : ਕਵੀ ਦੇ ਅੰਦਰ ਕਿਸ ਗੀਤ ਦੀ ਧੁਨ ਬਣਨ ਲਗਦੀ ਹੈ?

ਉੱਤਰ : ਕਵੀ ਹਰ ਐਨ.ਆਰ.ਆਈ ਦੇ ਮੂੰਹੋਂ 'ਇੰਡੀਆ ਨਰਕ ਹੈ' ਦਾ ਫਿਕਰਾ ਏਨੀ ਵਾਰ ਸੁਣ ਲੈਂਦਾ ਹੈ ਕਿ ਉਸ ਦੇ ਮਨ ਅੰਦਰ ਇਸ ਗੀਤ ਦੀ ਧੁਨ ਬਣਨ ਲਗਦੀ ਹੈ: 'ਇੰਡੀਆ ਨਰਕ ਹੈ... ਬੱਲੇ ਬੱਲੇ! ਸ਼ਾਵਾ ਸ਼ਾਵਾ! ਕਿ ਇੰਡੀਆ ਨਰਕ ਹੈ।'

ਪ੍ਰਸ਼ਨ : ਕਵੀ ਦੇ ਅੰਦਰ ਬਣ ਰਹੇ ਗੀਤ ਦੀ ਧੁਨ ਕਿਉਂ ਉਲਝਣ ਲਗਦੀ ਹੈ?

ਉੱਤਰ : ਨੱਚਣ ਦੇ ਦੌਰਾਨ ਜਦੋਂ ਐਨ.ਆਰ.ਆਈ ਥੋਥਾ ਅਤੇ ਬਣਾਉਟੀ ਹਾਸਾ ਹੱਸਦੇ ਹਨ ਤਾਂ ਲੇਖਕ ਸਮਝ ਲੈਂਦਾ ਹੈ ਕਿ ਅਸਲ ਵਿਚ ਇਹ ਆਪਣਾ ਦੇਸ਼ ਛੱਡ ਕੇ ਉਦਾਸ ਹਨ। ਇਹ ਰੋ ਰਹੇ ਹਨ। ਉਨ੍ਹਾਂ ਦੀ ਇਸ ਹਕੀਕਤ ਨੂੰ ਜਾਣ ਕੇ ਕਵੀ ਦੇ ਅੰਦਰ ਬਣ ਰਹੇ ਗੀਤ ਦੀ ਧੁਨ ਉਲਝਣ ਲੱਗ ਪੈਂਦੀ ਹੈ। ਆਪਣਾ ਦੇਸ਼, ਆਪਣਾ ਹੀ ਹੁੰਦਾ ਹੈ। ਇਹ ਕਦੇ ਨਰਕ ਨਹੀਂ ਹੋ ਸਕਦਾ।

## 15. ਅਹੱਲਿਆ: ਵਨੀਤਾ

ਪ੍ਰਸ਼ਨ : ਅਹੱਲਿਆ ਕੌਣ ਸੀ?

ਉੱਤਰ : ਅਹੱਲਿਆ ਇਕ ਦੇਵ-ਕੰਨਿਆ ਸੀ, ਜਿਸ ਦੀ ਸਿਰਜਣਾ ਬ੍ਰਹਮਾ ਜੀ ਨੇ ਕੀਤੀ ਸੀ। ਉਹ ਅਤਿਅੰਤ ਸੁੰਦਰ ਸੀ। ਦੇਵਰਾਜ ਇੰਦਰ ਨੇ ਬ੍ਰਹਮਾ ਜੀ ਪਾਸ ਉਸ ਨੂੰ ਮੰਗ ਲਿਆ ਪਰ ਗੌਤਮ ਰਿਸ਼ੀ ਨੇ ਅਹੱਲਿਆ ਨੂੰ ਇੰਦਰ ਪਾਸ ਪਹੁੰਚਾਉਣ ਦੀ ਥਾਂ ਆਪਣੀ ਪਤਨੀ ਬਣਾ ਕੇ ਰੱਖ ਲਿਆ।

ਪ੍ਰਸ਼ਨ : ਗੌਤਮ ਰਿਸ਼ੀ ਨਦੀ-ਘਾਟ ਨਹਾਉਣ ਲਈ ਅੱਧੀ ਰਾਤ ਹੀ ਉੱਠ ਕੇ ਕਿਉਂ ਚਲਾ ਗਿਆ।

ਉੱਤਰ : ਗੌਤਮ ਰਿਸ਼ੀ ਦੇਵਰਾਜ ਇੰਦਰ ਦੀ ਸਾਜਿਸ਼ ਦੀ ਸ਼ਿਕਾਰ ਹੋ ਗਿਆ। ਇੰਦਰ, ਅਹੱਲਿਆ ਦੇ ਹੁਸਨ ਨੂੰ ਮਾਣਨਾ ਚਾਹੁੰਦਾ ਸੀ। ਉਸ ਨੇ ਚੰਦਰਮਾ ਨੂੰ ਆਪਣੇ ਨਾਲ ਮਿਲਾ ਲਿਆ। ਚੰਦਰਮਾ ਨੇ ਮੁਰਗਾ ਬਣ ਕੇ ਅੱਧੀ ਰਾਤ ਨੂੰ ਹੀ ਬਾਂਗ ਦੇ ਦਿੱਤੀ। ਗੌਤਮ ਨੇ ਸੋਚਿਆ ਸਵੇਰ ਹੋ ਗਈ ਹੈ। ਇਸ ਕਾਰਨ ਉਹ ਨਦੀ-ਘਾਟ ਉਪਰ ਨਹਾਉਣ ਲਈ ਕੁਟੀਆ ਤੋਂ ਰਵਾਨਾ ਹੋ ਗਿਆ।

ਪ੍ਰਸ਼ਨ : ਗੌਤਮ ਰਿਸ਼ੀ ਨੇ ਅਹੱਲਿਆ ਨੂੰ ਕੀ ਸਰਾਪ ਦਿੱਤਾ?

ਉੱਤਰ : ਗੌਤਮ ਰਿਸ਼ੀ ਨੇ ਸਰਾਪ ਦੇ ਕੇ ਅਹੱਲਿਆ ਨੂੰ ਪੱਥਰ ਦੀ ਮੂਰਤੀ ਬਣਾ ਦਿੱਤਾ। ਬਾਅਦ ਵਿਚ ਸ੍ਰੀ ਰਾਮ ਨੇ ਅਵਤਾਰ ਧਾਰਨ ਕਰ ਕੇ ਉਸਨੂੰ ਸਰਾਪ ਮੁਕਤ ਕੀਤਾ।

ਪ੍ਰਸ਼ਨ : ਅਹੱਲਿਆ ਇੰਦਰ ਨੂੰ ਕੀ ਆਖਦੀ ਹੈ?

ਉੱਤਰ : ਅਹੱਲਿਆ, ਇੰਦਰ ਨੂੰ ਸਮਝਾਉਂਦੀ ਹੈ ਕਿ ਧੋਖੇ (ਭੁਲੇਖੇ) ਨਾਲ ਔਰਤ ਦੇ ਤਨ ਨੂੰ ਤਾਂ ਪ੍ਰਾਪਤ ਕੀਤਾ ਜਾ ਸਕਦਾ ਹੈ, ਮਨ ਨੂੰ ਨਹੀਂ ਜਿੱਤਿਆ ਜਾ ਸਕਦਾ। ਪ੍ਰੇਮ ਦਾ ਅਰਥ ਮਨ ਦੀ ਪ੍ਰਾਪਤੀ ਹੈ, ਤਨ ਦੀ ਪ੍ਰਾਪਤੀ ਨਹੀਂ।

ਪ੍ਰਸ਼ਨ : ਅਹੱਲਿਆ ਗੌਤਮ ਨੂੰ ਕੀ ਆਖਦੀ ਹੈ?

ਉੱਤਰ : ਅਹੱਲਿਆ ਗੌਤਮ ਨੂੰ ਆਖਦੀ ਹੈ ਕਿ ਪਤੀ-ਪਤਨੀ ਦਾ ਰਿਸ਼ਤਾ ਵਿਸ਼ਵਾਸ ਉਪਰ ਟਿਕਿਆ ਹੁੰਦਾ ਹੈ। ਜੇ ਵਿਸ਼ਵਾਸ ਹੀ ਨਾ ਰਹੇ ਤਾਂ ਕੀ ਵਰ ਕੀ ਸਰਾਪ? ਫਿਰ ਤਾਂ ਦੋਵੇਂ ਬਿਗਾਨੇ ਹੋ ਜਾਂਦੇ ਹਨ ਅਤੇ ਬਿਗਾਨਿਆਂ ਨੂੰ ਸਰਾਪ ਦੇਣ ਦਾ ਕੀ ਅਰਥ।

## 16. ਮੈਂ ਸਮਾਂ ਹਾਂ: ਦਰਸ਼ਨ ਬੁੱਟਰ

ਪ੍ਰਸ਼ਨ : 'ਮੈਂ ਸਮਾਂ ਹਾਂ' ਤੋਂ ਕੀ ਭਾਵ ਹੈ?

ਉੱਤਰ : ਸਮਾਂ ਆਪਣੀ ਭਿਆਨਕਤਾ ਨੂੰ ਪ੍ਰਗਟ ਕਰ ਰਿਹਾ ਹੈ। ਉਹ ਬਹੁਤ ਬਲਵਾਨ ਹੈ ਅਤੇ ਹੁਣ ਉਹ ਅਜਿਹੇ ਦੌਰ ਵਿਚ ਪਹੁੰਚ ਗਿਆ ਹੈ ਜਦੋਂ ਮਨੁੱਖ ਦੀਆਂ ਕਦਰਾਂ-ਕੀਮਤਾਂ ਨੂੰ ਖੋਰਾ ਲੱਗ ਚੁੱਕਾ ਹੈ।

ਪ੍ਰਸ਼ਨ : ਸਮੇਂ ਅਨੁਸਾਰ ਮਨੁੱਖੀ ਰਿਸ਼ਤਿਆਂ ਵਿਚ ਕੀ ਪਰਿਵਰਤਨ ਆਏ ਹਨ?

ਉੱਤਰ : ਪੂੰਜੀਵਾਦੀ ਦੌਰ ਵਿਚ ਰਿਸ਼ਤਿਆਂ ਦੀ ਪਵਿੱਤਰਤਾ ਖ਼ਤਮ ਹੋ ਗਈ ਹੈ। ਹੁਣ ਸਾਰੇ ਰਿਸ਼ਤੇ ਸਵਾਰਥ ਉਪਰ ਨਿਰਭਰ ਹਨ। ਜੇ ਸਵਾਰਥ ਪੂਰਾ ਹੁੰਦਾ ਹੈ ਤਾਂ ਰਿਸ਼ਤਾ ਬਣਿਆ ਰਹਿੰਦਾ ਹੈ, ਨਹੀਂ ਤਾਂ ਖ਼ਤਮ ਹੋ ਜਾਂਦਾ ਹੈ।

ਪ੍ਰਸ਼ਨ : ਕਵਿਤਾ ਵਿਚ ਕਵੀ ਦੇ ਕੁਦਰਤ ਬਾਰੇ ਕੀ ਪ੍ਰਤੀਕਰਮ ਹਨ?

ਉੱਤਰ : ਆਧੁਨਿਕ ਮਨੁੱਖ ਨੇ ਕੁਦਰਤ ਨਾਲ ਛੇੜ-ਛਾੜ ਕਰ ਕੇ ਇਸ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਨਦੀਆਂ ਵਿਚੋਂ ਜਲ ਸੁੱਕ ਗਿਆ ਹੈ ਜਾਂ ਏਨਾ ਗੰਧਲਾ ਹੋ ਗਿਆ ਹੈ ਕਿ ਵਰਤੋਂ ਦੇ ਯੋਗ ਨਹੀਂ ਰਿਹਾ। ਰੁੱਖਾਂ ਦੀ ਛਾਂ ਨਹੀਂ ਰਹੀ, ਫਲ-ਫੁਲ ਝੜ ਰਹੇ ਹਨ। ਪਰਿੰਦਿਆਂ ਨੂੰ ਆਲ੍ਹਣਿਆਂ ਜੋਗੀ ਥਾਂ ਨਹੀਂ ਮਿਲਦੀ, ਉਹ ਫੜਕ-ਫੜਕ ਕੇ ਮਰਦੇ ਜਾ ਰਹੇ ਹਨ।

ਪ੍ਰਸ਼ਨ : 'ਮੈਂ ਸਮਾਂ ਹਾਂ' ਦੀ ਕਾਵਿ-ਸ਼ੈਲੀ ਬਾਰੇ ਚਾਨਣਾ ਪਾਓ?

ਉੱਤਰ : ਇਸ ਕਵਿਤਾ ਦੀ ਸ਼ੈਲੀ ਸੰਬੋਧਨਮਈ ਹੈ। ਕਵੀ ਮਨੁੱਖਾਂ ਨੂੰ ਸੰਬੋਧਨ ਕਰ ਕੇ ਆ ਚੁੱਕੇ ਅਤੇ ਆ ਰਹੇ ਯੁਗ ਦੀ ਭਿਆਨਕਤਾ ਬਾਰੇ ਦਸਦਾ ਹੈ। ਸ਼ੈਲੀ ਸੂਤਰਬੱਧ ਅਤੇ ਸੰਭਾਸ਼ਣਮਈ ਵੀ ਹੈ।

ਪ੍ਰਸ਼ਨ : 'ਅੱਗ ਖਾਣ ਵਾਲੇ ਕਦੋਂ ਤੋਂ ਤੁਰ ਗਏ' ਤੋਂ ਕੀ ਭਾਵ ਹੈ?

ਉੱਤਰ : ਇਸ ਕਥਨ ਤੋਂ ਕਵੀ ਦਾ ਭਾਵ ਹੈ ਕਿ ਉਹ ਲੋਕ ਜਿਨ੍ਹਾਂ ਨੇ ਆਮ ਲੋਕਾਂ ਨੂੰ ਰਾਹਤ ਅਤੇ ਸ਼ੀਤਲਤਾ ਪ੍ਰਦਾਨ ਕਰਨੀ ਸੀ, ਉਹ ਨਹੀਂ ਰਹੇ। ਉਹ ਇਸ ਜਹਾਨ ਨੂੰ ਛੱਡ ਕੇ ਬਹੁਤ ਸਮਾਂ ਪਹਿਲਾਂ ਰੁਖ਼ਸਤ ਹੋ ਗਏ ਸਨ। ਹੁਣ ਮਸੀਹੇ ਨਹੀਂ ਲੱਭਣੇ।

## 17. ਹੁਣ ਮਾਂ...: ਸੁਖਵਿੰਦਰ ਅੰਮ੍ਰਿਤ

ਪ੍ਰਸ਼ਨ : ਹੁਣ ਮਾਂ ਦੀ ਹਾਲਤ ਕੈਸੀ ਹੈ?

ਉੱਤਰ : ਹੁਣ ਮਾਂ ਬੁੱਢੀ ਹੋ ਗਈ ਹੈ। ਉਸ ਦੀਆਂ ਸੁੰਦਰ ਸੁਪਨੀਲੀਆਂ ਅੱਖਾਂ, ਐਨਕਾਂ ਦੇ ਮੋਟੇ ਸ਼ੀਸ਼ੀਆਂ ਦੇ ਪਿਛੇ ਛਿਪ ਗਈਆਂ ਹਨ। ਇਕ-ਇਕ ਕਰਕੇ ਉਸ ਨੇ ਆਪਣੀਆਂ ਸਾਰੀਆਂ ਧੀਆਂ ਦੇ ਵਿਆਹ ਕਰ ਦਿੱਤੇ ਹਨ ਅਤੇ ਹੁਣ ਉਹ ਵਿਹੜੇ ਵਿਚ ਬੈਠੀ ਆਪਣੀਆਂ ਧੀਆਂ ਦਾ ਇੰਤਜ਼ਾਰ ਕਰਦੀ ਰਹਿੰਦੀ ਹੈ।

ਪ੍ਰਸ਼ਨ : ਪਿਉ ਨੇ ਮਾਂ 'ਤੇ ਕਿਸ ਤਰ੍ਹਾਂ ਦੀਆਂ ਵਧੀਕੀਆਂ ਕੀਤੀਆਂ?

ਉੱਤਰ : ਪਿਉ ਨੇ ਮਾਂ ਦੀ ਕੋਮਲ ਵੀਣੀ ਨੂੰ ਮਰੋੜ-ਮਰੋੜ ਕੇ ਉਸ ਦੀਆਂ ਕੱਚ ਦੀਆਂ ਵੰਗਾਂ ਭੰਨ ਦਿੱਤੀਆਂ ਸਨ। ਕਈ ਵਾਰ ਉਸ ਦੀ ਲੰਮੀ ਭਾਰੀ ਗੁੱਤ ਨੂੰ ਪੱਟਿਆ ਸੀ। ਉਸ ਦੀ ਕੁੱਟ-ਮਾਰ ਕਰਨਾ ਉਸ ਦਾ ਰੋਜ਼ ਦਾ ਕੰਮ ਸੀ, ਜਿਸ ਦੇ ਨਿਸ਼ਾਨ ਉਹ ਆਪਣੇ ਚਿਹਰੇ ਉਪਰ ਘੁੰਡ ਕੱਢ ਕੇ ਛਿਪਾਉਂਦੀ ਰਹਿੰਦੀ ਸੀ।

ਪ੍ਰਸ਼ਨ : ਕਵਿੱਤਰੀ ਮਾਂ ਨਾਲ ਹਮਦਰਦੀ ਕਿਉਂ ਨਹੀਂ ਕਰਨਾ ਚਾਹੁੰਦੀ?

ਉੱਤਰ : ਕਵਿੱਤਰੀ ਸੋਚਦੀ ਹੈ ਕਿ ਉਸ ਦੀ ਮਾਂ ਇਕ ਕਮਜ਼ੋਰ ਔਰਤ ਸੀ ਜਿਹੜੀ ਆਪਣੇ ਸੁਪਨਿਆਂ ਨੂੰ ਟੁੱਟਣ ਤੋਂ ਨਾ ਬਚਾ ਸਕੀ। ਆਪਣੇ ਪਤੀ ਤੋਂ ਕੁੱਟ-ਮਾਰ ਖਾਂਦੀ ਰਹੀ। ਸ਼ਰਾਬੀ ਪਤੀ ਦੇ ਜ਼ੁਲਮ ਨੂੰ ਛਿਪਾਉਂਦੀ ਰਹੀ। ਜਿਸ ਨੇ ਆਪਣੇ ਮਨਪਸੰਦ ਗੀਤਾਂ ਦੀ ਕਾਪੀ ਨੂੰ ਬਿਖਰ ਜਾਣ ਦਿੱਤਾ। ਉਸ ਨੂੰ ਅਜਿਹੀ ਡਰਪੋਕ ਔਰਤ ਨਾਲ ਕੋਈ ਹਮਦਰਦੀ ਨਹੀਂ।

ਪ੍ਰਸ਼ਨ : ਮਾਂ ਦੀਆਂ ਕਿਹੜੀਆਂ ਗੱਲਾਂ ਕਵਿੱਤਰੀ ਨੂੰ ਗੁਨਾਹ ਜਾਪਦੀਆਂ ਹਨ?

ਉੱਤਰ : ਕਵਿੱਤਰੀ ਨੇ ਮਾਂ ਉਪਰ ਹੋਣ ਵਾਲੇ ਜ਼ੁਲਮ ਤੋਂ ਇਹ ਮਹਿਸੂਸ ਕੀਤਾ ਕਿ ਆਪਣੇ ਸੁੰਦਰ ਸੁਪਨਿਆਂ ਅਤੇ ਪਿਆਰੇ ਗੀਤਾਂ ਨੂੰ ਭੁੱਲ ਜਾਣਾ ਇਕ ਗੁਨਾਹ ਹੈ। ਆਪਣੀ ਪਿਆਰੀ ਗੁੱਤ ਨੂੰ ਸ਼ਰਾਬੀ ਪਤੀ ਹੱਥੋਂ ਬਾਰ-ਬਾਰ ਪੱਟੇ ਜਾਣ ਤੋਂ ਨਾ ਬਚਾ ਸਕਣਾ ਵੀ ਇਕ ਗੁਨਾਹ ਹੈ ਅਤੇ ਸੂਹੀ ਫੁਲਕਾਰੀ ਵਿਚ ਆਪਣੇ ਜੀਵਨ ਨੂੰ ਮਰ ਜਾਣ ਦੇਣਾ ਇਕ ਹੋਰ ਗੁਨਾਹ ਹੈ।

ਪ੍ਰਸ਼ਨ : ਕਵਿੱਤਰੀ ਮਾਂ ਦੀ ਗੀਤਾਂ ਵਾਲੀ ਕਾਪੀ ਦਾ ਕੀ ਕਰਨਾ ਚਾਹੁੰਦੀ ਹੈ?

ਉੱਤਰ : ਕਵਿੱਤਰੀ ਮਾਂ ਦੀ ਗੀਤਾਂ ਵਾਲੀ ਕਾਪੀ ਵਿਚ ਰੁਲ ਗਏ ਗੀਤਾਂ ਨੂੰ ਦੋਬਾਰਾ ਲਿਖਦੀ ਹੈ। ਹੁਣ ਇਨ੍ਹਾਂ ਗੀਤਾਂ ਵਿਚ ਤਰਲੇ ਜਾਂ ਹਾੜੇ ਨਹੀਂ ਹਨ ਬਲਕਿ ਅੰਗਿਆਰਾਂ ਵਰਗੇ ਭਖ਼ਦੇ ਬੋਲ ਹਨ। ਇਹ ਗੀਤ ਉਹ ਆਪਣੇ ਪਿਉ ਦੇ ਪਿਆਰਹੀਣ-ਰੁੱਖੇ ਹੱਥਾਂ ਵਿਚ ਰੱਖਣੇ ਚਾਹੁੰਦੀ ਹੈ, ਜਿਸ ਨੇ ਕਦੇ ਉਸਦੀ ਮਾਂ ਤੋਂ ਗੀਤਾਂ ਵਾਲੀ ਕਾਪੀ ਖੋਹ ਲਈ ਸੀ।

Type Setting :
Department of Distance Education, Punjabi University, Patiala.